# ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤਪ੍ਰਸਤੀ ਹੈ?



ਭਾਈ ਸਾਹਿਬ
ਰਣਧੀਰ ਸਿੰਘ


www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

# ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ
# ਬੁਤ ਪ੍ਰਸਤੀ ਹੈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ,
ਇਨ੍ਹਾਂ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਹੈ !

**ਭਾਈ ਸਾਹਿਬ ਰਣਧੀਰ ਸਿੰਘ**

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
੨੩-ਜੀ, ਸਰਾਭਾ ਨਗਰ, ਲੁਧਿਆਣਾ

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਗਿਆਰਵੀਂ ਵਾਰ ਜਨਵਰੀ ੨੦੦੨
ਬਾਰਵੀਂ ਵਾਰ ਮਾਰਚ ੨੦੦੪
੨੦੦੦ ਕਾਪੀ
ਮੁੱਲ : ੨੦-੦੦

ਪ੍ਰਕਾਸ਼ਕ :
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

ਪ੍ਰਿੰਟਰ : ਬ੍ਰਾਈਟ ਪ੍ਰਿੰਟਰਜ਼, ਜਲੰਧਰ

 www.sikhbookclub.com

# ਉਥਾਨਕਾ

(ਤੀਜੀ ਐਡੀਸ਼ਨ ਦੀ)

੧੯੦੨ ਈਸਵੀ ਦੇ ਮਾਰਚ-ਅਪ੍ਰੈਲ ਦੇ ਮਹੀਨਿਆਂ ਵਿਚ ਪੰਜਾਬ ਅੰਦਰ ਪਲੇਗ ਦੀ ਬੀਮਾਰੀ ਦਾ ਐਸਾ ਸਖ਼ਤ ਹਮਲਾ ਹੋਇਆ ਕਿ ਹਜ਼ਾਰਾਂ ਆਦਮੀ ਦਿਨਾਂ ਵਿਚ ਹੀ ਏਸ ਵਬਾ ਨਾਲ ਮੌਤ ਦਾ ਸ਼ਿਕਾਰ ਹੋ ਗਏ। ਉਸ ਸਾਲ ਪਲੇਗ ਦੀ ਰੋਕ ਲਈ ਸਰਕਾਰ ਨੇ ਇੰਗਲੈਂਡ ਤੋਂ ਬਹੁਤ ਸਾਰੇ ਡਾਕਟਰ ਮੰਗਾ ਕੇ ਅੱਡੋ-ਅੱਡ ਜ਼ਿਲ੍ਹਿਆਂ ਵਿਚ ਉਹਨਾਂ ਨੂੰ ਡਿਊਟੀਆਂ ਪਰ ਥਾਪ ਦਿੱਤਾ। ਇਹ ਡਾਕਟਰ ਲੋਕ ਹਿੰਦੁਸਤਾਨ ਦੀਆਂ ਬੋਲੀਆਂ ਤੋਂ ਅਨਜਾਣ ਸਨ ਤੇ ਸਿਰਫ਼ ਅੰਗਰੇਜ਼ੀ ਬੋਲੀ ਹੀ ਸਮਝਦੇ ਸਨ। ਇਨ੍ਹਾਂ ਦੇ ਸੌਖ ਤੇ ਸਹਾਇਤਾ ਲਈ ਹਰ ਜ਼ਿਲ੍ਹੇ ਵਿਚ ਤਸੀਲਦਾਰ ਜਾਂ ਨਾਇਬ ਤਸੀਲਦਾਰ ਦੇ ਔਹਦੇ ਵਾਲੇ ਅੰਗਰੇਜ਼ੀ ਬੋਲੀ ਜਾਣਨ ਵਾਲੇ ਪੰਜਾਬੀ-ਅਫ਼ਸਰ ਡਿਪਟੀ ਕਮਿਸ਼ਨਰਾਂ ਵਲੋਂ ਇਨ੍ਹਾਂ ਦੇ ਨਾਲ ਸਹਾਇਕ (Personal Assistant) ਵਜੋਂ ਲਾਏ ਗਏ, ਤਾਕਿ ਇਹ ਲੋਕ ਪੰਜਾਬ ਦੇਸ਼ ਦੇ ਰਸਮ ਰਿਵਾਜ ਨੂੰ ਸਮਝ ਕੇ ਆਪਣਾ ਪਲੇਗ ਨੂੰ ਰੋਕਣ ਵਾਲਾ ਕੰਮ ਸੁਖੈਨਤਾ ਨਾਲ ਨਿਭਾ ਸਕਣ। ਇਹਨਾਂ ਦਾ ਬਹੁਤਾ ਕੰਮ ਪਲੇਗ ਰੋਕਣ ਲਈ ਪਿੰਡਾਂ ਵਿਚ ਜਾ ਕੇ ਟੀਕੇ ਕਰਨਾ ਹੀ ਸੀ।

ਉਸ ਜ਼ਮਾਨੇ ਵਿਚ ਲੋਕਾਂ ਦੇ ਟੀਕੇ ਲਵਾਉਣਾ ਵੀ ਖ਼ਾਸ ਹਿੰਮਤ ਤੇ ਪ੍ਰੇਰਨਾ ਦਾ ਕੰਮ ਸੀ ਕਿਉਂਕਿ ਲੋਕ ਬਹੁਤ ਘਬਰਾਏ ਹੋਏ ਸਨ। ਐਥੋਂ ਤਕ ਕਿ ਲੋਕੀਂ ਆਪਣੇ ਬੀਮਾਰ ਰਿਸ਼ਤੇਦਾਰਾਂ ਨੂੰ ਛੱਡ ਕੇ ਭੱਜ ਜਾਂਦੇ ਸਨ ਤੇ ਮੁਰਦੇ ਰੁਲਦੇ ਰਹਿੰਦੇ ਸਨ।

ਜ਼ਿਲ੍ਹਾ ਲੁਧਿਆਣਾ ਵਿਚ ਜੋ ਅੰਗਰੇਜ਼ ਡਾਕਟਰ ਪਲੇਗ ਇਨਾਕੁਲੇਟਿੰਗ ਮਹਿਕਮੇ ਵਿਚ ਸਨ, ਉਹਨਾਂ ਵਿਚੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਅੱਲਕ ਡਾਕਟਰ ਡਾਬ ਤੇ ਡਾਕਟਰ ਫਿਸ਼ਰ ਨਾਲ ਹੀ ਰਿਹਾ ਸੀ। ਭਾਈ ਸਾਹਿਬ ਨੂੰ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਨਾਇਬ ਤਸੀਲਦਾਰ ਨੀਯਤ ਕਰ ਕੇ ਡਾਕਟਰ ਫਿਸ਼ਰ ਦਾ ਪਰਸਨਲ ਅਸਿਸਟੈਂਟ (ਸਹਾਇਕ) ਮੁਕੱਰਰ ਕਰ ਦਿੱਤਾ ਸੀ। ਏਸ ਡਾਕਟਰ ਫਿਸ਼ਰ ਦੀ ਭਾਈ ਸਾਹਿਬ ਨਾਲ ਅਕਸਰ ਧਾਰਮਿਕ ਵਿਸ਼ਿਆਂ ਪਰ ਵਿਚਾਰ-ਚਰਚਾ ਹੁੰਦੀ ਰਹਿੰਦੀ ਸੀ। ਏਸੇ ਵਿਚਾਰ-ਚਰਚਾ ਦੇ ਸਿਲਸਿਲੇ ਵਿਚ ਹੀ 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ?' ਵਾਲਾ ਪ੍ਰਕਰਣ ਜ਼ੇਰਿ ਬਹਿਸ ਆਇਆ ਸੀ ਤੇ ਇਹ ਸਾਰੀ ਵਿਚਾਰ ਪਿੰਡ ਖੇੜੀ ਨੌਧ ਸਿੰਘ ਤਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਮੁਕਾਮ ਪਰ ਉਪਰ ਦੱਸੇ ਦੋਹਾਂ ਡਾਕਟਰਾਂ ਨਾਲ ਹੋਈ, ਜਿਸ ਦਾ ਜ਼ਿਕਰ ਭਾਈ ਸਾਹਿਬ ਜੀ ਨੇ *ਜੇਲ੍ਹ ਚਿੱਠੀਆਂ* ਦੇ ਦੂਜੇ ਹਿੱਸੇ ਦੇ 'ਨਾਇਬ ਤਸੀਲਦਾਰੀ ਦੇ ਸਮੇਂ' ਵਾਲੇ ਪ੍ਰਸੰਗ ਵਿਚ ਕੀਤਾ ਹੈ। ਏਸ ਵਿਚਾਰ ਨੂੰ ਪੁਸਤਕ ਦੀ ਸ਼ਕਲ ਵਿਚ ਲਿਆਉਣ ਦੀ ਪ੍ਰੇਰਨਾ ਵੀ ਡਾਕਟਰ ਫਿਸ਼ਰ ਨੇ ਹੀ ਕੀਤੀ ਸੀ। ਦੋਹਾਂ ਡਾਕਟਰਾਂ ਨਾਲ ਵਿਚਾਰ ਤਾਂ ਭਾਵੇਂ ਅੰਗਰੇਜ਼ੀ ਬੋਲੀ ਵਿਚ ਹੀ ਹੋਈ ਸੀ, ਪਰ ਇਸ ਨੂੰ ਪੰਜਾਬੀ ਬੋਲੀ ਵਿਚ ਹੀ ਲਿਖਿਆ ਗਿਆ ਤੇ ੧੯੦੩ ਈਸਵੀ ਵਿਚ ਭਾਈ ਸਾਹਿਬ ਨੇ ਏਸ ਵਿਚਾਰ ਨੂੰ ਪੁਸਤਕ ਦੀ ਸ਼ਕਲ ਵਿਚ ਲਿਆਂਦਾ। ਪ੍ਰਸ਼ਨੋਤਰੀ ਵਿਚ ਡਾਕਟਰ ਫਿਸ਼ਰ ਵਾਸਤੇ 'ਡਾਕਟਰ' ਤੇ ਭਾਈ ਸਾਹਿਬ ਨੇ ਆਪਣੇ ਲਈ 'ਸਿੰਘ' ਲਫ਼ਜ਼ ਵਰਤਿਆ ਹੈ। ਫੇਰ

ਗੁਰਪੁਰ ਨਿਵਾਸੀ ਸਰਦਾਰ ਜੋਗਿੰਦਰ ਸਿੰਘ ਜੀ ਪਟਿਆਲਾ ਜੋ ਉਦੋਂ ਪਟਿਆਲੇ ਗੋਲਕ ਮਫ਼ਸਰ ਲੱਗੇ ਹੋਏ ਸਨ, ਦੀ ਹਿੰਮਤ ਨਾਲ ਇਹ ਪੁਸਤਕ ੧੯੧੦ ਈਸਵੀ ਵਿਚ ਪਹਿਲੀ ਵਾਰ ਛਪੀ। ੧੯੨੩ ਈਸਵੀ ਵਿਚ ਫੇਰ ਇਸ ਦੀ ਦੂਜੀ ਐਡੀਸ਼ਨ ਪ੍ਰਕਾਸ਼ਤ ਹੋਈ। ਪਹਿਲੀ ਐਡੀਸ਼ਨ ਵਿਚ ਕਰਤਾ ਦਾ ਨਾਮ ਗੁਪਤ ਹੀ ਰੱਖਿਆ ਗਿਆ ਸੀ। ਪਰ ਦੂਜੀ ਐਡੀਸ਼ਨ ਵਿਚ ਨਾਮ ਪ੍ਰਗਟ ਕਰ ਦਿੱਤਾ ਸੀ। ਕਈ ਸੱਜਣ ਇਸ ਨੂੰ ਮੁੜ ਛਾਪਣ ਦੀ ਪ੍ਰੇਰਨਾ ਕਰ ਰਹੇ ਸਨ।

ਸੋ ਭਾਈ ਸਾਹਿਬ ਜੀ ਦੀ ਇਹ ਪੁਸਤਕ ਯੋਗ ਸੁਧਾਈ ਭਾਈ ਸਾਹਿਬ ਪਾਸੋਂ ਕਰਵਾ ਕੇ ਪ੍ਰਕਾਸ਼ਤ ਕੀਤੀ ਗਈ ਹੈ। ਪੁਸਤਕ ਰਚਨਾ ਦੇ ਸਿਲਸਿਲੇ ਵਿਚ ਭਾਈ ਸਾਹਿਬ ਦੀ ਇਹ ਸਭ ਤੋਂ ਪਹਿਲੀ ਪੁਸਤਕ ਹੈ। ਇਸ ਪੁਸਤਕ ਨੂੰ ਪੜ੍ਹ ਕੇ ਸ. ਗੁਰਪਾਲ ਸਿੰਘ ਜੀ (ਲੰਡਨ) ਚੱਕ ਨੂਰਪੁਰ ਜ਼ਿਲ੍ਹਾ ਲਾਇਲਪੁਰ ਹਾਲ ਆਡੀਟਰ ਅੰਮ੍ਰਿਤਸਰ ਜੋ ਇਕ ਵਿਚਾਰਸ਼ੀਲ ਤੇ ਖੋਜੀ ਸੱਜਣ ਹਨ, ਨੇ ਇਹ ਖ਼ਿਆਲ ਪ੍ਰਗਟ ਕੀਤਾ ਸੀ ਕਿ ਏਸ ਪੁਸਤਕ ਵਿਚ ਨਾਲ ਲਗਦੇ ਹੀ ਇਹ ਨਿਰਣਾ ਵੀ ਭਾਈ ਸਾਹਿਬ ਤੋਂ ਦਰਜ ਕਰਵਾਉਣਾ ਚਾਹੀਦਾ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਕਿਵੇਂ ਹਨ ? ਸੋ ਇਸ ਗੱਲ ਦਾ ਲੋੜੀਂਦਾ ਨਿਰਣਾ ਵੀ ਪੁਸਤਕ ਦੇ ਅਖ਼ੀਰ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ' ਦੇ ਸਿਰਲੇਖ ਹੇਠ ਦਰਜ ਹੈ। ਇਸ ਪੁਸਤਕ ਵਿਚ ਦੋ ਪ੍ਰਕਰਣ ਹਨ।

੧. ਗੁਣੀ ਤੇ ਗੁਣ ਅਭੇਦ ਹੁੰਦੇ ਹਨ। ਗੁਰਬਾਣੀ ਅਕਾਲ ਪੁਰਖ ਦੇ ਗੁਣ ਹਨ। ਇਸ ਲਈ ਗੁਰਬਾਣੀ ਦਾ ਸਮੂਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਨਹੀਂ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਨਹੀਂ ਸਗੋਂ ਅਕਾਲ ਪੁਰਖ ਦੀ ਪੂਜਾ ਹੈ।

੨. ਇਹ ਕਿ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਬਿਆਨ ਡੈਸਕ੍ਰਿਪਸ਼ਨ ਨਹੀਂ, ਬਲਕਿ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹੈ। ਇਹ ਮਜ਼ਮੂਨ ਖ਼ਾਸ ਗੂੜ੍ਹ ਭਾਵ ਤੇ ਦਿਲਚਸਪੀ ਵਾਲਾ ਹੈ। ਪੁਸਤਕ ਸਵਾਲ ਜਵਾਬ ਦੇ ਢੰਗ ਪਰ ਲਿਖੀ ਹੋਣ ਕਰ ਕੇ ਸੁਆਦਲੀ ਤੇ ਸਮਝਣ ਲਈ ਖ਼ਾਸ ਕਠਿਨ ਨਹੀਂ, ਭਾਵੇਂ ਵਿਚਾਰ ਮੰਤਕ ਤੇ ਫ਼ਲਸਫ਼ੇ ਵਾਲੀ ਹੈ।

ਇਸ ਪੁਸਤਕ ਦੀਆਂ ਪਹਿਲੀਆਂ ਐਡੀਸ਼ਨਾਂ ਨੇ ਕਈਆਂ ਦੇ ਸ਼ੰਕੇ ਨਿਵਿਰਤ ਕੀਤੇ ਸਨ ਤੇ ਕਈਆਂ ਨੂੰ ਗੁਰਬਾਣੀ ਦੇ ਅਨਿਨ ਸ਼ਰਧਾਲੂ ਬਣਾਇਆ ਸੀ। ਕਈ ਤਾਂ ਉਨ੍ਹਾਂ ਵਿਚ ਅਜਿਹੇ ਵੀ ਸਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਵੀ ਪਸੰਦ ਨਹੀਂ ਕਰਦੇ ਸਨ। ਹੁਣ ਵੀ ਆਸ ਹੈ ਕਿ ਇਸ ਪੁਸਤਕ ਤੋਂ ਬਹੁਤਿਆਂ ਨੂੰ ਲਾਭ ਪਹੁੰਚੇਗਾ। ਬਹੁਤ ਸਾਰੇ ਗੁਰੂ ਘਰ ਦੇ ਮੁਤਲਾਸ਼ੀਆਂ ਨੂੰ ਗੁਰੂ ਘਰ ਦੀ ਖੋਜ ਲਈ ਰਹਿਨੁਮਾਈ ਪ੍ਰਾਪਤ ਹੋਵੇਗੀ।

ਸੰਗਤਾਂ ਦਾ ਹਿਤ ਚਿੰਤਕ :

**ਨਾਹਰ ਸਿੰਘ ਗਜਾਨੀ**

ਗੁਜਰਵਾਲ (ਲੁਧਿਆਣਾ)

ਸ਼ੁਕਰਵਾਰ ੧੨ ਅਪ੍ਰੈਲ ੧੯੪੦ ਈਸਵੀ

੧ ਵੈਸਾਖ ਸੰਮਤ ੧੯੯੭ ਬਿ:

# ਅੱਠਵੀਂ ਐਡੀਸ਼ਨ

ਪੁਸਤਕ ਅੱਠਵੀਂ ਵਾਰ ਜੂਨ ੧੯੮੧ ਵਿਚ ਛਾਪੀ ਗਈ ਹੈ। ਪਹਿਲੀ ਵਾਰ ੧੯੧੦ ਵਿਚ, ਦੂਜੀ ਵਾਰ ੧੯੨੩ ਵਿਚ, ਤੀਜੀ ਵਾਰ ਅਪ੍ਰੈਲ ੧੯੪੦ ਵਿਚ, ਚੌਥੀ ਵਾਰ ਤੋਂ ਪਿਛੋਂ ਪੰਜਵੀਂ ਵਾਰ ਅਕਤੂਬਰ ੧੯੫੦ ਵਿਚ, ਛੇਵੀਂ ਵਾਰ ੧੯੬੭ ਵਿਚ ਅਤੇ ਸੱਤਵੀਂ ਵਾਰ ਪੁਸਤਕ ਫ਼ਰਵਰੀ ੧੯੭੬ ਵਿਚ ਛਪੀ ਸੀ।

ਕੀਮਤ ਲਾਗਤ ਮਾਤਰ ਹੀ ਰੱਖੀ ਗਈ ਹੈ।

੧੨੬, ਮਾਡਲ ਟਾਊਨ, ਲੁਧਿਆਣਾ
੧ ਜੂਨ, ੧੯੮੧

**ਬਲਬੀਰ ਸਿੰਘ**
ਪ੍ਰਕਾਸ਼ਕ

## ਗੋਂਡ ਮਹਲਾ ੫

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥
ਸਰਬ ਪੂਜ ਚਰਨ ਗੁਰ ਸੇਉ ॥੧॥
ਗੁਰ ਬਿਨੁ ਅਵਰੁ ਨਾਹੀਂ ਮੈ ਥਾਉ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥
ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥
ਗੁਰੂ ਬਿਨਾ ਮੈ ਨਾਹੀ ਹੋਰੁ ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥
ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥
ਗੁਰੁ ਪੂਰਾ ਪਾਈਐ ਵਡਭਾਗੀ ॥
ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥
ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਅਕਾਲ ਪੁਰਖ ਦੀ ਸੱਚੀ ਪ੍ਰਸਤਿਸ਼ ਹੈ, ਬੁਤ ਪ੍ਰਸਤੀ ਨਹੀਂ !

(ਇਸ ਵਿਸ਼ੇ ਪ੍ਰਥਾਇ ਦੋ ਅੰਗਰੇਜ਼ ਡਾਕਟਰਾਂ ਨਾਲ ਗੋਸ਼ਟ[1])

ਜਦੋਂ ਪਹਿਲੀ ਹੀ ਪਲੇਗ ਪੰਜਾਬ ਵਿਖੇ ਪੈਣ ਸਾਰ ਇਸ ਦੇਸ਼ ਵਿਖੇ ਹਫੜਾ-ਤਫੜੀ ਪੈ ਗਈ ਅਤੇ ਸਰਕਾਰ ਅੰਗਰੇਜ਼ੀ ਅਰਥਾਤ ਗਵਰਨਮੈਂਟ ਨੇ ਇਸ ਅਨਹੋਣੀ ਨਾਘਾ ਬਲਾ ਦੇ ਦੂਰ ਕਰਨ ਹਿੱਤ ਅਨੇਕ ਪ੍ਰਕਾਰ ਦੇ ਉਪਾਵ ਸੋਚਦੇ ਹੋਏ ਵਲਾਇਤ ਤੋਂ ਬਹੁਤ ਸਾਰੇ ਡਾਕਟਰ ਮੰਗਾ ਕੇ ਅੱਡੋ-ਅੱਡੀ ਜ਼ਿਲ੍ਹਿਆਂ ਵਿਖੇ ਥਾਓਂ ਥਾਈਂ ਪਲੇਗ ਮੈਡੀਕਲ ਆਫ਼ੀਸਰ ਥਾਪ ਦਿੱਤੇ, ਤਾਂ ਇਹਨਾਂ ਨਵੀਨ ਵਲਾਇਤੀ ਡਾਕਟਰਾਂ ਵਿੱਚੋਂ ਇਕ ਪਲੇਗ ਮੈਡੀਕਲ ਆਫ਼ੀਸਰ ਦੀ ਡਿਊਟੀ ਆਰੰਭਣ ਤੋਂ ਇਕ ਮਹੀਨਾ ਪਸ਼ਚਾਤ ਹੀ ਇਕ ਸਿੱਖ ਸਹਾਇਕ ਸਰਕਾਰ ਵੱਲੋਂ ਮਿਲ ਗਿਆ, ਜਿਸ ਨੂੰ ਉਸ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਉਕਤ ਪਲੇਗ ਮੈਡੀਕਲ ਆਫ਼ੀਸਰ ਦਾ ਪਰਸਨਲ ਅਸਿਸਟੈਂਟ (Personal Assistant) ਨੀਯਤ ਕਰ ਕੇ ਭੇਜਣ ਸਮੇਂ ਕਈ ਪ੍ਰਕਾਰ ਦੀਆਂ ਹਦਾਇਤਾਂ ਕੀਤੀਆਂ, ਜਿਨ੍ਹਾਂ ਵਿਚੋਂ ਮੁੱਖ ਹਦਾਇਤ ਇਹ ਸੀ :

'ਡੇਖੋ ਪਲੇਗ ਮੈਡੀਕਲ ਆਫ਼ੀਸਰ ਜਿਸ ਕੇ ਮਾਟੈਹਟ ਤੁਮ ਜਾਟੇ ਹੋ, ਏਕ ਬਿਲਕੁਲ ਨਿਆ ਆਦਮੀ ਹੈ ਔਰ ਪੰਜਾਬੀ ਵਾ ਉਰਡੂ ਵਗੈਰਾ ਕੋਈ ਡੇਸੀ ਜ਼ਬਾਨ ਨਹੀਂ ਜਾਨਟਾ। ਉਸ ਕੋ ਹਰੇਕ ਬਾਟ ਅੰਗਰੇਜ਼ੀ ਮੇਂ ਅਚੀ ਤਰਾਂ ਸਮਝਾ ਡੇਨਾ ਔਰ ਇਸ ਡੇਸ ਕੇ ਰਸਮੋ ਰਵਾਜ ਸੇ ਵਾਕਫ ਕਰ ਡੇਨਾ ਟੁਮਾਰਾ ਸਭ ਸੇ ਪਹਿਲਾ ਫਰਜ਼ ਹੋਗਾ।' ਓਧਰ ਡਾਕਟਰ (Plague Medical Officer) ਨੂੰ ਵੀ ਉਕਤ ਡਿਪਟੀ ਕਮਿਸ਼ਨਰ ਨੇ ਉਸ ਦੀ ਡਿਊਟੀ ਸੰਭਾਲਣ ਸਮੇਂ ਇਹ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ 'ਹਮ ਜੋ ਆਪ ਕਾ ਪਰਸਨਲ ਅਸਿਸਟੈਂਟ ਮੁਕਰਰ ਕਰੇਂਗੇ, ਆਪ ਨੇ ਉਸ ਕੀ ਹਰ ਅਮਰ ਮੇ ਸਲਾਹ ਲੇਕਰ ਚਲਨਾ ਹੋਗਾ, ਚੂੰਕਿ ਆਪ ਇਸ ਦੇਸ ਕੇ ਰਸਮੋ ਰਵਾਜ ਸੇ ਵਾਕਫ ਨਹੀਂ ਇਸ ਲੀਏ ਆਪ ਕੋ ਅਪਨੇ ਪਰਸਨਲ ਅਸਿਸਟੈਂਟ ਕੇ ਇਸ਼ਾਰੇ ਮੁਜਬ ਚਲਨਾ ਹੋਗਾ।'

---

੧. ਇਹ ਵਿਚਾਰ ਗੋਸ਼ਟੀ ਭਾਈ ਸਾਹਿਬ ਰਣਧੀਰ ਸਿੰਘ ਅਤੇ ਦੋ ਅੰਗਰੇਜ਼ ਡਾਕਟਰਾਂ (Medical Officers) ਵਿਚਕਾਰ ੧੯੦੨-੦੩ ਵਿਚ ਹੋਈ ਜਿਸਨੂੰ ਕਿ ਭਾਈ ਸਾਹਿਬ ਨੇ ੧੯੦੩ ਈਸਵੀ ਵਿਚ ਪੁਸਤਕ ਦੀ ਸ਼ਕਲ ਵਿਚ ਲਿਆਂਦਾ। ਪ੍ਰਸ਼ਨੋਤਰੀ ਵਿਚ ਭਾਈ ਸਾਹਿਬ ਨੇ ਆਪਣੇ ਲਈ 'ਸਿੰਘ' ਲਫ਼ਜ਼ ਵਰਤਿਆ ਹੈ।



www.sikhbookclub.com

ਜਦੋਂ ਸਿੰਘ ਹੋਰੀਂ ਡਿਪਟੀ ਕਮਿਸ਼ਨਰ ਦਾ ਮਿਲਾਪ ਪੱਤਰ (Introductory Letter) ਲੈ ਕੇ ਪਲੇਗ ਮੈਡੀਕਲ ਆਫ਼ੀਸਰ ਦੇ ਪਾਸ ਗਏ ਤਾਂ ਪਰਸਪਰ ਮੇਲ ਮਿਲਾਪ ਦੇ ਪਸ਼ਚਾਤ ਖ਼ੂਬ ਗੂੜ੍ਹੀ ਮੁਲਾਕਾਤ ਇਕ ਦਿਨ ਵਿਚ ਹੀ ਹੋ ਗਈ ਅਤੇ ਥੋੜ੍ਹੇ ਦਿਨਾਂ ਵਿਚ ਹੀ ਇਸ ਪ੍ਰਕਾਰ ਦਾ ਭਰੋਸਾ ਇਕ ਦੂਜੇ ਉੱਤੇ ਬੱਝ ਗਿਆ ਕਿ ਆਪਣੀ ਸਾਂਝੀ ਸੇਵਾ ਵਿਖੇ ਅਨਦਿਨ ਘਿਉ-ਖਿਚੜੀ ਹੀ ਰਹਿੰਦੇ ਸਨ ਅਤੇ ਡਾਕਟਰ ਅਰਥਾਤ ਪਲੇਗ ਮੈਡੀਕਲ ਆਫ਼ੀਸਰ ਨੂੰ ਉਸ ਦੇ ਸਿੰਘ ਅਸਿਸਟੈਂਟ ਪਾਸੋਂ ਇਸ ਪ੍ਰਕਾਰ ਦੀ ਸਹਾਇਤਾ ਮਿਲੀ ਕਿ ਡਾਕਟਰ ਹੋਰਾਂ ਦੀ ਸੇਵਾ (Duty) ਅਤਿਅੰਤ ਸੁਗਮ ਨਿਭਣ ਲੱਗ ਪਈ। ਪਰੰਤੂ ਦੇਸੀ ਬੋਲੀ ਤੋਂ ਉੱਕਾ ਸੁੰਞਾ ਅਤੇ ਅਸੂਝ ਹੋਣ ਕਰਕੇ ਡਾਕਟਰ ਹੋਰਾਂ ਨੂੰ ਆਪਣੇ ਸਹਾਇਕ (Assistant) ਦੀ ਸਹਾਇਤਾ ਦੀ ਹਰ ਵੇਲੇ ਅਤੇ ਹਰ ਕੰਮ ਵਿਚ ਲੋੜ ਬਣੀ ਰਹਿੰਦੀ ਅਤੇ ਉਸ ਦੀ ਅਧੀਨਤਾ ਦੇ ਹੇਠਾਂ ਹੀ ਰਹਿਣਾ ਪੈਂਦਾ, ਐਥੋਂ ਤਕ ਕਿ ਡਾਕਟਰ ਦੇ ਨਿੱਜ ਦੇ ਘਰੋਗੀ ਪ੍ਰਬੰਧ ਵੀ ਸਿੰਘ ਜੀ ਦੇ ਰਾਹੀਂ ਹੀ ਨਜਿੱਠੇ ਜਾਂਦੇ। ਗੱਲ ਕੀ ਇਸ ਪ੍ਰਕਾਰ ਦੀ ਹਮਦਰਦੀ ਜੋ ਪਰਸਪਰ ਰਹਿਣੀ ਬਹਿਣੀ ਅੰਦਰ ਹੋਣ ਲੱਗ ਪਈ ਤਾਂ ਅਨੇਕ ਵਾਰ ਵਿਹਲ ਦੇ ਸਮੇਂ ਧਾਰਮਿਕ ਵਿਸ਼ੇ ਉੱਤੇ ਭੀ ਪਰਸਪਰ ਚਰਚਾ ਹੋਣ ਲੱਗ ਪੈਂਦੀ ਸੀ। ਕਈ ਵਾਰ ਫ਼ਿਲਾਸਫ਼ਾਨਾ ਵਿਚਾਰ ਕਰਦਿਆਂ ਹੋਇਆਂ ਵੀ ਵਿਹਲ ਦੀਆਂ ਘੜੀਆਂ ਲੰਘਣੀਆਂ। ਸਿੰਘ ਹੋਰਾਂ ਨਾਲ ਡਾਕਟਰ ਜੀ ਦੀ ਐਥੋਂ ਤਾਈਂ ਬੁੱਕਲ ਖੁੱਲ੍ਹ ਗਈ ਕਿ ਆਪਣੀ ਨਿੱਜ ਬ੍ਰਿਤੀ ਦੇ ਭੇਦ ਭੀ ਨਿਧੜਕ ਹੋ ਕੇ ਆਪਣੇ ਸਹਾਇਕ ਪਾਸ ਪ੍ਰਗਟ ਕਰਨੋਂ ਡਾਕਟਰ ਹੋਰੀਂ ਸੰਕੋਚ ਨਹੀਂ ਕਰਿਆ ਕਰਦੇ ਸਨ। ਰਾਹ ਜਾਂਦਿਆਂ, ਦੌਰਾ ਕਰਦਿਆਂ ਵੀ ਕਈ ਵਾਰ ਬੜੀ ਗੰਭੀਰ ਅਤੇ ਗਹਿਰੀ ਵਿਚਾਰ ਦੇ ਵਿਸ਼ੇ (Topics) ਛਿੜ ਪੈਣੇ।

ਇਕ ਵਾਰ ਦੌਰਾ ਕਰਦੇ ਕਰਦੇ ਇਕ ਪਿੰਡ ਵੱਲ ਨੂੰ ਲੋਦਾ ਲਾਉਣ (Plague Inoculation) ਲਈ ਜਾ ਰਹੇ ਸਨ। ਡਾਕਟਰ ਨੇ ਘੋੜਾ ਤ੍ਰਾਟ ਸਿਟ ਲਿਆ ਅਤੇ ਆਪਣੇ ਸਹਾਇਕ ਨੂੰ ਕਹਿ ਦਿੱਤਾ ਕਿ ਘੋੜਾ ਬਰਾਬਰ ਕਰਕੇ ਤ੍ਰਾਟ ਛੱਡ ਦਿਉ। ਪਿੱਛੇ ਕੋਈ ਦਰਜਨ ਖ਼ੁਸ਼ਾਮਦੀ ਟੱਟੂਆਂ ਦੀ ਭਾਜੜ ਪੈਂਦੀ ਚਲੀ ਆਉਂਦੀ ਸੀ ਜੈਸਾ ਕਿ ਇਸ ਦੇਸ਼ ਵਿਚ ਭੈੜਾ ਰਿਵਾਜ ਹੈ ਕਿ ਅਕਸਰ ਜ਼ੈਲਦਾਰ ਸਫ਼ੈਦ ਪੋਸ਼ ਆਦਿਕ ਦੋ ਉਂਗਲ ਨੇਕ ਨਾਮੀ ਦਾ ਪਰਚਾ ਲੈਣ ਖ਼ਾਤਰ ਅਫ਼ਸਰਾਂ ਦੇ ਮਗਰ ਕਈ ਕਈ ਦਿਨ ਪੂਣੀਆਂ ਵੱਟਦੇ ਫਿਰਦੇ ਰਹਿੰਦੇ ਹਨ ਅਤੇ ਹਟਾਏ ਤੇ ਵੀ ਨਹੀਂ ਹਟਦੇ। ਇਸੇ ਤ੍ਰਾਟ ਬਾਜ਼ੀ ਵਿਖੇ ਇਕ ਪਿੰਡ ਵਿਚਕਾਰ ਆ ਗਿਆ, ਪਰੰਤੂ ਤ੍ਰਾਟ ਅਜੇ ਵੀ ਪਿੰਡ ਵਿਚ ਹੀ ਲੰਘਦਿਆਂ ਜਾਰੀ ਰਿਹਾ। ਪਿੰਡ ਦੇ ਲਾਂਭੇ ਦੀ ਜੋ ਚੌੜਾ ਰਸਤਾ ਵਗ ਰਿਹਾ ਸੀ, ਐਨ ਉਸ ਉੱਤੇ ਤ੍ਰਾਟ ਦੇ ਵੇਗ ਵਿਚ ਵਹਿ ਰਿਹਾ ਸਿੰਘ ਅਚਾਨਕ ਕੀ ਦੇਖਦਾ ਹੈ ਕਿ ਇਕ ਰਹਿਤੀਏ ਭਾਈ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਪਾਠ ਆਰੰਭਿਆ ਹੋਇਆ ਹੈ। ਸਿੰਘ ਹੋਰਾਂ ਦੀ ਨਿਗਾਹ ਇਧਰ ਪੈਣੀ ਹੀ ਸੀ ਕਿ ਇਹ ਖ਼ਿਆਲ ਹੀ ਨਾ ਰਿਹਾ ਕਿ ਮੈਂ ਸਰਕਾਰੀ ਡਿਊਟੀ ਉੱਤੇ ਹਾਂ ਅਤੇ ਨਾ ਹੀ ਇਹ ਪਤਾ ਰਿਹਾ ਕਿ ਆਪਣੇ ਅਫ਼ਸਰ ਦੇ ਨਾਲ ਜਾ ਰਿਹਾ ਹਾਂ, ਜਦੋਂ ਹੀ ਆਪਣੇ ਸੱਚੇ ਸੁਆਮੀ, ਆਪਣੇ ਸਦੀਵੀ ਸਿਰਤਾਜ, ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਦ੍ਰਿਸ਼ਟੀ ਪਈ, ਨਾ ਆਪਣੇ ਅਫ਼ਸਰ ਨੂੰ ਪੁੱਛਿਆ, ਨਾ ਕੋਈ ਹੋਰ ਮਤਾ ਪਕਾਇਆ, ਬਸ ਕੇਵਲ ਇਸ ਗੁਰਵਾਕ :

**ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥**
**ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥**

ਦੇ ਭੈ ਨੂੰ ਹਿਰਦੇ ਵਿਚ ਵਸਾ ਕੇ, ਜੋ ਸਿੰਘ ਜੀ ਦੇ ਰੋਮ ਰੋਮ ਵਿਚ ਰਮਿਆ ਹੋਇਆ ਸੀ। ਬਸ, ਦਬੜਸਟ ਆਪਣੇ ਤ੍ਰਾਟ ਪਏ ਅਰਾਕੇ (ਘੋੜੇ) ਦੀਆਂ ਵਾਗਾਂ ਰੋਕ ਕੇ ਭੈ-ਭੀਤ ਹੋਏ ਸਿੰਘ ਹੋਰੀਂ ਤਾਂ ਫੜੱਕ ਘੋੜਿਓਂ ਥੱਲੇ ਆ ਉਤਰੇ ਅਤੇ ਵਾਗਾਂ ਕਿਧਰੇ ਵਗਾਹ ਕੇ ਵਾਹੋ ਦਾਹ ਪ੍ਰਕਾਸ਼ਮਾਨ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਜਾ ਢਠੇ, ਅਰਥਾਤ ਸਨਮਾਨ ਅਤੇ ਸਤਿਕਾਰ ਸਹਿਤ ਦੋਏ ਕਰ ਜੋੜ ਨਿਵ ਕੇ ਖ਼ੂਬ ਨਮਸਕਾਰ ਕੀਤੀ, ਅਤੇ ਝੁਕ ਕੇ ਮੱਥਾ ਟੇਕਿਆ। ਸਿੰਘ ਜੀ ਨੇ ਮੱਥਾ ਟੇਕ ਕੇ ਆਪਣਾ ਸੀਸ ਜਦੋਂ ਸਵਾਧਾਨ ਕੀਤਾ ਤਾਂ ਕੀ ਦੇਖਦੇ ਹਨ ਕਿ ਉਸ ਦੇ ਅੰਗਰੇਜ਼ ਅਫ਼ਸਰ ਅਰਥਾਤ ਸਾਥੀ ਡਾਕਟਰ ਹੋਰੀਂ ਵੀ ਲੰਮੇ ਪਏ ਮੱਥਾ ਟੇਕ ਰਹੇ ਹਨ। ਸਿੰਘ ਹੋਰੀਂ ਸਮਝ ਗਏ ਕਿ ਡਾਕਟਰ ਹੋਰੀਂ ਅਜਾਣ ਪੁਣੇ ਵਿਚ ਕੇਵਲ ਮਰਯਾਦਾ ਪੂਰਬਕ ਯਾ ਐਵੇਂ ਦੇਖਾ ਦੇਖੀ ਦੇ ਲਕੀਰ ਦੇ ਫ਼ਕੀਰ ਹੀ ਬਣੇ ਹਨ ਅਤੇ ਇਸ ਕਰਤਬ ਨੂੰ ਦੇਸ਼ ਦਾ ਇਕ ਰਿਵਾਜ ਸਮਝ ਕੇ ਡਿਪਟੀ ਕਮਿਸ਼ਨਰ ਦੀ ਹਦਾਇਤ ਅਨੁਸਾਰ ਆਪਣੇ ਪਰਸਨਲ ਅਸਿਸਟੈਂਟ ਦੀ ਨਕਲ ਹੀ ਕਰਨ ਲੱਗੇ ਹਨ, ਹੋਰ ਸ਼ਰਧਾ ਪੂਰਤ ਨਹੀਂ ਨਿਵੇਂ। ਸਿੰਘ ਹੋਰਾਂ ਦਾ ਇਹ ਅਨੁਮਾਨ ਝਬਦੇ ਹੀ ਸੱਚਾ ਸਾਬਤ ਹੋਇਆ, ਕਿਉਂਕਿ ਜਦੋਂ ਬਹੁੜ ਆਪੋ ਆਪਣੇ ਅਰਾਕਿਆਂ ਉੱਤੇ ਸਵਾਰ ਹੋਏ ਤਾਂ ਡਾਕਟਰ ਹੋਰੀਂ ਤਤਕਾਲ ਆਪਣੇ ਘੋੜੇ ਦੀ ਚਾਲ ਹੌਲੀ ਕਰਕੇ ਅਤੇ ਥਮ ਥਮ ਕੇ ਆਪਣੇ ਅਣਭੋਲਪੁਣੇ ਨੂੰ ਇਸ ਬਿਧ ਪ੍ਰਗਟ ਕਰਨ ਲੱਗੇ ਅਤੇ ਆਪਣੇ ਸਿੰਘ ਅਸਿਸਟੈਂਟ ਪਾਸੋਂ ਪੁੱਛਣ ਲੱਗੇ :

## ਪ੍ਰਸ਼ਨੋਤਰੀ

**ਡਾਕਟਰ** : ਵੈੱਲ ਭਾ:—ਸਿੰਘ, ਇਹ ਕੀ ਸੀ ਇਸ ਦੀ ਬਾਬਤ ਮੈਨੂੰ ਕੁਛ ਸਮਝਾਓ।

**ਸਿੰਘ** : ਆਪ ਕੀ ਪੁੱਛਦੇ ਹੋ ਮੈਨੂੰ ਪਤਾ ਨਹੀਂ ਲੱਗਾ ਕਿ ਆਪਦੇ ਪ੍ਰਸ਼ਨ ਦਾ ਕੀ ਭਾਵ ਹੈ?

**ਡਾਕਟਰ** : ਮੈਂ ਇਹ ਪੁੱਛਦਾ ਹਾਂ ਕਿ ਓਹ ਬੜਾ ਜਲੂਸ ਵਾਲਾ ਸਾਮਾਨ ਜਿਸ ਦੇ ਅੱਗੇ ਆਪ ਝੁਕ ਕਰ ਨਿਵੇਂ ਅਤੇ ਜਿਸ ਦੇ ਅੱਗੇ ਮੈਨੂੰ ਵੀ ਝੁਕਣਾ ਪਿਆ, ਕੀ ਸੀ ? ਅਤੇ ਆਪ ਦਾ ਇਸ ਬਿਧ ਝੁਕਣਾ ਅਤੇ ਨਿਉਣਾ ਕੀ ਅਰਥ ਰੱਖਦਾ ਹੈ ?

**ਸਿੰਘ** : ਆਪਦੇ ਪ੍ਰਸ਼ਨ ਦੇ ਪਹਿਲੇ ਭਾਗ ਦਾ ਉੱਤਰ ਤਾਂ ਇਹ ਹੈ ਕਿ ਓਹ ਜਿਸ ਨੂੰ ਆਪ ਵੱਡਾ ਜਲੂਸੀ ਸਾਮਾਨ ਦੱਸਦੇ ਹੋ, ਓਹ ਤਾਂ ਅਸਾਡੇ ਸੱਚੇ ਇਸ਼ਟ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਆਪਦੇ ਪ੍ਰਸ਼ਨ ਦੇ ਦੂਜੇ ਭਾਗ ਦਾ ਉੱਤਰ ਇਹ ਹੈ ਕਿ ਮੇਰਾ ਉਸ ਬਿਧ ਝੁਕਣਾ ਅਤੇ ਨਿਵ ਕੇ ਮੱਥਾ ਟੇਕਣਾ, ਆਪਣੇ ਇਸ਼ਟ ਗੁਰਦੇਵ ਦਾ ਸੱਚਾ ਸਨਮਾਨ ਅਤੇ ਸਤਿਕਾਰ ਕਰਨਾ ਸੀ, ਜੈਸਾ ਕਿ ਸਿੱਖ ਮਤ ਅੰਦਰ ਪ੍ਰਚਲਤ ਅਤੇ ਮਾਨਨੀਕ ਤਰੀਕਾ ਹੈ।

**ਡਾਕਟਰ** : ਓਹ ! ਮੈਂ ਹੁਣ ਸਮਝਿਆ, ਇਹ ਓਹੀ ਇਕੋ ਅਵੈਬ ਹੈ ਜਿਸ ਦਾ ਕਾਰਨ ਮੈਂ ਸੁਣਿਆ ਕਰਦਾ ਸੀ ਕਿ ਸਿੱਖ ਮਤ ਉੱਤੇ ਆਨਮਤਾਂ ਵਾਲੇ ਦੂਸ਼ਨ ਲਗਾਂਵਦੇ ਹਨ ਅਤੇ ਜਿਸ ਦੂਸ਼ਨ ਨੂੰ ਦੂਰ ਨਾ ਕਰਨ ਕਰਕੇ ਸਿੱਖ ਮਤ ਇਤਰ ਮਤਾਂ ਵਿਖੇ ਕਲੰਕਤ ਹੋ ਰਿਹਾ ਹੈ, ਸੱਚਮੁੱਚ ਜੇ ਇਹ ਇਕ ਨੁਕਸ ਸਿੱਖਾਂ ਵਿਚ ਨਾ ਹੁੰਦਾ ਤਾਂ ਸਿੱਖ ਮਤ ਇਕ ਅਤਯੰਤ ਸ਼ਲਾਘਾ ਯੋਗ ਮਤ ਸੀ।

**ਸਿੰਘ** : ਸਿੱਖ ਮਤ ਦਾ ਇਹੋ ਇਕ ਵਿਸ਼ੇਸ਼ ਵਾਧਾ ਹੈ, ਜਿਸ ਦੇ ਕਾਰਨ ਆਨਮਤ ਸਿੱਖ ਮਤ ਦੇ ਮੂਹਰੇ ਮਾਤ ਹਨ। ਕੇਵਲ ਇਹੋ ਵਧੀਕ ਵਡਿਆਈ ਸਿੱਖ ਮਤ ਦੀ ਹੈ ਜਿਸ ਦੇ ਹੋਣ ਕਰਕੇ ਸਿੱਖ ਧਰਮ ਸਗਲ ਧਰਮਾਂ ਵਿਖੇ ਸ੍ਰੇਸ਼ਟ ਧਰਮ ਹੈ ਅਤੇ ਜਿਸ ਦੀ ਤੁਫ਼ੈਲ ਕੋਈ ਧਰਮ ਵੀ ਸਿੱਖ ਧਰਮ ਦੇ ਲਵੇ ਨਹੀਂ ਲਗ ਸਕਦਾ ਅਰਥਾਤ ਇਸ ਦੀ ਮਹਿਮਾ ਨੂੰ ਨਹੀਂ ਅਪੜ ਸਕਦਾ। ਇਸੇ ਇਕੋ ਅਪਾਰ ਗੁਣ ਦੇ ਨਾ ਹੋਣ ਕਰਕੇ ਹੀ ਆਨਮਤ ਧਰਮ ਕਲਾ ਤੋਂ ਹਿਠਾਹਾਂ ਡਿੱਗ ਰਹੇ ਹਨ ਅਤੇ ਧਰਮ ਸਦਾਉਣ ਦੇ ਥਾਉਂ ਸਗੋਂ ਪੂਰਨ ਅਧਰਮ ਵਾਲੀ ਵਿਵਸਥਾ ਨੂੰ ਜਾ ਅਪੜੇ ਹਨ ਜਿਸ ਕਰਕੇ ਉਨ੍ਹਾਂ ਨੂੰ ਧਰਮ ਕਹਿਣਾ ਹੀ ਠੀਕ ਨਹੀਂ।

**ਡਾਕਟਰ** : ਅਜੀ ! ਚਾਹੇ ਆਪ ਕਿਵੇਂ ਕਹੋ, ਇਹ ਹੈ ਤਾਂ ਸੱਚਮੁੱਚ ਸਿੱਖਾਂ ਦੀ ਬੁਤ ਪ੍ਰਸਤੀ।

**ਸਿੰਘ** : ਆਪ ਬੁਤ ਪ੍ਰਸਤੀ ਕਿਸ ਨੂੰ ਆਖਦੇ ਹੋ, ਕਿਰਪਾ ਕਰਕੇ ਲਖਣ (Definition) ਤਾਂ ਬੁਤ ਪ੍ਰਸਤੀ ਦੇ ਦੱਸੋ ?

**ਡਾਕਟਰ** : ਚਾਹੇ ਆਮ ਤਾਰੀਫ਼ (Definition) ਬੁਤ ਪ੍ਰਸਤੀ ਦੀ ਬੁਤ ਅਰਥਾਤ ਆਦਮੀ ਦੇ ਆਪਣੇ ਹੱਥੀਂ ਘੜੇ ਹੋਏ ਪਾਹਨ ਵਾ ਪੱਥਰ ਅਥਵਾ ਇੱਟ ਵੱਟਿਆਂ ਨੂੰ ਪਰਮੇਸ਼ਰ ਸਮਝ ਕੇ ਪੂਜਣਾ ਹੈ ਪਰੰਤੂ ਮੇਰੇ ਨਿਕਟ ਪਰਮੇਸ਼ਰ ਤੋਂ ਭਿੰਨ ਕਿਸੇ ਚੀਜ਼ ਦੀ ਪੂਜਾ ਪ੍ਰਤਿਸ਼ਟਾ ਕਰਨਾ ਵੀ ਬੁਤ ਪ੍ਰਸਤੀ ਹੈ। (Worship and excessive veneration of anything which is not God is also idolatory).

**ਸਿੰਘ** : ਤਾਂ ਫੇਰ ਸਿੱਖਾਂ ਉੱਤੇ ਤਾਂ ਬੁਤ ਪ੍ਰਸਤੀ ਦੇ ਇਹਨਾਂ ਦੋਹਾਂ ਭਿੰਨ ਭਿੰਨ ਆਪ ਦੇ ਪ੍ਰਗਟ ਕੀਤੇ ਲਖਸ਼ਣਾਂ ਮੂਜਬ ਬੁਤ ਪ੍ਰਸਤੀ ਦਾ ਦੂਸ਼ਨ ਨਹੀਂ ਘੱਟ ਸਕਦਾ, ਕਿਉਂਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾ ਤਾਂ ਕੋਈ ਜੜ੍ਹ ਵਸਤੂ ਹਨ ਅਤੇ ਨਾ ਹੀ ਪਰਮੇਸ਼ਰ ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਭਿੰਨ-ਭੇਦ ਹੈ। ਆਪ ਦੇ ਉੱਤੇ ਇਹ ਗੋਝ ਭੇਦ ਪ੍ਰਗਟ ਨਹੀਂ ਅਤੇ ਨਾ ਹੀ ਆਪ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਗੂੜ੍ਹ ਅਤੇ ਅਗਾਧ ਗੁਣਾਂ ਦਾ ਪਤਾ ਹੈ, ਜੇ ਆਪ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਖੇ ਅਜਿਹੇ ਗੁਣ ਗੁੰਫਤ ਵਿਦਮਾਨ ਹੋਏ ਵੇ ਭਾਸ ਜਾਣ, ਜਿਨ੍ਹਾਂ ਕਰਕੇ ਆਪ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਪਰਮੇਸ਼ਰ ਤੋਂ ਰੰਚਕ ਵੀ ਭਿੰਨਤਾ ਨਾ ਭਾਸੇ ਤਦ ਆਪ ਕਦੇ ਬੁਤ ਪ੍ਰਸਤੀ ਵਾਲਾ ਦੂਸ਼ਨ ਸਿੱਖਾਂ ਅਤੇ ਸਿੱਖ ਮਤ ਦੇ ਉੱਤੇ ਨਾ ਅਰੋਪੋ।

**ਡਾਕਟਰ** : ਭਲਾ ਆਪ ਨਿਸਚਿਤ ਤਾਂ ਕਰਾ ਦਿਓ ਕਿ ਇਹ ਬੁਤ ਪ੍ਰਸਤੀ ਨਹੀਂ।

**ਸਿੰਘ** : ਆਪ ਨੂੰ ਪਤਾ ਹੈ ਕਿ ਮੈਂ ਆਪ ਦਾ ਅਦਬ ਸਨਮਾਨ ਕਿਉਂ ਕਰਦਾ ਹਾਂ ?

**ਡਾਕਟਰ** : ਆਪ ਦਾ ਫ਼ਰਜ਼ ਹੈ। ਆਪ ਨੂੰ ਕਰਨਾ ਚਾਹੀਏ।

**ਸਿੰਘ** : ਮੇਰਾ ਇਹ ਫ਼ਰਜ਼ ਕਿਉਂ ਹੈ ਅਤੇ ਕਦ ਤੋਂ ਹੈ ? ਇਸ ਲਈ ਕਿ ਮੈਂ ਆਪ ਦਾ ਮਾਤਹਿਤ ਹਾਂ ਅਤੇ ਆਪ ਮੇਰੇ ਅਫ਼ਸਰ (Officer) ਹੋ ਅਤੇ ਇਹ ਮੇਰਾ ਫ਼ਰਜ਼ ਓਦੋਂ ਤੋਂ ਹੀ ਬਣਿਆ ਹੈ ਜਦ ਤੋਂ ਆਪ ਦਾ ਅਤੇ ਮੇਰਾ ਇਹ ਅਫ਼ਸਰ ਮਾਤਹਿਤੀ ਵਾਲਾ ਸਬੰਧ ਹੋਇਆ ਹੈ ?

**ਡਾਕਟਰ** : ਹਾਂ ਠੀਕ ! ਫੇਰ ਇਸ ਤੋਂ ਆਪ ਦੀ ਕੀ ਮੁਰਾਦ ਹੈ ?

**ਸਿੰਘ** : ਇਸ ਸਬੰਧ ਤੋਂ ਪਹਿਲਾਂ ਤਾਂ ਮੇਰਾ ਕੋਈ ਫ਼ਰਜ਼ ਨਹੀਂ ਸੀ ਕਿ ਆਪ ਦਾ ਅਦਬ ਸਨਮਾਨ ਕਰਾਂ ?

**ਡਾਕਟਰ** : ਹਾਂ ! ਠੀਕ ਨਹੀਂ ਸੀ।

**ਸਿੰਘ** : ਤਦ ਸਿੱਧ ਹੋਇਆ ਕਿ ਮੇਰਾ ਆਪ ਨੂੰ ਅਤਬ ਸਨਮਾਨ ਕਰਨਾ ਆਪ ਦੇ ਅਫ਼ਸਰੀ ਵਾਲੇ ਗੁਣਾਂ ਕਰਕੇ ਹੈ, ਨਾ ਕਿ ਆਪ ਦੇ ਮੜ੍ਹੇ ਸਰੀਰ ਕਰਕੇ। ਆਪ ਦਾ ਸਰੀਰ ਤਾਂ ਪਹਿਲਾਂ ਭੀ ਸੀ, ਪਰੰਤੂ ਆਪ ਦੇ ਉਕਤ ਗੁਣ ਜਦ ਤਾਈਂ ਡਿਪਟੀ ਕਮਿਸ਼ਨਰ ਦੀ ਮੁਲਾਕਾਤ ਪੱਤਰ (Introductory Letter) ਦੁਆਰਾ ਮੈਨੂੰ ਪਰਤੀਤ ਨਹੀਂ ਹੋ ਗਏ, ਓਦੋਂ ਤੀਕ ਮੈਂ ਆਪ ਦਾ ਸਤਿਕਾਰ ਨਹੀਂ ਕਰਨ ਲੱਗਾ ਅਤੇ ਨਾ ਹੀ ਉਸ ਤੋਂ ਪਹਿਲਾਂ ਕਦੇ ਕਰਦਾ ਸੀ। ਕਿਉਂਕਿ ਓਦੋਂ ਮੇਰੇ ਭਾ ਦਾ ਆਪ ਦਾ ਸਰੀਰ ਇਕ ਮੜ੍ਹਾ ਸਰੀਰ ਹੀ ਸੀ ਅਤੇ ਹੁਣ ਵੀ ਆਪ ਜੈਸੇ ਅਨੇਕਾਂ ਹੋਰਸ ਅੰਗਰੇਜ਼ ਸੰਸਾਰ ਵਿਖੇ ਹਨ, ਪਰੰਤੂ ਮੇਰੇ ਭਾ ਦੇ ਉਹ ਮੜ੍ਹੇ ਸਰੀਰ ਹੀ ਹਨ, ਮੈਂ ਉਨ੍ਹਾਂ ਦਾ ਕਦੇ ਸਤਿਕਾਰ ਨਹੀਂ ਕਰਾਂਗਾ।

**ਡਾਕਟਰ** : ਹਾਂ ! ਇਤਨੀ ਗੱਲ ਮੈਂ ਮੰਨਣ ਨੂੰ ਤਿਆਰ ਨਹੀਂ ਕਿ ਹੋਰਸ ਆਦਮੀਆਂ ਵਿਚ ਗੁਣ ਨਹੀਂ, ਜੇ ਮੇਰੇ ਵਾਲੇ ਗੁਣ ਨਹੀਂ ਤਾਂ ਉਨ੍ਹਾਂ ਵਿਚ ਮੇਰੇ ਗੁਣਾਂ ਤੋਂ ਵੱਖਰੇ ਹੋਰ ਗੁਣ ਹਨ, ਇਸ ਕਰਕੇ ਉਨ੍ਹਾਂ ਨੂੰ ਮੜ੍ਹੇ ਸਰੀਰ ਕਹਿਣਾ ਯੋਗ ਨਹੀਂ।

**ਸਿੰਘ** : ਪਰੰਤੂ ਮੈਨੂੰ ਉਨ੍ਹਾਂ ਦੇ ਵੱਖਰੇ ਅਤੇ ਵਿਲੱਖਣ ਗੁਣਾਂ ਦਾ ਪਤਾ ਹੀ ਕੀ ? ਜਦ ਤਾਈਂ ਓਹਨਾਂ ਦੇ ਉਹ ਗੁਣ ਮੈਨੂੰ ਪ੍ਰਗਟ ਅਤੇ ਪਰਤੀਤ ਨਹੀਂ ਹੋਏ ਤਦ ਤੀਕਰ ਮੇਰੇ ਭਾ ਦੇ ਤਾਂ ਉਹ ਗੁਣ ਸੁੰਨ ਮੜ੍ਹੇ ਸਰੀਰ ਹੀ ਹਨ ਓਹਨਾਂ ਦੇ ਗੋਝ ਅਤੇ ਲੋਪ ਗੁਣਾਂ ਦਾ ਮੈਨੂੰ ਕੀ ਨਿਘਾਸ ?

**ਡਾਕਟਰ** : ਪਰ ਇਤਨਾ ਤਾਂ ਘੱਟ ਤੋਂ ਘੱਟ ਆਪ ਨੂੰ ਪਤਾ ਹੈ ਕਿ ਉਹ ਇਨਸਾਨ ਹਨ ?

**ਸਿੰਘ** : ਇਹ ਜਾਣਨਾ ਬੜਾ ਔਖਾ ਹੈ ਕਿ ਉਹ ਸੱਚਮੁੱਚ ਇਨਸਾਨ ਹਨ।

**ਡਾਕਟਰ** : ਪਰ ਆਪ ਨੂੰ ਓਹਨਾਂ ਦੀ ਸ਼ਕਲ ਸੂਰਤ ਭਾਂ ਸਾਫ਼ ਇਨਸਾਨਾਂ ਵਾਲੀ ਹੀ ਦਿਸਦੀ ਹੈ, ਇਸ ਤੋਂ ਤਾਂ ਆਪ ਮੁਕਰੀ ਨਹੀਂ ਖਾ ਸਕਦੇ।

**ਸਿੰਘ** : ਸ਼ਕਲ ਸੂਰਤ ਦਿਸਦੀ ਹੈ ਪਈ ਦਿਸੇ, ਕਿਸੇ ਨੂੰ ਕਿਸੇ ਦੀ ਸ਼ਕਲ ਸੂਰਤ ਨਾਲ ਕੀ ਪਈ। ਕੀ ਸ਼ਕਲ ਸੂਰਤ ਦੀ ਪ੍ਰਸਤਿਸ਼ ਕਰਨ ਲੱਗ ਜਾਣਾ ਚਾਹੀਦਾ ਹੈ ? ਸ਼ਕਲ ਸੂਰਤ ਤਾਂ ਕੇਵਲ ਮੜ੍ਹੇ ਸਰੀਰ ਦੀ ਹੁੰਦੀ ਹੈ। ਸੋ ਸ਼ਕਲ ਸੂਰਤ ਕਰਕੇ ਕਿਸੇ ਦੀ ਪ੍ਰਸਤਿਸ਼ ਕਰਨਾ ਮਹਾਂ ਮੜ੍ਹਾ ਪ੍ਰਸਤੀ ਹੈ। ਸ਼ਕਲ ਸੂਰਤ ਤਾਂ ਹੈਵਾਨ (ਪਸ਼ੂ) ਦੀ ਵੀ ਹੁੰਦੀ ਹੈ।

**ਡਾਕਟਰ** : ਪਰ ਫੇਰ ਇਨਸਾਨ ਇਨਸਾਨ ਹੀ ਹੈ ਅਤੇ ਹੈਵਾਨ ਹੈਵਾਨ ਹੀ ਹੈ। ਇਨਸਾਨ ਹੈਵਾਨ ਦਾ ਬੜਾ ਫ਼ਰਕ ਹੈ।

**ਸਿੰਘ** : ਪਰੰਤੂ ਉਹ ਕਿਹੜੀ ਚੀਜ਼ ਹੈ ਜੋ ਆਪ ਨੂੰ ਇਨਸਾਨ ਅਤੇ ਹੈਵਾਨ ਵਿਚ ਫ਼ਰਕ ਪਰਤੀਤ ਕਰਾਉਂਦੀ ਹੈ ?

**ਡਾਕਟਰ** : ਇਨਸਾਨ ਦੀ ਇਨਸਾਨੀਅਤ ਅਤੇ ਹੈਵਾਨ (ਪਸ਼ੂ) ਦੀ ਹੈਵਾਨੀਅਤ (ਪਸ਼ੂਪੁਣਾ)।

ਸਿੰਘ : ਇਨਸਾਨੀਅਤ ਅਤੇ ਹੈਵਾਨੀਅਤ ਕੀ ਚੀਜ਼ਾਂ ਹਨ ?

ਡਾਕਟਰ: (ਘਬਰਾ ਕੇ) ਚੀਜ਼ਾਂ ਨਹੀਂ। ਇਹ ਗੁਣ (Qualities) ਹਨ।

ਸਿੰਘ : ਤਦ ਇਹ ਗੁਣ ਹੀ ਹੋਏ ਨਾ, ਜਿਨ੍ਹਾਂ ਕਰਕੇ ਇਨਸਾਨ ਤੇ ਹੈਵਾਨ ਦੀ ਪਰਸਪਰ ਪਛਾਣ ਜਾਣੀ ਜਾਂਦੀ ਹੈ ਅਤੇ ਕਦਰ ਵੀ ਗੁਣਾਂ ਦੀ ਹੀ ਹੋਈ, ਪਰੰਤੂ ਇਨ੍ਹਾਂ ਗੁਣਾਂ ਦੀ ਪਛਾਣ ਕਿਵੂੰ ਕੀਤੀ ਜਾਵੇ ?

ਡਾਕਟਰ: ਕੀ ਇਨਸਾਨ ਨੂੰ ਦੇਖਣ ਸਾਰ ਸਾਫ਼ ਪਤਾ ਨਹੀਂ ਲੱਗ ਜਾਂਦਾ ਹੈ ਕਿ ਇਹ ਇਨਸਾਨ ਹੈ ਅਤੇ ਹੈਵਾਨ ਨੂੰ ਦੇਖਦਿਆਂ ਹੀ ਪਤਾ ਨਹੀਂ ਲੱਗ ਜਾਂਦਾ ਹੈ ਕਿ ਇਹ ਹੈਵਾਨ ਹੈ ?

ਸਿੰਘ : ਦ੍ਰਿਸ਼ਟੀ ਗੋਚਰ ਆਉਣ ਵਾਲੀ ਉਹ ਕਿਹੜੀ ਚੀਜ਼ ਹੈ ਜਿਸ ਕਰਕੇ ਇਨਸਾਨੋਂ ਹੈਵਾਨ ਅਤੇ ਹੈਵਾਨੋਂ ਇਨਸਾਨ ਪਛਾਣੇ ਜਾਂਦੇ ਹਨ ?

ਡਾਕਟਰ: ਜਿਸ ਦੀਆਂ ਅੱਖੀਆਂ ਹਨ, ਉਹ ਤਾਂ ਸਾਫ਼ ਦੇਖ ਲਵੇਗਾ ਕਿ ਇਨਸਾਨ ਕਿਹੜਾ ਤੇ ਹੈਵਾਨ ਕਿਹੜਾ ਹੈ।

ਸਿੰਘ : ਅੱਖੀਆਂ ਤਾਂ ਕੇਵਲ ਜਿਸਮ (ਸਥੂਲ ਸਰੀਰ) ਨੂੰ ਹੀ ਦੇਖਣਗੀਆਂ, ਜੇ ਭਲਾ ਇਨਸਾਨ ਦਾ ਸਿਰ ਕੱਟ ਕੇ ਹੈਵਾਨ ਦੇ ਧੜ ਨਾਲ ਲਾਇਆ ਜਾਵੇ ਅਤੇ ਹੈਵਾਨ ਦਾ ਸਿਰ ਕੱਟ ਕੇ ਇਨਸਾਨ ਦੇ ਧੜ ਨਾਲ ਲਾਇਆ ਜਾਵੇ ਤਾਂ ਫੇਰ ਅੱਖੀਆਂ ਵਾਲਾ ਇਨਸਾਨ ਹੈਵਾਨ ਦੀ ਕਿਵੂੰ ਤਮੀਜ਼ (ਪਛਾਣ) ਕਰੂ ?

ਡਾਕਟਰ: ਹੈਂ, ਹੈਂ! ਐਸਾ ਕਦੇ ਹੋਇਆ ਹੈ ?

ਸਿੰਘ : ਭਲਾ ਜੇ ਹੋ ਜਾਵੇ।

ਡਾਕਟਰ: ਜੇ ਐਸਾ ਕੀਤਾ ਜਾਵੇ ਤਦ ਤਾਂ ਉਹ ਦੋਨੋਂ ਹੀ ਬੇਜਾਨ ਹੋ ਗਏ। ਨਾ ਉਨ੍ਹਾਂ ਵਿਚੋਂ ਕੋਈ ਇਨਸਾਨ ਰਿਹਾ, ਨਾ ਹੈਵਾਨ।

ਸਿੰਘ : ਭਲਾ, ਜੇ ਜਿਊਂਦਾ ਜਾਗਦਾ ਕੋਈ ਬਣਮਾਣੂ ਫੜ ਕੇ ਲਿਆਂਦਾ ਜਾਵੇ, ਯਾ ਕੋਈ ਅਜਿਹਾ ਜਾਨਵਰ ਫੜ ਲਿਆਂਦਾ ਜਾਵੇ, ਜਿਸ ਦਾ ਅੱਧਾ ਧੜ ਮਨੁੱਖ ਦਾ ਹੋਵੇ ਅਤੇ ਅੱਧਾ ਧੜ ਪਸ਼ੂ ਦਾ, ਫਿਰ ਅਜਿਹੇ ਜਾਨਦਾਰ ਨੂੰ ਆਪ ਕੀ ਆਖੋਗੇ, ਇਨਸਾਨ ਕਿ ਹੈਵਾਨ ?

ਡਾਕਟਰ: ਭਲਾ ਜੀ, ਕਾਨੂੰਨ ਕੁਦਰਤ ਤੋਂ ਵਿਰੁੱਧ ਕਦੇ ਅਜਿਹੇ ਜਾਨਦਾਰ ਹੋ ਸਕਦੇ ਹਨ ?

ਸਿੰਘ : ਪਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਬਣਮਾਣੂ ਅੱਜ ਕੱਲ ਦਾ ਇਕ ਆਮ ਪ੍ਰਸਿੱਧ ਜਾਨਦਾਰ ਹੈ ਅਤੇ ਸੈਂਟਾਰ (Centaur) ਸਾਰਖੇ ਜਾਨਵਰ ਵੀ ਕੁਦਰਤ ਦੀ ਨਜ਼ਰ ਅੰਦਰ ਪੇਖੇ ਗਏ ਹਨ, ਜਿਨ੍ਹਾਂ ਦਾ ਅੱਧਾ ਧੜ ਇਨਸਾਨ ਤੇ ਅੱਧਾ ਹੈਵਾਨ ਦਾ ਹੁੰਦਾ ਹੈ। ਕਾਨੂੰਨ ਕੁਦਰਤ ਵੱਡਾ ਅਥਾਹ ਹੈ, ਕੋਈ ਅਸਾਡੀ ਅਕਲ ਆਦਤ ਦੇ ਅਨੁਸਾਰ ਤਾਂ ਨਹੀਂ ਬਣਿਆ, ਗਹਿਰ ਗੰਭੀਰ ਅਤੇ ਅਗੰਮ ਅਗੋਚਰ ਕਾਦਰ ਦੀ ਕੁਦਰਤ ਨੂੰ ਅਸਾਡੀ ਅਲਪਗ ਅਕਲ ਦੀ ਗੰਮਤਾ ਨਹੀਂ ਹੋ ਸਕਦੀ। ਅੱਜ ਕੱਲ ਕਾਨੂੰਨ ਕੁਦਰਤ ਦੀ ਆਮ ਚਰਚਾ ਹੈ, ਉਸ ਦੇ ਬੜੇ ਅਵੈੜੇ ਅਰਥ ਲਏ ਜਾਂਦੇ ਹਨ, ਕੁਦਰਤ ਅਕਸਰ ਉਸਨੂੰ ਆਮ ਪੜ੍ਹਾਕੂਆਂ ਸਾਇੰਸਦਾਨਾਂ ਨੇ ਥਾਪ ਛੱਡਿਆ ਹੈ, ਜੋ ਉਨ੍ਹਾਂ ਦੀ ਆਪਣੀ ਅਕਲ ਆਦਤ ਗੋਚਰੀ ਹੀ ਹੋਵੇ। ਮਾਨੋ ਕਿ ਕੁਦਰਤ ਨੂੰ ਉਨ੍ਹਾਂ ਨੇ ਆਪ ਹੀ ਘੜਿਆ

ਹੈ। ਸਰਬ ਸ਼ਕਤੀਮਾਨ (ਕਾਦਰੇ ਮੁਤਲਿਕ) ਨੇ ਜੋ ਨਿਯਮ ਕੁਦਰਤ ਦੇ ਘੜੇ ਹਨ, ਅਲਪਗ ਇਨਸਾਨ ਨੂੰ ਉਸ ਦੀ ਸੂਝ-ਬੂਝ ਹੀ ਕੀ ? ਬੱਸ, ਜਿਹੜੇ ਨਿਯਮ (ਕੁਦਰਤ ਦੇ) ਇਨਸਾਨ ਦੇ ਤਜਰਬੇ ਅੰਦਰ ਆਏ ਉਹ ਉਹਨਾਂ ਦੇ ਭਾ ਦਾ ਕਾਨੂੰਨ ਕੁਦਰਤ ਬਣ ਗਏ ਜੋ ਅਪਾਰ ਅਤੇ ਅਗੰਮ ਨਿਯਮ (ਕੁਦਰਤ ਦੇ) ਅਜੇ ਇਨਸਾਨ ਦੇ ਆਮ ਤਜਰਬੇ ਤੋਂ ਅਗੋਚਰ ਅਤੇ ਪਰੇ ਪਏ ਹਨ ਅਤੇ ਕਿਤੇ ਟਾਵੇਂ-ਟਾਵੇਂ ਤਜਰਬੇ ਅੰਦਰ ਵੇਖਣ ਵਿਚ ਆਉਂਦੇ ਹਨ, ਉਨ੍ਹਾਂ ਨੂੰ ਕਾਨੂੰਨ ਕੁਦਰਤ ਤੋਂ ਵਿਰੁੱਧ ਦੱਸਿਆ ਜਾਂਦਾ ਹੈ, ਮਾਨੋ ਬੰਦੇ ਦੀ ਨਿਜ ਕੁਦਰਤ ਅੰਦਰ ਜੋ ਬੰਦ ਨਿਯਮ ਹਨ, ਓਹੀ ਕਾਨੂੰਨ ਕੁਦਰਤ ਹੈ। ਇਹ ਬੜੀ ਹੀ ਕੋਝੀ ਕਾਢ ਕਾਨੂੰਨ ਕੁਦਰਤ ਦੀ ਕੱਢੀ ਹੋਈ ਹੈ।

**ਡਾਕਟਰ** : (ਵਿਚਾਲਿਓਂ ਦੀ ਗੱਲ ਕੱਟ ਕੇ) ਆਪ ਨੇ ਤਾਂ ਹੁਣ ਇਕ ਹੋਰ ਹੀ ਬਰੀਕ ਮਸਲੇ ਦਾ ਸਿਲਸਿਲਾ ਤੋਰ ਦਿੱਤਾ। ਏਹ ਮਸਲਾ ਬੜਾ ਔਖਾ ਮਸਲਾ ਹੈ। ਇਸ ਦੇ ਛੇੜਨ ਦੀ ਐਥੇ ਲੋੜ ਨਹੀਂ। ਐਸਾ ਜਾਪਦਾ ਹੈ ਕਿ ਅਸੀਂ ਆਪਣੇ ਅਸਲੀ ਨਿਸ਼ਾਨੇ (Point) ਤੋਂ ਬਹੁਤ ਦੂਰ ਖਿਸਕ ਆਏ ਹਾਂ ਅਤੇ ਔਝੜ ਪਏ ਫਿਰਦੇ ਹਾਂ। ਸੋ ਵਿਚਾਰ ਦੇ ਅਸਲੀ ਨਿਸ਼ਾਨੇ ਨੂੰ ਚਿਤਾਰ ਕੇ ਓਥੋਂ ਹੀ ਮੁੜ ਕੇ ਵਿਚਾਰ ਦਾ ਸਿਲਸਿਲਾ ਤੋਰਨਾ ਯੋਗ ਹੈ। ਮੇਰੇ ਤਾਂ ਚੇਤੇ ਨਹੀਂ ਰਿਹਾ ਕਿ ਕਿਥੋਂ ਤੁਰੇ ਸੀ ਤੇ ਕਿਥੇ ਆ ਗਏ।

**ਸਿੰਘ** : ਕਾਨੂੰਨ ਕੁਦਰਤ ਵਾਲਾ ਸ਼ੰਕਾ ਆਪ ਨੇ ਕੀਤਾ ਤਾਂ ਇਹ ਸਿਲਸਿਲਾ ਵੀ ਤੁਰ ਪਿਆ। ਇਸ ਦੇ ਤੋਰਨ ਹਾਰੇ ਵੀ ਆਪ ਹੀ ਹੋ, ਨਾ ਆਪ ਸ਼ੰਕਾ ਕਰਦੇ ਅਤੇ ਨਾ ਇਸ ਦੇ ਤੋਰਨ ਦੀ ਲੋੜ ਪੈਂਦੀ। ਸ਼ੰਕਾ ਛਿੜ ਪੈਣ ਤੋਂ ਵਿਚਾਰ ਦੀ ਲੜੀ ਅੰਦਰ ਉਸ ਸ਼ੰਕਕ ਵਿਸ਼ੇ ਨੂੰ ਜ਼ਰੂਰ ਲਿਆਉਣਾ ਪੈਂਦਾ ਹੈ ਅਤੇ ਆਪ ਨੇ ਵਿਚਾਲਿਓਂ ਹੀ ਗੱਲ ਕੱਟ ਦਿੱਤੀ, ਮੁੜ ਘਿੜ ਕੇ ਇਥੇ ਹੀ ਆ ਜਾਣਾ ਸੀ। ਯਦਪਿ ਆਪ ਰੰਚਕ ਘਬਰਾਏ ਹੋਏ ਪਰਤੀਤ ਹੁੰਦੇ ਹੋ, ਅਤੇ ਕਾਨੂੰਨ ਕੁਦਰਤ ਵਾਲਾ ਵਿਸ਼ਾ ਆਪ ਦੇ ਮਨ-ਮੰਨੇ ਅਕੀਦੇ ਤੋਂ ਉਲਟ ਸਾਬਤ ਹੋਣ ਕਰਕੇ ਆਪ ਨੂੰ ਸੁਆਦਲਾ ਨਹੀਂ ਭਾਸਦਾ, ਸੋ ਲਓ ਅਸੀਂ ਇਸ ਉੱਤੇ ਅਧਿਕ ਵਿਚਾਰ ਨਹੀਂ ਕਰਦੇ, ਪਰੰਤੂ ਵਿਚਾਰ ਦੇ ਸਿਲਸਿਲੇ ਵਿਖੇ ਆਪੋ ਆਪਣੀਆਂ ਦਲੀਲਾਂ ਦਿੰਦੇ ਹੋਏ ਜੇਕਰ ਜੇ ਜਕ ਅਤੇ ਫ਼ਰਜ਼ੋ ਫ਼ਰਜ਼ੀ ਵਿਚਾਲੇ ਆ ਪਵੇ ਤਾਂ ਦਲੀਲ ਦੀ ਤਾਰ ਤੋਰੀ ਰੱਖਣ ਲਈ ਉਕਤ ਜੇ ਜਕ ਵਿਖੇ ਕੋਈ ਅੜ ਨਹੀਂ ਡਾਹੁਣੀ ਚਾਹੀਦੀ ਅਤੇ ਜਿਥੇ 'ਜਾਂ' ਅਥਵਾ 'ਫ਼ਰਜ਼ ਕੀਤਾ' ਪਦਾਂ ਦੀ ਦਲੀਲ ਦੀ ਵਰਤਣ ਅੰਦਰ ਲੋੜ ਪਵੇ ਤਾਂ ਉਸ ਨੂੰ ਦਲੀਲ ਦੀ ਤਾਰ ਤੋਰੀ ਰੱਖਣ ਖ਼ਾਤਰ (for arguments sake) ਮੰਨ ਲੈਣਾ ਚਾਹੀਦਾ ਹੈ। ਇਸ ਬਿਧ ਮੰਨਣ ਨਾਲ ਆਪ ਦਾ ਕਿਸੇ ਅਸੂਲ ਪ੍ਰਥਾਇ ਜੰਮਿਆ ਹੋਇਆ ਅਕੀਦਾ ਤਾਂ ਨਹੀਂ ਟੁੱਟ ਚੱਲਿਆ। ਹੁਣ ਲਓ ਅਸਲ ਨਿਸ਼ਾਨਾ ਅਸਾਡੀ ਵਿਚਾਰ ਦਾ, ਮੈਂ ਆਪ ਨੂੰ ਚੇਤੇ ਕਰਾਉਂਦਾ ਹਾਂ, ਮੇਰੇ ਤਾਂ ਹਰ ਵੇਲੇ ਸਨਮੁੱਖ ਹੀ ਰਿਹਾ ਹੈ। ਵਿਚਾਰ ਗੁਣਾਂ ਦੇ ਸਤਿਕਾਰ ਉਪਰ ਸੀ। ਆਪ ਇਤਨੀ ਗੱਲ ਮੰਨ ਗਏ ਸੀ ਕਿ ਠੀਕ ਅਦਬ ਸਤਿਕਾਰ ਗੁਣਾਂ ਨੂੰ ਹੀ ਹੈ, ਪਰੰਤੂ ਇਸ ਗੱਲ ਦੇ ਮੰਨਣੋਂ ਆਪ ਨੇ ਸਿਰ ਫੇਰਿਆ ਸੀ ਕਿ ਸਾਰੇ ਆਦਮੀਆਂ ਵਿਚ ਗੁਣ ਨਹੀਂ। ਇਸ ਦੇ ਉਪਰ ਦਾਸ ਦਾ ਇਹ ਉੱਤਰ ਸੀ ਕਿ ਓਹਨਾਂ ਦੇ ਲੋਪ ਗੁਣ ਜਦ

ਤੀਕ ਕਿਸੇ ਉਪਰ ਪ੍ਰਗਟ ਨਾ ਹੋ ਜਾਣ, ਉਸ ਦੇ ਭਾ ਦੇ ਉਹ ਗੁਣ ਤਦ ਤੀਕਰ ਲੋਪ ਹੀ ਹਨ। ਭਾਵ ਇਸ ਦਾ ਇਹ ਸੀ ਕਿ ਇਕ ਇਨ੍ਸਾਨ ਦੇ ਗੁਣ ਦੂਜੇ ਉੱਤੇ ਪ੍ਰਗਟ ਹੋਏ ਬਿਨਾਂ ਪਰਸਪਰ ਦਾ ਸਨਮਾਨ ਨਹੀਂ ਬਣਦਾ ਅਤੇ ਸਨਮਾਨ ਕੇਵਲ ਗੁਣਾਂ ਨੂੰ ਹੀ ਹੈ, ਮੜ੍ਹੇ ਸਰੀਰ ਨੂੰ ਨਹੀਂ, ਸ਼ਕਲ ਸੂਰਤ ਨੂੰ ਨਹੀਂ। ਕਈ ਪੁਰਸ਼ਾਂ ਦਾ ਸਰੀਰ ਦੇਖਣ ਪਾਖਣ ਨੂੰ ਸੋਹਣਾ ਸੁਥਰਾ ਚਿੱਟੇ ਚਮੜੇ ਵਾਲਾ ਹੁੰਦਾ ਹੈ, ਪਰੰਤੂ ਭੀਤਰ ਭੰਗਾਰ ਹੀ ਭਰੀ ਹੋਈ ਹੁੰਦੀ ਹੈ। ਕਈਆਂ ਦੀ ਸ਼ਕਲ ਸੂਰਤ ਮੋਮਨਾਂ ਦੀ ਹੁੰਦੀ ਹੈ ਅਤੇ ਅੰਦਰੋਂ ਸੀਰਤ ਭਾਵੇਂ ਕਾਫ਼ਰ ਕੁਕਰਮੀਆਂ ਦੀ ਹੋਵੇ।

ਸੋ ਅੰਦਰੂਨੀ ਗੁਣ ਪ੍ਰਗਟ ਹੋਏ ਬਿਨਾਂ ਨਿਰੀ ਮੋਮਨਾਂ ਵਾਲੀ ਸੂਰਤ ਨੂੰ ਅਥਵਾ ਚਿੱਟੇ ਚਮੜੇ ਨੂੰ ਦੇਖ ਕੇ ਕਿਸੇ ਪੁਰਸ਼ ਉੱਤੇ ਰੀਝ ਪੈਣਾ ਨਿਰੋਲ ਮੜ੍ਹਾ ਪ੍ਰਸਤੀ ਹੈ, ਗੁਣਾਂ ਦਾ ਸਨਮਾਨ ਨਹੀਂ ਅਤੇ ਇਕ ਇਨਸਾਨ ਦੇ ਗੁਣ ਦੂਜੇ ਇਨਸਾਨ ਉੱਤੇ ਕੇਵਲ ਵਾਹ ਪਿਆਂ ਹੀ ਪ੍ਰਗਟ ਹੁੰਦੇ ਹਨ। ਇਨਸਾਨ ਦੇ ਦੇਖਣ ਮਾਤਰ ਨਾਲ ਉਸ ਦੇ ਇਨਸਾਨੀਅਤ ਵਾਲੇ ਗੁਣਾਂ ਦਾ ਪਤਾ ਨਹੀਂ ਲਗਦਾ। ਇਨਸਾਨ ਹੈਵਾਨ ਦਾ ਫ਼ਰਕ ਹੀ ਕੇਵਲ ਉਨ੍ਹਾਂ ਅੰਤ੍ਰੀਵ ਗੁਣਾਂ ਕਰਕੇ ਹੈ। ਜੇ ਇਨਸਾਨ ਅੰਦਰ ਅੰਤ੍ਰੀਵ ਗੁਣ ਨਾ ਹੋਣ, ਜਿਸ ਦੇ ਕਾਰਨ ਉਹ ਸਨਮਾਨ ਦਾ ਪਾਤਰ ਬਣਦਾ ਹੈ ਤਾਂ ਉਸ ਦਾ ਇਨਸਾਨ ਵਾਲਾ ਜਾਮਾ ਕਿਸੇ ਲੇਖੇ ਨਹੀਂ ਅਤੇ ਨਾ ਹੀ ਇਨਸਾਨ ਦਾ ਇਨਸਾਨ ਵਾਲਾ ਜਾਮਾ ਹੋਣਾ ਇਨਸਾਨ ਦੇ ਗੁਣਾਂ ਵਿਚ ਦਾਖ਼ਲ ਹੈ। ਜਾਮਾ ਤਾਂ ਇਨਸਾਨ ਨੂੰ ਕੁਦਰਤ ਵਲੋਂ ਮਿਲਿਆ ਹੋਇਆ ਹੈ, ਇਸ ਵਿਚ ਉਸ ਦਾ ਆਪਣਾ ਗੁਣ ਕੀ ? ਇਹ ਇਨਸਾਨ ਵਾਲਾ ਜਾਮਾ ਤਦੇ ਸਫਲ ਅਤੇ ਸੁਭਾਗਾ ਹੈ ਜੇ ਇਨਸਾਨ ਇਸ ਜਾਮੇ ਨੂੰ ਧਾਰ ਕੇ ਇਨਸਾਨੀਅਤ ਵਾਲੇ ਕੰਮ ਕਰੇ, ਨਹੀਂ ਤਾਂ ਇਹ ਜਾਮਾ ਪਸ਼ੂ ਪਰੇਤਾਂ ਤੇ ਵੀ ਬੁਰਾ ਹੈ। ਜੇ ਇਨਸਾਨ ਦੀਆਂ ਕਰਤੂਤਾਂ ਪਸ਼ੂ ਵਾਲੀਆਂ ਹਨ ਤਦ ਉਹ ਇਨਸਾਨ ਆਪਣੇ ਇਨਸਾਨੀ ਜਾਮੇ ਨੂੰ ਕਲੰਕਤ ਕਰਨ ਵਾਲਾ ਹੀ ਹੈ, ਕੇਵਲ ਉਹ ਮਨੁੱਖ (ਇਨਸਾਨ) ਦਾ ਕਲਬੂਤ (ਮੜ੍ਹਾ) ਹੀ ਹੈ। ਅਜਿਹੇ ਗੁਣ ਬਿਹੂਣ ਇਨਸਾਨ ਦੀ ਕੋਈ ਕਦਰ ਹੀ ਨਹੀਂ ਕਰਦਾ, ਜੇ ਭਲਾ ਕੋਈ ਕ਼ਰਦਾ ਵੀ ਹੈ ਸੋ ਕੇਵਲ ਉਸ ਦੇ ਕਲਬੂਤ (ਮੜ੍ਹੇ ਸਰੀਰ) ਦੀ ਕਰਦਾ ਹੈ ਜੋ ਐਨ ਮੜ੍ਹਾ ਪ੍ਰਸਤੀ ਹੈ। ਇਸ ਤੋਂ ਇਹ ਭਾਵ ਨਹੀਂ ਕਿ ਜਿਸ ਇਨਸਾਨ ਤੋਂ ਜਾਣੂ ਹੋਈਏ ਉਸ ਇਨਸਾਨ ਬਿਨਾਂ ਜਿਤਨੇ ਵੀ ਸੰਸਾਰ ਵਿਖੇ ਇਨਸਾਨ ਹਨ ਸਭ ਗੁਣ ਬਿਹੂਣ ਹੀ ਹਨ ਚਾਹੇ ਸੱਚਮੁੱਚ ਉਨ੍ਹਾਂ ਅੰਦਰ ਉਸ ਜਾਣੂ ਇਨਸਾਨ ਤੋਂ ਵੀ ਅਧਿਕ ਗੁਣ ਹੋਣ, ਪਰੰਤੂ ਉਨ੍ਹਾਂ ਦੇ ਗੁਣਾਂ ਦਾ ਉਕਤ ਇਨਸਾਨਾਂ ਦੇ ਕਿਸੇ ਤਾਈਂ ਜਾਣੂ ਪਛਾਣੂ ਬਣੇ ਬਿਨ ਕਿਸੇ ਨੂੰ ਪਤਾ ਕਿਵੂੰ ਲੱਗੇ, ਅਰਥਾਤ ਵਾਹ ਪਏ ਬਿਨਾਂ ਉਨ੍ਹਾਂ ਦੇ ਗੁਣਾਂ ਦਾ ਪਤਾ ਨਹੀਂ ਲਗਦਾ। ਉਸ ਦੇ ਭਾ ਦਾ ਉਹ ਐਵੇਂ ਕਾਠ ਦੀਆਂ ਪੁਤਲੀਆਂ ਹਨ ਜੋ ਇਧਰ ਉਧਰ ਨੱਚਦੀਆਂ ਫਿਰਦੀਆਂ ਹਨ। ਉਨ੍ਹਾਂ ਦੇ ਅੰਤ੍ਰੀਵੀ ਗੁਣਾਂ ਦੇ ਜਾਣੂ ਹੋਏ ਬਿਨਾਂ ਐਵੇਂ ਹੀ ਉਨ੍ਹਾਂ ਦਾ ਅਦਬ ਸਨਮਾਨ ਕਰੀ ਜਾਣਾ ਨਿਰੋਲ ਮੜ੍ਹਾ ਪ੍ਰਸਤੀ ਹੈ।

**ਡਾਕਟਰ :** ਹਾਂ, ਹੈ ਤਾਂ ਬਿਲਕੁਲ ਠੀਕ, ਪਰ ਇਸ ਗੱਲ ਤੋਂ ਆਪ ਨੇ ਕੀ ਸਿੱਧ ਕੀਤਾ ?

ਸਿੰਘ : ਹੁਣ ਇਹ ਬਾਤ ਤਾਂ ਆਪ ਨੂੰ ਨਿਸਚਿਤ ਹੋਈ ਕਿ ਅਦਬ ਸਨਮਾਨ ਕੇਵਲ ਗੁਣਾਂ ਨੂੰ ਹੈ ?

ਡਾਕਟਰ : ਹਾਂ, ਠੀਕ।

ਸਿੰਘ : ਅਤੇ ਉਨ੍ਹਾਂ ਗੁਣਾਂ ਦਾ ਸਨਮਾਨ ਵੀ ਤਾਂ ਹੀ ਕਰਨਾ ਬਣਦਾ (ਵਾਜਬ) ਹੈ ਜੇਕਰ ਉਹ ਗੁਣ ਪ੍ਰਗਟ ਹੋਣ ਅਰਥਾਤ ਜੇਕਰ ਕੋਈ ਉਨ੍ਹਾਂ ਗੁਣਾਂ ਦਾ ਜਾਣੂ ਪਛਾਣੂ ਹੈ, ਤਦੇ ਹੀ ਉਹੋ ਗੁਣ ਉਸ ਦੇ ਸਨਮਾਨਯੋਗ ਹਨ।

ਡਾਕਟਰ : ਬੇਸ਼ਕ।

ਸਿੰਘ : ਐਵੇਂ ਨਹੀਂ ਨਾ।

ਡਾਕਟਰ : ਐਵੇਂ ਕੀ ਹੋਣੇ ਸੀ, ਐਵੇਂ ਤਾਂ ਉਹ ਗੁਣ ਹੀ ਉਸ ਦੇ ਭਾ ਦਾ ਨਾਸਤ (ਨੇਸਤ) ਹਨ, ਚਾਹੇ ਉਂਵ ਲੋਪ ਹੀ ਹੋਣ।

ਸਿੰਘ : ਸੋ ਉਸ ਲੁਪਤ ਗੁਣਾਂ ਵਾਲੇ ਪੁਰਸ਼ ਦੇ ਸਨਮਾਨ ਤਾਈਂ ਕਿਸੇ ਨੂੰ ਕੀ ਪਿਆ, ਕਿਉਂਕਿ ਉਸ ਦੇ ਭਾ ਦਾ ਤਾਂ ਉਹ ਗੁਣਾਂ ਸੁੰਨ ਪੰਜਾਂ ਤੱਤਾਂ ਦਾ ਪੁਤਲਾ ਹੀ ਹੈ।

ਡਾਕਟਰ : ਉਸ ਦੇ ਸਨਮਾਨ ਕਰਨ ਦੀ ਕਿਸੇ ਨੂੰ ਕੋਈ ਲੋੜ ਨਹੀਂ।

ਸਿੰਘ : ਭਲਾ ਜੇ ਕੋਈ ਕਰੇ।

ਡਾਕਟਰ : ਤਾਂ ਉਹ ਇਕ ਪ੍ਰਕਾਰ ਦੀ ਬੁਤ ਪ੍ਰਸੰਤੀ ਕਰਦਾ ਹੈ।

ਸਿੰਘ : ਇਕ ਪ੍ਰਕਾਰ ਦੀ ਕੀ ! ਕੋਰੀ ਸਾਫ਼ ਬੁਤ ਪ੍ਰਸਤੀ ਕਰਦਾ, ਕਹੋ।

ਡਾਕਟਰ : ਭਲਾ ਏਵੇਂ ਹੀ ਸਹੀ : ਇਸ ਤੋਂ ਆਪ ਨੇ ਸਿਧਾਂਤ ਕੀ ਨਿਕਾਲਿਆ ?

ਸਿੰਘ : ਜ਼ਿਸ ਪ੍ਰਕਾਰ ਆਪ ਦੇ ਗੁਣਾਂ ਦੇ ਮੇਰੇ ਪ੍ਰਤੀ ਪ੍ਰਗਟ ਹੋਣ ਤੋਂ ਪ੍ਰਿਥਮ ਆਪ ਮੇਰੇ ਨਿਕਟ ਸਨਮਾਨ ਯੋਗ ਨਹੀਂ ਸੇ, ਪਰੰਤੂ ਜਦ ਆਪ ਦੇ ਗੁਣ ਮੇਰੇ ਉੱਤੇ ਪ੍ਰਗਟ ਹੋਏ ਤਦ ਮੈਂ ਆਪ ਦਾ ਸਨਮਾਨ ਕਰਨ ਲੱਗਾ। ਸੋ ਆਪ ਦੇ ਸਰੀਰ ਦਾ ਸਨਮਾਨ ਤਾਂ ਇਹ ਨਹੀਂ ਹੈ, ਉਨ੍ਹਾਂ ਗੁਣਾਂ ਨੂੰ ਹੀ ਸਨਮਾਨ ਹੈ। ਏਸੇ ਪ੍ਰਕਾਰ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਜੋ ਕਰਦੇ ਹਨ, ਉਨ੍ਹਾਂ ਦਾ ਇਹ ਸਨਮਾਨ ਉਨ੍ਹਾਂ ਅਗਾਧ ਅਤੇ ਅਪਰੰਪਰ ਗੁਣਾਂ ਕਰਕੇ ਹੈ, ਜਿਨ੍ਹਾਂ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਡਾਕਟਰ : ਯਿਹ ਤੋਂ ਬਹੁਤ ਅੱਛਾ ਹੈ। ਹਮ ਬਹੁਤ ਖ਼ੁਸ਼ ਹੋਏ, ਨਾ ਹੀ ਪਹਿਲਾਂ ਐਸਾ ਪਤਾ ਸੀ ਕਿ ਸਿੱਖਾਂ ਦਾ ਐਸਾ ਉੱਚ ਮੰਤਵ ਹੈ, ਹਮ ਕੋ ਕਿਸੀ ਨੇ ਐਸਾ ਨਹੀਂ ਬਤਲਾਇਆ। ਨਾ ਹੀ ਸਾਨੂੰ ਯਕੀਨ ਹੈ ਕਿ ਕੋਈ ਸਿੱਖ ਇਸ ਤਰ੍ਹਾਂ ਦਾ ਖ਼ੁਦ ਨਿਸਚਾ ਰਖਤਾ ਹੋਵੇ ਔਰ ਦੂਸਰੇ ਨੂੰ ਐਸਾ ਦ੍ਰਿੜਾ ਸਕਦਾ ਹੋਵੇ।

ਸਿੰਘ : ਇਹ ਤਾਂ ਆਪ ਦਾ ਖ਼ਿਆਲ ਮਿਥਿਆ ਹੈ ਕਿ 'ਕਿਸੀ ਸਿੱਖ ਨੂੰ ਐਸਾ ਨਿਸਚਾ ਨਹੀਂ' ਅਤੇ ਇਸ ਬਿਧ ਦ੍ਰਿੜਾਵਣ ਦਾ ਵਸੀਕਾਰ ਨਹੀਂ। ਮੈਥੋਂ ਅਤਯੰਤ ਅਧਿਕ ਗੁਣਾਂ ਵਾਲੇ ਸਿੱਖ, ਸਿੱਖ ਪੰਥ ਵਿਖੇ ਵਿਦਮਾਨ ਹਨ, ਜਿਨ੍ਹਾਂ ਦੇ ਚਰਨਾਂ ਦੀ ਧੂੜ ਦੇ ਬਰਾਬਰ ਵੀ ਮੈਂ ਨਹੀਂ ਅਤੇ ਜਿਨ੍ਹਾਂ ਦੇ ਨਿਸਚੇ ਵਾ ਲਿਆਕਤ ਦੇ ਤੁਲ ਮੇਰਾ ਨਿਸਚਾ ਪਾਸੰਗ ਭੀ ਨਹੀਂ। ਅਸਲ ਗੱਲ ਇਹ ਹੈ ਕਿ ਆਪ ਦਾ ਅੱਜ ਤਾਈਂ ਕਿਸੇ ਸਿੱਖ ਨਾਲ ਵਾਸਤਾ ਹੀ ਨਹੀਂ ਪਿਆ।

**ਡਾਕਟਰ** : ਬੇਸ਼ਕ, ਹੈ ਤਾਂ ਏਹੋ ਠੀਕ।

**ਸਿੰਘ** : ਅੱਛਾ, ਹੁਣ ਤਾਂ ਆਪ ਨੂੰ ਨਿਸਚਾ ਹੋਇਆ ਕਿ ਸਿੱਖ ਗੁਣ ਪ੍ਰਸਤ ਹਨ, ਬੁਤ ਪ੍ਰਸਤ ਨਹੀਂ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਨਮਾਨ ਕਰਨਾ ਬੁਤ ਪ੍ਰਸਤੀ ਨਹੀਂ।

**ਡਾਕਟਰ** : ਹਾਂ, ਸੱਚਮੁੱਚ ਗੁਣਾਂ ਦਾ ਸਤਿਕਾਰ ਤਾਂ ਕੋਈ ਬੁਤ ਪ੍ਰਸਤੀ ਨਹੀਂ, ਪਰ ਇਤਨੀ ਬਾਤ ਤਾਂ ਆਪ ਵੀ ਮੰਨੋਗੇ ਕਿ ਸਾਰੇ ਸਿੱਖ ਐਸਾ ਸਮਝ ਕੇ ਨਹੀਂ ਕਰਦੇ ਅਰ ਬਹੁਤ ਸਾਰੇ ਐਸੇ ਵੀ ਸਿੱਖ ਮੌਜੂਦ ਹੋਣਗੇ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਣਾਂ ਦੀ ਸੂਝ-ਬੂਝ ਵੀ ਨਾ ਹੋਵੇਗੀ, ਐਸੇ ਸਿੱਖਾਂ ਪਰ ਬੁਤ ਪ੍ਰਸਤੀ ਦਾ ਦੂਸ਼ਨ ਆ ਸਕਦਾ ਹੈ ਕਿ ਨਹੀਂ ?

**ਸਿੰਘ** : ਉਸ ਨੂੰ ਤਾਂ ਸਿੱਖ ਕਹਿਣਾ ਹੀ ਠੀਕ ਨਹੀਂ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਣਾਂ ਦਾ ਪਤਾ ਨਾ ਹੋਵੇ, ਉਹ ਯਾ ਤਾਂ ਕੋਰਾ ਸਿੱਖ ਹੈ ਜਾਂ ਭੇਖੀ ਹੈ।

**ਡਾਕਟਰ** : ਨਹੀਂ, ਬਹੁਤ ਸਾਰੇ ਐਸੇ ਸਿੱਖ ਤਾਂ ਜ਼ਰੂਰ ਹੋਣਗੇ ਜੋ ਸਿਰਫ਼ ਦੇਖਾ ਦੇਖੀ (ਰੀਸੋ ਰੀਸੀ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਕਰਦੇ ਹੋਣ, ਜੈਸਾ ਕਿ ਆਪ ਦੇਖਦੇ ਹੋ ਕਿ ਬਹੁਤ ਸਾਰੇ ਲੋਗ ਦੌਰੇ ਵਿਚ ਮੈਨੂੰ ਸਿਰਫ਼ ਦੇਖਾ ਦੇਖੀ ਹੀ ਸਲਾਮ ਕਰਦੇ ਹਨ ਅਰ ਮੇਰੇ ਗੁਣਾਂ ਨੂੰ ਉਹ ਜਾਣਦੇ ਵੀ ਨਹੀਂ।

**ਸਿੰਘ** : ਆਪ ਨੂੰ ਜੋ ਅਕਸਰ ਲੋਗ ਸਲਾਮ ਕਰਦੇ ਹਨ ਉਹ ਆਪ ਦੇ ਗੋਰੇ ਰੰਗ ਨੂੰ ਬਸੇਖ ਹੈ, ਅਸਾਡੇ ਦੇਸ਼ ਵਿਚ ਇਕ ਵੱਡੀ ਭੇਡ-ਚਾਲ ਇਹ ਵੀ ਪਈ ਹੋਈ ਹੈ ਕਿ ਭਾਵੇਂ ਕੋਈ ਵੀ ਚਿੱਟੇ ਚਮੜੇ ਅਤੇ ਵਲੈਤੀ ਟੋਪੀ ਵਾਲਾ ਪੁਰਸ਼ ਹੋਵੇ, ਉਸ ਨੂੰ 'ਸਾਹਿਬ' 'ਸਾਹਿਬ' ਆਖ ਕੇ ਸਲਾਮ ਕਰਨ ਲੱਗ ਜਾਣਗੇ ਭਾਵੇਂ ਉਸ ਥੋਂ ਜਾਣੂ ਹੋਣ ਭਾਵੇਂ ਨਾ ਹੋਣ।

**ਡਾਕਟਰ** : ਕਿਆ ਐਸੀ ਭੇਡਾ-ਚਾਲ ਸ਼ਾਇਦ ਸਿੱਖਾਂ ਵਿਚ ਹੋਵੇ ? ਜੇ ਫ਼ਰਜ਼ ਕੀਤਾ, ਹੈ, ਤਾਂ ਇਸ ਭੇਡਾ-ਚਾਲ ਨੂੰ ਕਿਆ ਆਪ ਬੁਤ ਪ੍ਰਸਤੀ ਨਹੀਂ ਕਹੋਗੇ ?

**ਸਿੰਘ** : ਬੇਸ਼ਕ ! ਮੈਂ ਤਾਂ ਅੱਗੇ ਹੀ ਇਸ ਭੇਡਾ-ਚਾਲ ਦਾ ਨਾਉਂ ਬੁਤ ਪ੍ਰਸਤੀ ਦੱਸ ਚੁੱਕਾ ਹਾਂ ਅਤੇ ਮੜ੍ਹਾ ਪ੍ਰਸਤੀ ਦੇ ਨਾਮ ਸਹਿਤ ਇਸ ਨੂੰ ਪੁਕਾਰ ਚੁੱਕਾ ਹਾਂ। ਫ਼ਰਜ਼ ਕੀਤਾ ਜੇ ਸਿੱਖਾਂ ਦੀ ਵੀ ਅਜਿਹੀ ਭੇਡਾ-ਚਾਲ਼ ਹੈ ਤਦ ਜ਼ਰੂਰ ਉਹ ਵੀ ਬੁਤ ਪ੍ਰਸਤੀ ਕਰਦੇ ਹਨ, ਪਰੰਤੂ ਵਾਸਤਵ ਵਿਚ ਸਿੱਖਾਂ ਦਾ ਅਜਿਹਾ ਵਤੀਰਾ ਹੈ ਨਹੀਂ, ਕਿਉਂਕਿ ਕੋਈ ਪ੍ਰਾਣੀ ਓਦੋਂ ਤੀਕਰ ਸਿੱਖ ਬਣ ਹੀ ਨਹੀਂ ਸਕਦਾ, ਜਦ ਤੀਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਸਿੱਖਿਆ ਨੂੰ ਧਾਰਨ ਨਾ ਕਰ ਲਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੀ ਸਿੱਖਿਆ ਮਈ ਅਮੁੱਲ ਅਤੇ ਅਪਾਰ ਗੁਣਾਂ ਦਾ ਖ਼ਜ਼ਾਨਾ ਨਾ ਨਿਸਚਿਤ ਕਰ ਲਵੇ ਅਤੇ ਇਸ ਬਿਧ ਨਿਸਚਿਤ ਕਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰੂ ਤਸਲੀਮ ਨਾ ਕਰ ਲਵੇ।

**ਡਾਕਟਰ** : ਐਸਾ ਤਾਂ ਹੋ ਸਕਦਾ ਹੈ ਕਿ ਬਹੁਤ ਸਾਰੇ ਆਦਮੀ ਸਿਰਫ਼ ਕਿਸੇ ਮਤਲਬ ਦੀ ਖ਼ਾਤਰ ।ਮਖ ਬਣ ਗਏ ਹੋਣ ?

**ਸਿੰਘ** : ਅਜਿਹੇ ਪੁਰਸ਼ਾਂ ਦਾ ਨਾਮ ਤਾਂ ਆਪ ਨੂੰ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਭੇਖੀ ਸਿੱਖ ਹੁੰਦਾ ਹੈ।

**ਡਾਕਟਰ** : ਭੇਖੀ, ਬਹੁਤ ਖ਼ੂਬ ! ਹਾਂ, ਐਸੇ ਆਦਮੀ ਭੀ ਬਹੁਤ ਹੋਣਗੇ ਜੋ ਸਿਰਫ਼ ਸਿੱਖਾਂ ਨੂੰ ਖ਼ੁਸ਼ ਕਰਨ ਦੀ ਖ਼ਾਤਰ ਹੀ ਸਨਮਾਨ ਕਰਦੇ ਹੋਣ ?

**ਸਿੰਘ** : ਹਾਂ, ਅਜਿਹੇ ਤਾਂ ਬਥੇਰੇ ਹੋਣਗੇ।

**ਡਾਕਟਰ** : ਤਾਂ ਉਹ ਤਾਂ ਬੁਤ ਪ੍ਰਸਤੀ ਕਰਨ ਵਾਲੇ ਹੋਏ ?

**ਸਿੰਘ** : ਬੇਸ਼ਕ ! ਉਨ੍ਹਾਂ ਦਾ ਐਸਾ ਕਰਨਾ ਤਾਂ ਬਿਲਕੁਲ ਬੁਤ ਪ੍ਰਸਤੀ ਹੈ। ਪਰੰਤੂ ਉਨ੍ਹਾਂ ਦੇ ਅਜਿਹਾ ਕਰਨ ਨਾਲ ਸਿੱਖ ਕੌਮ ਉੱਤੇ ਬੁਤ ਪ੍ਰਸਤੀ ਦਾ ਧੱਬਾ ਤਾਂ ਨਹੀਂ ਆ ਸਕਦਾ। ਸਿੱਖ ਮਤ ਦੇ ਅਸੂਲ ਇਸ ਧੱਬੇ ਤੋਂ ਪਾਕ ਹਨ। ਜੋ ਪੁਰਸ਼ ਸਿੱਖ ਮਤ ਦੇ ਅਸੂਲਾਂ ਨੂੰ ਧਾਰਨ ਨਹੀਂ ਕਰਦਾ ਅਤੇ ਐਵੇਂ ਹੀ ਆਪਣੇ ਆਪ ਨੂੰ ਸਿੱਖ ਸਦਵਾਉਂਦਾ ਫਿਰਦਾ ਹੈ ਉਹ ਖ਼ੁਦਗਰਜ਼ ਹੈ। ਖ਼ੁਦਗਰਜ਼ ਆਦਮੀ ਦੀਨਦਾਰ ਕਦੇ ਨਹੀਂ ਹੋ ਸਕਦਾ ਅਰ ਜਿਤਨੇ ਭੀ ਬੇਦੀਨ ਪੁਰਸ਼ ਦੁਨੀਆਂ ਵਿਖੇ ਹਨ, ਸਭ ਦੇ ਸਭ ਖ਼ੁਦਗਰਜ਼ ਹੋਣ ਦੇ ਕਾਰਨ ਬੁਤ ਪ੍ਰਸਤ ਹਨ। ਜਿਸ ਦਾ ਦੀਨ ਈਮਾਨ (ਧਰਮ) ਕਾਇਮ ਨਹੀਂ, ਉਹ ਇਕ ਨਿਰੰਕਾਰ ਸਿਰਜਣਹਾਰ ਦਾਤਾਰ ਅਕਾਲ ਪੁਰਖ ਤੋਂ ਬੇਮੁਖ ਹੁੰਦਾ ਹੋਇਆ ਉਸ ਦੇ ਦਿੱਤੇ ਪਦਾਰਥਾਂ ਵਿਖੇ ਲੰਪਟ ਹੈ ਅਤੇ ਕਰਤਾਰ ਦੇ ਕੀਤੇ ਜੰਤਾਂ ਦੀ ਅਨੇਕ ਪ੍ਰਕਾਰ ਦੀ ਅਣਹੋਈ ਖ਼ੁਸ਼ਾਮਦ ਕਰਦਾ ਹੈ ਅਤੇ ਆਪਣੀ ਗ਼ਰਜ਼ ਖ਼ਾਤਰ ਦਰ ਬਦਰ ਭਟਕਦਾ ਅਤੇ ਧੱਕੇ ਖਾਂਦਾ ਹੈ। ਗੁਰਮਤਿ ਅਰਥਾਤ ਸਿੱਖ ਮਤ ਅੰਦਰ ਇਕ ਅਕਾਲ ਪੁਰਖ ਨੂੰ ਵਿਸਾਰ ਕੇ ਦੂਜੀ ਹੋਰ ਕਿਸੇ ਕਾਲਗ੍ਰਸਤ (ਕਾਲ ਦੇ ਚੱਕਰ ਅੰਦਰ ਆਈ) ਵਸਤੂ ਵੱਲ ਲੱਗਣਾ ਹੀ ਇਕ ਪ੍ਰਕਾਰ ਦੀ ਬੁਤ ਪ੍ਰਸਤੀ ਹੈ।

**ਡਾਕਟਰ** : ਏਥੇ ਮੈਨੂੰ ਫੇਰ ਸੰਸਾ (ਸੰਦੇਹ) ਵਿਆਪ ਗਿਆ ਕਿ ਸਿੱਖਾਂ ਉਪਰੋਂ ਬੁਤ ਪ੍ਰਸਤੀ ਦਾ ਧੱਬਾ ਦੂਰ ਨਹੀਂ ਹੁੰਦਾ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਕਾਲ ਪੁਰਖ ਤੋਂ ਭਿੰਨ (ਜੁਦਾ) ਦੂਸਰੀ ਵਸਤੂ ਨਹੀਂ ? ਬੇਸ਼ਕ ਹੈ। ਇਸ ਵਾਸਤੇ ਗੁਰਮਤਿ ਦੇ ਅਸੂਲ ਅਨੁਸਾਰ ਹੀ ਸਿੱਖ ਇਕ ਤੋਂ ਛੁੱਟ ਦੂਜੀ ਵਸਤੂ ਦੇ ਉਪਾਸ਼ਕ ਹੋਣ ਕਰਕੇ ਬੁਤ ਪ੍ਰਸਤ ਹਨ। ਬੁਤ ਪ੍ਰਸਤੀ ਤੋਂ ਰਹਿਤ ਨਹੀਂ ਹੋ ਸਕਦੇ।

**ਸਿੰਘ** : ਬੇਸ਼ਕ, ਜੇਕਰ ਇਹ ਸਾਬਤ ਹੋ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਕੋਈ ਹੋਰ ਦੁਤੀਆ ਵਸਤੂ ਹਨ ਤਾਂ ਆਪ ਜ਼ਰੂਰੀ ਨਿਧੜਕ ਅਤੇ ਨਿਸੰਗ ਬੁਤ ਪ੍ਰਸਤੀ ਦਾ ਦੂਸ਼ਨ ਅਰੋਪ ਸਕਦੇ ਹੋ, ਪਰੰਤੂ ਜੇਕਰ ਇਹ ਸਿੱਧ ਹੋ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਤਦ ਤਾਂ ਆਪ ਨੂੰ ਆਪਣੇ ਲਫ਼ਜ਼ ਵਾਪਸ ਲੈਣੇ ਪੈਣਗੇ।

**ਡਾਕਟਰ** : ਇਹ ਕਿਸ ਤਰ੍ਹਾਂ ਸਾਬਤ ਹੋ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਨਹੀਂ ?

**ਸਿੰਘ** : ਆਪ ਜ਼ਰਾ ਧੀਰਜ ਕਰੋ, ਘਬਰਾਓ ਨਹੀਂ। ਜੇ ਸਿੱਧ ਹੋ ਗਿਆ ਤਾਂ ਆਪ ਨੇ ਮੰਨਣਾ ਅਤੇ ਜੇ ਆਪ ਦਾ ਘਰ ਪੂਰਾ ਨਾ ਹੋਇਆ ਤਾਂ ਆਪ ਨਿਸੰਗ ਆਪਣਾ ਹੁਣ ਵਾਲਾ ਹਠ ਕਾਇਮ ਰੱਖ ਸਕਦੇ ਹੋ। ਮੱਲੋ ਮੱਲੀ ਹੀ ਤਾਂ ਆਪ ਦੇ ਗਲ ਕੋਈ ਕਿਸੇ ਅਕੀਦੇ

ਨੂੰ ਚਮੋੜ ਨਹੀਂ ਸਕਦਾ। ਆਪ ਪਹਿਲਾਂ ਸੁਣ ਲਵੋ, ਫੇਰ ਚਾਹੇ ਸਿਰ ਹੀ ਫੇਰ ਦੇਣਾ।

ਡਾਕਟਰ : ਅੱਛਾ, ਸੁਣਾਓ ? ਮੈਂ ਸੁਣਨ ਨੂੰ ਤਿਆਰ ਹਾਂ ਪਰ ਹੁਣ ਵਕਤ ਤੰਗ ਹੈ, ਵਾਪਸ ਕੈਂਪ ਵਿਚ ਚੱਲ ਕੇ ਰਾਤ ਨੂੰ ਫਿਰ ਏਹੀ ਸਿਲਸਿਲਾ ਛੇੜਾਂਗੇ, ਇਸ ਪੁਆਇੰਟ ਨੂੰ ਯਾਦ ਰੱਖਣਾ।

ਸਿੰਘ : ਅੱਛੀ ਬਾਤ, ਇਹ ਬਾਤ ਠੀਕ ਹੈ ਸਗੋਂ ਇਕਾਂਤ ਬੈਠ ਕੇ ਵਿਚਾਰ ਕਰਾਂਗੇ।

[ਇਹ ਗੱਲ ਬਾਤ ਚਰਚਾ ਸਾਰੇ ਰਸਤੇ ਵਿਚ ਘੋੜਿਆਂ ਉੱਤੇ ਚੜ੍ਹਿਆਂ ਹੀ ਹੋਈ, ਏਤਨੇ ਨੂੰ ਉਹ ਪਿੰਡ ਆ ਗਿਆ ਜਿਥੇ ਟੀਕਾ (inoculation) ਕਰਨਾ ਸੀ। ਦੋ-ਤਿੰਨ ਘੰਟੇ ਏਥੇ ਟੀਕਾ ਕਰਦਿਆਂ ਲੱਗ ਗਏ, ਬਹੁਤ ਉਥੋਂ ਵੇਹਲੇ ਹੋ ਸਿੱਧੇ ਕੈਂਪ ਨੂੰ ਪਧਾਰੇ। ਰਸਤੇ ਵਿਚ ਰੰਚਕ ਨਹੀਂ ਅਟਕੇ। ਡਾਕਟਰ ਹੋਰੀਂ ਟਿਫਨ (Tiffin) ਦੀ ਤਾਂਘ ਵਿਚ ਘੋੜੇ ਨੂੰ ਦਬੱਲੀ ਹੀ ਗਏ। ਏਹ ਲੋਕ ਅਜਿਹੇ ਭੁਖੈਲੇ ਹੁੰਦੇ ਹਨ ਕਿ ਭੁੱਖ ਲੱਗੀ ਤੋਂ ਇਨ੍ਹਾਂ ਨੂੰ ਹੋਰ ਕੋਈ ਗੱਲ ਨਹੀਂ ਸੁਝਦੀ ਅਰ ਜੇ ਥੋੜਾ ਚਿਰ ਭੁੱਖ ਲੱਗੀ ਪਸ਼ਚਾਤ ਖਾਣ ਪੀਣ ਲਈ ਇਨ੍ਹਾਂ ਨੂੰ ਕੁਛ ਨਾ ਮਿਲੇ ਤਾਂ ਏਹਨਾਂ ਦੇ ਭਾ ਦੀ ਬਣ ਜਾਂਦੀ ਹੈ ਅਤੇ ਜਾਨ ਕਾਖਤੇ ਆ ਜਾਂਦੀ ਹੈ। ਗੱਲ ਕੀ ਅਤਿਅੰਤ ਹੀ ਤੌਲ (ਸ਼ੀਘਰਤਾ) ਸਹਿਤ ਕੈਂਪ ਵਿਖੇ ਆਣ ਪਹੁੰਚੇ। ਉਪਰੋਂ ਤੀਜਾ ਪਹਿਰ ਆ ਗਿਆ ਸੀ, ਆਥਣ ਹੋਈ ਤੇ ਡਾਕਟਰ ਹੋਰਾਂ ਨੇ ਆਪਣੇ ਅਰਦਲੀ ਨੂੰ ਸਿੰਘ ਹੋਰਾਂ ਦੇ ਪਾਸ ਪਠਾ ਕੇ ਕਹਿ ਭੇਜਿਆ ਕਿ ਜੇ ਆਪ ਆਉਣਾ ਚਾਹੋ ਤਾਂ ਮੇਰੇ ਸਪਰ (Supper, ਆਥਣ ਦੇ ਖਾਣੇ) ਦੇ ਸਮੇਂ ਵਿਚ ਹੀ ਆ ਸਕਦੇ ਹੋ। ਇਸ ਦੇ ਉੱਤਰ ਵਿਖੇ ਸਿੰਘ ਹੋਰਾਂ ਨੇ ਕਹਿ ਭੇਜਿਆ ਕਿ ਹੁਣ ਮੇਰਾ ਰਹਿਰਾਸ (Evening Prayer) ਦਾ ਸਮਾਂ ਹੈ, ਮੈਂ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਤੇ ਪ੍ਰਸ਼ਾਦਾ ਛਕ ਕੇ ਆਵਾਂਗਾ। ਏਤਨੇ ਨੂੰ ਆਪ ਭੀ ਆਪਣੇ ਸਪਰ ਤੋਂ ਫ਼ਾਰਗ (ਵਿਹਲੇ) ਹੋ ਲਵੋਗੇ, ਫੇਰ ਦੁਬਿਧਾ ਰਹਿਤ ਹੋ ਕੇ ਹੀ ਗੋਸ਼ਟ ਕਰਾਂਗੇ। ਇਸ ਦੇ ਉੱਤਰ ਵਿਚ ਡਾਕਟਰ ਹੋਰਾਂ ਨੇ 'ਆਲ ਰਾਈਟ' (all right) ਬਹੁਤ ਅੱਛਾ ਕਹਿ ਭੇਜਿਆ। ਆਪਣੇ ਆਥਣ ਦੇ ਨਿੱਤ ਨੇਮ ਤੋਂ ਸੁਰਖ਼ਰੂ ਹੋ ਕੇ ਸਿੰਘ ਹੋਰਾਂ ਨੇ ਡਾਕਟਰ ਜੀ ਨੂੰ (ਨੀਯਤ ਕੀਤੇ ਸਮੇਂ ਅਨੁਸਾਰ) ਜਾ ਫ਼ਤਹਿ ਗਜਾਈ।]

ਡਾਕਟਰ : ਮੁਆਫ਼ ਕਰਨਾ, ਮੈਨੂੰ ਆਪ ਦੀ ਫ਼ਤਹਿ ਦਾ ਜਵਾਬ ਆਪ ਦੇ ਮਨ-ਮੰਨੇ ਪਦਾਂ ਵਿਚ ਦੇਣਾ ਨਹੀਂ ਆਉਂਦਾ, ਚਾਹੇ ਮੈਂ ਉਸ ਦਿਨ ਤੋਂ ਜਿਸ ਦਿਨ ਕਿ ਆਪ ਨੇ 'ਫ਼ਤਹਿ' ਦੀ ਵਿਆਖਿਆ ਕਰਕੇ ਮੈਨੂੰ ਸੁਣਾਈ ਸੀ, ਮੈਂ ਆਪ ਦੀ ਫ਼ਤਹਿ ਨੂੰ ਪਸਿੰਦ (appreciate) ਕਰਦਾ ਹਾਂ ਅਤੇ 'ਸਲਾਮ' ਗੁੱਡ ਮਾਰਨਿੰਗ (good morning) ਆਦਿਕ ਨਾਲੋਂ ਅਧਿਕ ਅੱਛੀ ਜਾਣਦਾ (ਤਰਜੀਹ ਦਿੰਦਾ) ਹਾਂ, ਪਰੰਤੂ ਮੈਂ ਆਪਣੀ ਜ਼ਬਾਨ ਤੋਂ ਅੱਛੀ ਤਰ੍ਹਾਂ ਨਾਲ ਆਪ ਦੀ ਫ਼ਤਹਿ ਵਾਲੇ ਪਦ ਉਚਾਰ ਅਦਾ ਨਹੀਂ ਕਰ ਸਕਦਾ। ਅੱਛਾ ਉਹੀ ਚਰਚਾ ਫਿਰ ਛੇੜੋ। ਭਲਾ ਅਸੀਂ ਕਿੱਥੇ ਸੀ ?

ਸਿੰਘ : ਅਸੀਂ ਏਸ ਨਿਸ਼ਾਨੇ 'ਤੇ ਅਟਕੇ ਹੋਏ ਸਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਤੋਂ ਭਿੰਨ ਹੈਨ ਕਿ ਨਹੀਂ ? ਆਪ ਦਾ ਇਹ ਦਾਵਾ ਹੈ ਕਿ ਭਿੰਨ ਹੈਨ। ਮੇਰਾ ਇਹ ਭਰੋਸਾ ਹੈ ਕਿ ਭਿੰਨ ਨਹੀਂ।

**ਡਾਕਟਰ** : ਹਾਂ, ਆਪ ਸਾਬਤ ਕਰੋ ਕਿ ਭਿੰਨ ਨਹੀਂ।

**ਸਿੰਘ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ[1] ਹਨ ਅਤੇ ਗੁਣੀ ਤੇ ਗੁਣਾਂ ਦੀ ਪਰਸਪਰ ਅਭੇਦਤਾ ਹੈ, ਅਰਥਾਤ ਗੁਣੀ ਗੁਣਾਂ ਤੋਂ ਭਿੰਨ ਨਹੀਂ ਹੁੰਦਾ ਅਤੇ ਗੁਣਾਂ ਤੋਂ ਭਿੰਨ ਗੁਣੀ ਦਾ ਸਰੂਪ (ਵਜੂਦ, being or existence) ਹੀ ਅਸੰਭਵ ਹੈ।

**ਡਾਕਟਰ** : ਇਹ ਕਿਸੇ ਤਰ੍ਹਾਂ, ਮੇਰੀ ਸਮਝ ਵਿਚ ਨਹੀਂ ਆਇਆ ?

**ਸਿੰਘ** : ਆਪ ਆਪਣੇ ਗੁਣਾਂ ਤੋਂ ਭਿੰਨ ਕੁਛ ਹੋਰ ਵੀ ਹੋ ?

**ਡਾਕਟਰ** : ਕਿਉਂ ਨਹੀਂ, ਮੈਂ ਕੁਛ ਹੋਰ ਚੀਜ਼ ਹਾਂ ਅਤੇ ਮੇਰੇ ਗੁਣ ਕੁਛ ਹੋਰ ਮੈਥੋਂ ਵੱਖ ਚੀਜ਼ ਹਨ।

**ਸਿੰਘ** : ਭਲਾ, ਮੈਨੂੰ ਜਣਾਓ ਤਾਂ ਸਹੀ ਕਿ ਆਪ ਆਪਣੇ ਗੁਣਾਂ ਤੋਂ ਵੱਖ ਕੋਈ ਹੋਰ ਚੀਜ਼ ਕਿਵੇਂ ਹੋ ?

**ਡਾਕਟਰ** : ਜਣਾਵਣ ਦੀ ਕੀ ਲੋੜ ਹੈ। ਇਹ ਤਾਂ ਸਾਫ਼ ਹੀ ਹੈ ਕਿ ਮੈਂ, ਮੈਂ ਹੀ ਹਾਂ ਅਤੇ ਮੇਰੇ ਗੁਣ ਮੇਰੇ ਗੁਣ ਹੀ ਹਨ।

**ਸਿੰਘ** : ਆਪ ਅਜੇ ਆਪਣੇ ਆਪ ਨੂੰ ਮੇਰੇ ਤਾਈਂ ਆਪਣੇ ਗੁਣਾਂ ਤੋਂ ਭਿੰਨ ਨਹੀਂ ਜਾਣ ਸਕੇ, ਨਾ ਹੀ ਆਪ ਮੈਨੂੰ ਇਹਨਾਂ ਗੁਣਾਂ ਤੋਂ ਭਿੰਨ ਕੋਈ ਹੋਰ ਚੀਜ਼ ਜਾਪਦੇ ਹੋ।

**ਡਾਕਟਰ** : ਦੇਖੋ ! ਮੈਂ ਸਾਫ਼ ਆਪ ਦੇ ਸਾਹਮਣੇ ਬੈਠਾ ਹਾਂ।

**ਸਿੰਘ** : ਮੈਨੂੰ ਇਸ ਸਮੇਂ ਜੋ ਕੁਛ ਖੋਜ ਆਪ ਦਾ ਮਿਲਦਾ ਹੈ ਸੋ ਕੇਵਲ ਆਪ ਦੇ ਕਥੇ ਬਚਨਾਂ ਦੇ ਅਰਥਾਂ ਵਿਚ ਹੀ ਮਿਲਦਾ ਹੈ ਕਿ ਆਪ ਉਹ ਚੀਜ਼ ਹੋ ਜੋ ਮੇਰੇ ਸਾਹਮਣੇ ਬੈਠੇ ਹੋ ਇਹ ਆਪ ਦਾ ਮੇਰੇ ਸਾਹਮਣੇ ਬੈਠਣ ਰੂਪੀ ਹੀ ਗੁਣ ਹੈ ਜੋ ਆਪਨੂੰ (ਅਰਥਾਤ ਆਪ ਦੇ ਸਰੂਪ ਨੂੰ) ਮੇਰੇ ਤਾਈਂ ਜਣਾਵਦਾ ਹੈ। ਇਸ ਗੁਣ ਬਿਹੂਣ ਅਥਵਾ ਇਸ ਗੁਣ ਤੋਂ ਭਿੰਨ ਆਪ ਕੁਛ ਨਹੀਂ ਹੋ। ਅਰਥਾਤ ਜੇਕਰ ਆਪ ਦਾ ਮੇਰੇ ਸਾਹਮਣੇ ਬੈਠਣ ਵਾਲਾ ਗੁਣ ਲੋਪ ਹੋ ਜਾਏ ਤਦ ਆਪ ਭੀ ਇਸ ਗੁਣ ਦੇ ਨਾਲ ਹੀ ਲੋਪ ਹੋ ਗਏ। ਦੱਸੋ, ਕਦੇ ਲੋਪ ਹੋਣੋਂ ਰਹਿ ਸਕਦੇ ਹੋ ?

**ਡਾਕਟਰ** : ਭਲਾ, ਕਿਸ ਤਰ੍ਹਾਂ ਮੈਂ ਨਹੀਂ ਸਮਝਿਆ ਆਪ ਕੀ ਕਹਿੰਦੇ ਹੋ ?

**ਸਿੰਘ** : ਆਪ ਜੇਕਰ ਆਪਣੇ ਕਥਨ ਅਨੁਸਾਰ ਮੇਰੇ ਸਾਹਮਣੇ ਨਾ ਬੈਠੇ ਹੋਵੋ ਤਦ ਮੈਂ ਕਿਸ ਤਰ੍ਹਾਂ ਜਾਣਾ ਕਿ ਆਪ ਕੀ ਹੋ। ਹੋ, ਤਾਂ ਕੀ ਵਸਤੂ ਹੋ ? ਏਹ ਆਪ ਦਾ ਮੇਰੇ ਸਾਹਮਣੇ ਬੈਠਣ ਰੂਪੀ ਗੁਣ ਹੀ ਹੈ ਜੋ ਮੈਨੂੰ ਇਹ ਗੱਲ ਜਣਾਵਦਾ ਹੈ ਕਿ ਆਪ ਹੋ। ਇਸ ਗੁਣ ਤੋਂ ਭਿੰਨ ਆਪ ਕੱਖ ਨਹੀਂ ਰਹਿੰਦੇ।

**ਡਾਕਟਰ** : ਜੇ ਮੇਰਾ ਆਪ ਦੇ ਸਾਹਮਣੇ ਬੈਠਣ ਵਾਲਾ ਗੁਣ ਉਡ ਜਾਏ ਤਾਂ ਇਸ ਦੇ ਅਰਥ ਇਹ

---

੧. ਸ. ਗੁਰਪਾਲ ਸਿੰਘ ਜੀ (ਲੰਡਨ) ਆਡੀਟਰ ਅੰਮ੍ਰਿਤਸਰ ਨੇ ਸ਼ੰਕਾ ਪ੍ਰਗਟ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦਾ ਗੁਣਾਂ ਦੇ ਪੁੰਜ ਹਨ ਜਾਂ ਗੁਣਾਂ ਦਾ ਬਿਆਨ, ਤੇ ਗੁਣਾਂ ਦਾ ਪੁੰਜ ਕਿਵੇਂ ਹਨ ? ਇਸ ਸਬੰਧੀ ਉੱਤਰ ਪੁਸਤਕ ਦੇ ਅਖ਼ੀਰ ਵਿਚ ਦੇਖੋ।

ਹਨ ਕਿ ਯਾ ਤਾਂ ਮੈਂ ਆਪ ਦੇ ਸਾਹਮਣਿਓਂ ਉਠ ਕੇ ਕਿਤੇ ਲਾਂਭੇ ਚਲਿਆ ਜਾਵਾਂ (ਅਰਥਾਤ ਮੈਂ ਹੀ ਆਪ ਦੇ ਸਾਹਮਣੇ ਨਾ ਰਹਾਂ) ਯਾ ਆਪ ਹੀ ਮੇਰੇ ਸਾਹਮਣਿਓਂ ਉਠ ਕੇ ਕਿਤੇ ਲਾਂਮ੍ਹ-ਛਾਮ੍ਹ ਹੋ ਜਾਵੋ, ਯਾ ਆਪ ਦੀ ਮੈਨੂੰ ਸਾਹਮਣੇ ਦੇਖਣ ਵਾਲੀ ਸ਼ਕਤੀ ਹੀ ਨਾ ਰਹੀ ਹੋਵੇ, ਪਰੰਤੂ ਇਸ ਤੋਂ ਇਹ ਤਾਂ ਕਦੇ ਸਿਧਾਂਤ ਨਿਕਲ ਨਹੀਂ ਸਕਦਾ ਕਿ ਮੈਂ ਹਾਂ ਹੀ ਨਹੀਂ!

ਸਿੰਘ : ਭਲਾ, ਇਹ ਤਿੰਨੇ ਗੱਲਾਂ ਤਾਂ ਮੰਨੀਆਂ। ਆਪ ਦਾ ਐਥੋਂ ਉਠ ਕੇ ਚਲੇ ਜਾਣਾ ਭੀ ਮੰਨਿਆਂ, ਯਾ ਮੇਰਾ ਹੀ ਐਥੋਂ ਅਲੋਪ ਹੋ ਜਾਣਾ ਮੰਨਿਆਂ ਅਤੇ ਇਹ ਭੀ ਮੰਨਿਆਂ ਕਿ ਮੇਰੇ ਵਿਚ ਆਪ ਨੂੰ ਦੇਖਣ ਦੀ ਸ਼ਕਤੀ ਨਹੀਂ, ਪਰ ਫੇਰ ਵੀ ਆਪ ਆਪਣੇ ਆਪ ਨੂੰ ਮੇਰੇ ਤਾਈਂ ਕਿਸ ਬਿਧ ਜਣਾਓਗੇ ? ਮੈਨੂੰ ਇਹ ਕਿਕੂੰ ਪਤਾ ਲੱਗੇ ਕਿ ਆਪ ਕੀ ਹੋ। ਜਦ ਮੈਨੂੰ ਆਪ ਦੇ ਸਾਹਮਣੇ ਬੈਠਣ ਦੀ ਹਾਲਤ ਵਿਚ ਆਪ ਦਾ ਆਪ ਦੇ ਸਾਹਮਣੇ ਬੈਠਣ ਵਾਲੇ ਗੁਣਾਂ ਤੋਂ ਭਿੰਨ ਹੋਰ ਕੁਛ ਥੌਹ ਪਤਾ ਨਹੀਂ ਲੱਗਿਆ ਤਦ ਆਪ ਦੇ ਉਠ ਕੇ ਲਾਂਭੇ ਚਲੇ ਜਾਣ ਨਾਲ ਮੈਨੂੰ ਕੀ ਪਤਾ ਲੱਗੂ, ਅਥਵਾ ਮੇਰੇ ਹੀ ਆਪ ਦੇ ਸਾਹਮਣਿਓਂ ਪੇ੍ਡੇ ਹੋਣ ਕਰ ਕੇ ਕੀ ਪਤਾ ਲੱਗੂ ਕਿ ਆਪ ਕੀ ਹੋ ? ਜਦ ਆਪ ਆਪਣੇ ਆਪ ਨੂੰ ਮੇਰੇ ਤਾਈਂ ਇਸ ਹਾਲਤ ਵਿਚ ਨਹੀਂ ਜਾਣ ਸਕੇ ਜਦ ਕਿ ਆਪ ਆਪਣੇ ਨਿਜ ਕਥਨ ਦੁਆਰਾ ਮੇਰੇ ਸਾਹਮਣੇ ਬੈਠੇ ਹੋ, ਤਦ ਉਸ ਹਾਲਤ ਵਿਚ ਜਦ ਕਿ ਆਪ ਮੈਥੋਂ ਲਾਂਭੇ ਹੋ ਜਾਓਗੇ ਯਾ ਮੈਂ ਆਪ ਦੇ ਪਾਸੋਂ ਉਠ ਕੇ ਚਲਿਆ ਜਾਊਂਗਾ, ਆਪਣਾ ਆਪ ਮੇਰੇ ਤਾਈਂ ਕਦ ਜਣਾ ਸਕੋਗੇ ? ਆਪ ਦੇ ਪਾਸੋਂ ਉਠ ਕੇ ਮੇਰੀ ਆਪ ਨੂੰ ਪੇਖ, ਜਾਣ ਸਕਣ ਵਾਲੀ ਸ਼ਕਤੀ ਵੀ ਕੋਈ ਏਦੂੰ ਵਧੇਰੇ ਨਹੀਂ ਹੋ ਜਾਣ ਲੱਗੀ।

ਡਾਕਟਰ : ਮਾਫ਼ ਕਰਨਾ, ਮੈਂ ਆਪ ਦੇ ਉਕਤ ਸ਼ਕਤੀ ਹੀਣ ਹੋਣ ਦਾ ਦੂਸ਼ਨ ਆਪ ਦੇ ਉੱਤੇ ਨਹੀਂ ਲਗਾਉਂਦਾ। ਏਹ ਮੈਨੂੰ ਤਦ ਕਹਿਣਾ ਪਿਆ ਕਿ ਜਾਣ ਬੁਝ ਕੇ ਮੇਰੀ ਹਸਤੀ ਤੋਂ ਮੁਕਰਦੇ ਹੋ, ਹਾਲਾਂਕਿ ਮੈਂ ਸਾਫ਼ (ਪ੍ਰਤੱਖ) ਆਪ ਦੇ ਸਾਹਮਣੇ ਬੈਠਾ ਹਾਂ।

ਸਿੰਘ : ਮੈਂ ਆਪ ਨੂੰ ਸਾਫ਼ ਅਤੇ ਸੱਚੇ ਦਿਲ ਨਾਲ ਕਹਿੰਦਾ ਹਾਂ ਕਿ ਮੈਨੂੰ ਆਪ ਦੇ ਮੁੱਖ ਤੋਂ ਉਚਾਰੇ ਬਚਨਾਂ ਤੋਂ ਵਧੀਕ ਹੋਰ ਕਿਸੇ ਸ਼ਾਖਾ ਯਾ ਸ਼ਹਾਦਤ ਦਾ ਵਧੀਕ ਭਰੋਸਾ ਨਹੀਂ, ਜੋ ਕੁਛ ਏਹਨਾਂ ਬਚਨਾਂ ਨੇ ਆਪ ਦੇ ਸਰੂਪ (ਵਜੂਦ) ਅਰਥਾਤ ਹਸਤੀ ਨੂੰ ਮੇਰੇ ਤਾਈਂ ਜਣਾਇਆ ਹੈ, ਸੋ ਕੇਵਲ ਇਹੋ ਕਿ ਆਪ ਉਹ ਚੀਜ਼ ਹੋ ਜੋ ਮੇਰੇ ਸਾਹਮਣੇ ਬੈਠੇ ਹੋ। ਤਾਂ ਤੇ ਮੈਂ ਆਪ ਨੂੰ ਮਨ ਬਚ ਕਰਮ ਕਰਕੇ ਆਪ ਦੇ ਮੇਰੇ ਸਾਹਮਣੇ ਬੈਠਣ ਰੂਪੀ ਗੁਣਾਂ ਤੋਂ ਭਿੰਨ ਹਰਗਿਜ਼-ਹਰਗਿਜ਼ ਹੋਰ ਕੋਈ ਵਸਤੂ ਨਹੀਂ ਸਮਝਦਾ। ਜੇ ਹੋਰ ਕੁਛ ਸਮਝਾਂ ਤਾਂ ਇਸ ਦਾ ਇਹ ਭਾਵ ਹੈ ਕਿ ਮੈਨੂੰ ਆਪਦੇ ਬਚਨਾਂ ਉੱਤੇ ਭਰੋਸਾ ਨਹੀਂ।

ਡਾਕਟਰ : ਆਪ ਦੇ ਸਮਝਣ ਵਿਚ ਫ਼ਰਕ ਹੈ।

ਸਿੰਘ : ਮੇਰੀ ਸਮਝ ਅੰਦਰ ਜੇ ਭਲਾ ਫ਼ਰਕ ਹੈ ਤਾਂ ਓਹ ਫ਼ਰਕ ਆਪ ਕਿਰਪਾ ਕਰਕੇ ਕੱਢ ਦਿਓ।

ਡਾਕਟਰ : ਨਹੀਂ, ਇਸ ਦਾ (ਮੇਰੇ ਇਹ ਕਹਿਣ ਦਾ) ਇਹ ਮਤਲਬ (ਭਾਵ) ਨਹੀਂ ਕਿ ਆਪ ਦੀ

ਸਮਝ ਵਾਲੀ ਸ਼ਕਤੀ (Power of understanding) ਅੰਦਰ ਕੁਛ ਨੁਕਸ (defect) ਹੈ, ਸਿਰਫ਼ ਮੇਰੀ ਮੁਰਾਦ ਇਹ ਹੈ ਕਿ ਆਪ ਕਿਵੇਂ ਹੋਰਵੇਂ ਸਮਝ ਗਏ ਹੋ ਅਤੇ ਮੇਰੇ ਕਥਨ ਵਾਲੇ ਪਦਾਂ ਦਾ ਕੁਛ ਉਲਟਾ ਅਰਥ ਲਗਾ ਗਏ।

**ਸਿੰਘ** : ਜਾਣ ਬੁਝ ਕੇ ਤਾਂ ਮੈਂ ਕੋਈ ਉਲਟਾ ਅਰਥ ਲਗਾਇਆ ਨਹੀਂ, ਹਾਂ ! ਮੇਰੀ ਸਮਝ ਵਿਚ ਹੀ ਨਾ ਬੈਠਾ ਹੋਵੇ ਤਾਂ ਗੱਲ ਹੋਰ ਹੈ। ਜਿਥੇ ਤਾਈਂ ਮੇਰੀ ਸਮਝ ਹੈ, ਆਪ ਦੇ ਅਰਥ ਮੈਨੂੰ ਸਾਫ਼ ਸਪਸ਼ਟ ਹੋ ਗਏ ਹਨ। ਜੇ ਇਹਨਾਂ ਮੇਰੇ ਸਮਝੇ ਅਰਥਾਂ ਤੋਂ ਭਿੰਨ ਆਪ ਦੇ ਕਥੇ ਪਦਾਂ ਦਾ ਕੋਈ ਹੋਰ ਭਾਵ ਹੋਵੇ ਤਾਂ ਕਿਰਪਾ ਕਰ ਕੇ ਮੈਨੂੰ ਹੋਰ ਅੱਛੀ ਤਰ੍ਹਾਂ ਦ੍ਰਿੜਾ ਸਮਝਾਓ।

**ਡਾਕਟਰ** : ਭਲਾ ਆਪ ਦੀ ਸਮਝ ਅੰਦਰ ਮੈਂ ਕੀ ਕਿਹਾ ਸੀ ?

**ਸਿੰਘ** : ਆਪ ਨੇ ਆਪਣਾ ਆਪ ਮੇਰੇ ਤਾਈਂ ਇਸ ਬਿਧ ਜਣਾਇਆ ਸੀ ਕਿ ਮੈਂ ਆਪ ਦੇ ਸਾਹਮਣੇ ਬੈਠਾ ਹਾਂ।

**ਡਾਕਟਰ** : ਇਸ ਦਾ ਭਾਵ ਆਪ ਨੇ ਕੀ ਸਮਝਿਆ ?

**ਸਿੰਘ** : ਬਸ ਇਹੋ ਕਿ ਆਪ ਦਾ ਸਰੂਪ ਆਪ ਦੇ ਜਣਾਏ ਇਹਨਾਂ ਪਦਾਂ ਅੰਦਰ ਹੀ ਹੈ, ਇਹਨਾਂ ਤੋਂ ਭਿੰਨ ਨਹੀਂ।

**ਡਾਕਟਰ** : ਕਿਆ ਇਹਨਾਂ ਪਦਾਂ ਤੋਂ ਸਿੱਧ ਹੋਏ ਅਰਥਾਂ ਤੋਂ ਬਾਹਰ ਮੇਰਾ ਸਰੂਪ ਕੁਛ ਹੋਰ ਹੈ ਨਹੀਂ ?

**ਸਿੰਘ** : ਜੇ ਹੈ ਤਾਂ ਆਪ ਦੱਸੋ, ਛੁਪਾ ਕੇ ਕਿਉਂ ਰੱਖਿਆ ਹੈ, ਤਦ ਤਾਂ ਆਪ ਦੇ ਦੱਸਣ ਵਿਚ ਹੀ ਫ਼ਰਕ ਹੋਇਆ, ਮੇਰੀ ਸਮਝ ਵਿਚ ਨਹੀਂ।

**ਡਾਕਟਰ** : ਨਹੀਂ, ਆਪ ਦੀ ਸਮਝ ਵਿਚ ਹੀ ਹੈ।

**ਸਿੰਘ** : ਤਾਂ ਕਿਰਪਾ ਕਰ ਕੇ ਸਮਝਾਓ।

**ਡਾਕਟਰ** : (ਹੈਰਾਨ ਜਿਹਾ ਹੋ ਕੇ) ਕਿਕੂੰ ਸਮਝਾਵਾਂ ਕੁਛ ਸਮਝ ਨਹੀਂ ਪੈਂਦੀ।

**ਸਿੰਘ** : ਸਮਝਾਉਣ ਦੀ ਸਮਝ ਨਹੀਂ ਪੈਂਦੀ ? ਕਿ ਦੱਸਣ ਵਿਚ ਹੀ ਕੁਛ ਆਪ ਨੇ ਫ਼ਰਕ ਰੱਖਿਆ ਹੈ।

[ਡਾਕਟਰ ਹੋਰੀਂ ਇਸ ਪਰ ਕੁਛ ਬੋਲੇ ਨਹੀਂ, ਅਤੇ ਡੂੰਘੀ ਘਬਰਾਹਟ ਵਾਲੀ ਵਿਚਾਰ ਅਤੇ ਸੋਚਾਂ ਵਿਚ ਪੈ ਗਏ। ਫੇਰ ਉਠ ਕੇ ਏਧਰ ਓਧਰ ਕੁਛ ਟਹਿਲੇ। ਕੋਈ ਦੋ ਕੁ ਮਿੰਟ ਪਸ਼ਚਾਤ ਉਭੜਵਾਹੇ ਜਿਹੇ ਹੋ ਕੇ ਬੋਲ ਉਠੇ ਕਿ ਲਓ ! ਹੁਣ ਮੈਂ ਆਪ ਨੂੰ ਅੱਛੀ ਤਰ੍ਹਾਂ ਸਮਝਾਉਂਦਾ ਹਾਂ। ਇਹ ਕਹਿ ਕੇ ਆਪਣੀ ਕੁਰਸੀ ਫਿਰ ਮੱਲ ਲਈ ਅਤੇ ਇਸ ਬਿਧ ਉਚਾਰਨ ਲੱਗੇ :]

**ਡਾਕਟਰ** : ਚਾਹੇ ਆਪ ਦੇ ਕਥਨ ਅਨੁਸਾਰ ਮੇਰਾ ਆਪ ਦੇ ਸਾਹਮਣੇ ਬੈਠਣਾ ਮੇਰਾ ਇਕ ਗੁਣ ਹੈ ਪਰੰਤੂ ਮੈਂ ਇਸ ਤੋਂ ਅਲੱਗ ਵਸਤੂ ਹਾਂ, ਬੈਠਣ ਵਾਲਾ ਜੋ ਹੈ ਸੋ ਇਸ ਗੁਣ ਤੋਂ ਭਿੰਨ ਹੈ।

**ਸਿੰਘ** : ਭਲਾ ਜੇ ਭਿੰਨ ਹੈ ਤਾਂ ਆਪ ਉਸ ਦਾ ਭਿੰਨ ਸਰੂਪ ਜਣਾਓ ਤਾਂ ਸਹੀ ਕਿ ਹੈ ਕੀ ?

**ਡਾਕਟਰ** : ਓਹ ਬੈਠਣ ਵਾਲਾ ਮੈਂ ਹਾਂ ਜੋ ਇਕ ਅਲੱਗ ਵਸਤੂ ਹੈ ਅਤੇ ਮੇਰਾ ਬੈਠਣਾ ਮੇਰਾ ਇਕ ਕਰਤਬ ਹੈ ਜੋ ਮੈਥੋਂ ਅਲੱਗ ਹੈ।

ਸਿੰਘ : ਪਰੰਤੂ ਆਪ ਦੀ ਹਸਤੀ ਤਾਂ ਮੇਰੇ ਤਾਈਂ ਆਪ ਦੇ ਇਸ ਕਰਤਬ ਤੋਂ ਹੀ ਸਿੱਧ ਹੈ। ਇਸ ਆਪ ਦੇ ਕਰਤਬ ਤੋਂ ਭਿੰਨ ਤਾਂ ਮੇਰੇ ਨਿਕਟ ਹੋਰ ਕੁਛ ਨਹੀਂ, ਅਰਥਾਤ ਜੇ ਆਪ ਦਾ ਇਹ ਕਰਤਬ ਨਾ ਹੋਵੇ ਤਾਂ ਆਪ ਭੀ ਕੁਛ ਨਹੀਂ ਹੋ।

ਡਾਕਟਰ : ਐਵੇਂ ਨਹੀਂ ?

ਸਿੰਘ : ਬਿਲਕੁਲ ਨਹੀਂ।

ਡਾਕਟਰ : ਕੀ ਮੈਂ ਕੇਵਲ ਬੈਠਣ ਕਰਕੇ ਹੀ ਹੋਂਦ ਹਾਂ ਅਤੇ ਇਸ ਕਰਤਬ ਬਿਨਾਂ ਕੀ ਮੈਂ ਅਣਹੋਂਦ ਹੀ ਹਾਂ ?

ਸਿੰਘ : ਬੱਸ, ਜੋ ਕੁਛ ਹੋ ਇਸ ਕਰਤਬ ਤੋਂ ਭਿੰਨ ਨਹੀਂ, ਜੇ ਹੋ ਤਾਂ ਮੈਨੂੰ ਭਲੀ ਬਿਧ ਜਣਾ ਦਿਓ।

ਡਾਕਟਰ : ਮੈਂ ਇਕ ਓਹ ਜਿਊਂਦੀ ਜਾਗਦੀ ਤਾਕਤ ਹਾਂ ਜੋ ਜਦੋਂ ਚਾਹੇ ਬੈਠ ਸਕੇ, ਉਠ ਸਕੇ, ਨੱਠ ਭੱਜ ਸਕੇ ਅਤੇ ਆਪ ਦੇ ਪਾਸੋਂ ਉਠ ਕੇ ਕਿਸੇ ਹੋਰ ਦੇ ਪਾਸ ਜਾ ਸਕੇ।

ਸਿੰਘ : ਹੁਣ ਮੈਨੂੰ ਆਪ ਦਾ ਸਰੂਪ ਆਪ ਦੇ ਦੱਸੇ ਅਧਿਕ ਗੁਣਾਂ ਵਿਚ ਪ੍ਰਗਟ ਹੋਇਆ, ਅਰਥਾਤ ਆਪ ਓਹ ਜਿਊਂਦੀ ਜਾਗਦੀ ਤਾਕਤ ਹੋ, ਜੋ ਨਾ ਕੇਵਲ ਮੇਰੇ ਸਾਹਮਣੇ ਹੀ ਬੈਠਣ ਦੀ ਸ਼ਕਤੀ ਰੱਖਦੀ ਹੈ, ਕਿੰਤੂ ਜਿਥੇ ਚਾਹੇ ਉਠ ਕੇ ਜਾ ਸਕਦੀ ਹੈ, ਜਦ ਚਾਹੇ ਆਪਣੀ ਮਰਜ਼ੀ ਨਾਲ ਬੈਠ ਸਕਦੀ ਹੈ। ਉਠ ਸਕਦੀ, ਭੱਜ ਨੱਸ ਸਕਦੀ ਹੈ, ਪਰੰਤੂ ਜੋ ਕੁਛ ਆਪ ਹੋ ਏਹੋ ਕੁਛ ਹੀ ਹੋ, ਜਿਹਾ ਕਿ ਆਪ ਨੇ ਉਪਰ ਦੱਸਿਆ ਹੈ। ਏਸ ਉਪਰ ਦੱਸੀ ਆਪ ਦੀ ਰੇਖਾ ਤੋਂ ਭਿੰਨ ਤਾਂ ਆਪ ਹੋਰ ਕੁਛ ਨਹੀਂ ਹੋ। ਭਲਾ ਜੇ ਅਜੇ ਵੀ ਕੁਛ ਹੋਰ ਆਪ ਆਪਣੀ ਰੇਖਾ ਵਿਖੇ ਮੀਨ-ਮੇਖ ਲਗਾ ਸਕਦੇ ਹੋ, ਸੋ ਭੀ ਸਾਰੀ ਹੀ ਇੱਕੋ ਵਾਰ ਕਿਰਪਾ ਕਰ ਕੇ ਦੱਸ ਦੇਵੋ। ਗੱਲ ਕੀ, ਜੋ ਕੁਛ ਵੀ ਆਪ ਹੋ ਉਸ ਤੋਂ ਬਾਹਰ ਦੱਸਣਾ ਕੁਛ ਨਾ ਰਹਿ ਜਾਏ।

ਡਾਕਟਰ : ਮੈਂ ਇਕ ਉਹ ਤਾਕਤ ਹਾਂ, ਜੋ ਬੋਲ ਸਕਦੀ ਹੈ, ਦਲੀਲ ਦੇ ਸਕਦੀ ਹੈ, ਜੋ ਹਰੇਕ ਗੱਲ ਸਮਝ ਸਕਦੀ ਹੈ। ਡੂੰਘੇ ਤੋਂ ਡੂੰਘੇ ਫ਼ਿਲਾਸਫ਼ੀ ਦੇ ਮਸਲੇ ਹੱਲ ਕਰ ਸਕਦੀ ਹੈ, ਜੋ ਡਾਕਟਰੀ ਦੇ ਸਰਬ ਅਸੂਲਾਂ ਵਿਚ ਤਾਕ ਹੈ। ਮੈਂ ਉਹ ਹਾਂ ਜੋ ਹੁਣ ਡਾਕਟਰ ਕਹਾਉਨਾ ਹਾਂ, ਲਿਖ ਸਕਦਾ ਹਾਂ, ਪੜ੍ਹ ਸਕਦਾ ਹਾਂ, ਦੇਖ ਸਕਦਾ ਹਾਂ, ਸੁਣ ਸਕਦਾ ਹਾਂ, ਖਾ ਸਕਦਾ ਹਾਂ, ਪੀ ਸਕਦਾ ਹਾਂ, ਕਪੜੇ ਜਦ ਚਾਹਾਂ ਪਹਿਨ ਸਕਦਾ ਹਾਂ, ਜਦ ਚਾਹਾਂ ਉਤਾਰ ਸਕਦਾ ਹਾਂ। ਦਿਨੇ ਆਪਣੇ ਹੱਥੀਂ ਸਾਰਾ ਕੰਮ ਟੀਕੇ ਆਦਿ ਦਾ ਕਰਦਾ ਹਾਂ, ਰਾਤੀਂ ਆਰਾਮ ਨਾਲ ਸੌਂ ਜਾਂਦਾ ਹਾਂ। ਗੱਲ ਕੀ ਅਨੇਕ ਪ੍ਰਕਾਰ ਦੇ ਕਰਤਬ ਕਰਨ ਅਤੇ ਕਰ ਸਕਣ ਵਾਲਾ ਜੋ ਹਾਂ, ਸੋ ਮੈਂ ਹਾਂ।

ਸਿੰਘ : ਇਹ ਜੋ ਕੁਛ ਆਪ ਨੇ ਦੱ[illegible]ੈ ਸੋ ਆਪ ਦੇ ਗੁਣ ਹਨ। ਏਦੂੰ ਵਧ ਕੇ ਆਪ ਕੁਛ ਨਹੀਂ ਹੋ। ਆਪ ਜੋ ਕੁਛ ਹੋ ਸੋ ਕੇਵਲ ਇਹ ਕੁਛ ਹੋ ਜੋ ਕੁਛ ਹੁਣ, ਹੁਣ ਦੀ ਕਥਨੀ ਤੋਂ ਪ੍ਰਗਟ ਹੋਇਆ, ਇਸ ਤੋਂ ਭਿੰਨ ਤਾਂ ਆਪ ਹੋਰ ਕੁਛ ਨਹੀਂ ਹੋ ?

ਡਾਕਟਰ : ਨਹੀਂ, ਮੈਂ ਇਸ ਤੋਂ ਅਜੇ ਵੀ ਭਿੰਨ ਹਾਂ।

ਸਿੰਘ : ਜੇ ਅਜੇ ਭਿੰਨ ਹੋਰ ਕੁਛ ਹੋ ਤਾਂ ਕਿਰਪਾ ਕਰਕੇ ਉਹ ਭਿੰਨ ਕੁਛ ਭੀ ਦੱਸ ਦਿਓ, ਕਿ

ਕੀ ਹੈ ? ਉਹ ਕਾਹਦੇ ਵਾਸਤੇ ਬਾਕੀ ਰੱਖੀ ਹੈ, ਮੈਂ ਤਾਂ ਆਪ ਨੂੰ ਆਖਿਆ ਸੀ ਕਿ ਜੋ ਕੁਛ ਆਪ ਹੋ ਸੋ ਸਭ ਕੁਛ ਕਿਰਪਾ ਕਰ ਕੇ ਮੈਨੂੰ ਦੱਸ ਦਿਓ, ਕਸਰ ਬਾਕੀ ਕੁਛ ਭੀ ਨਾ ਛੱਡਣੀ। ਸੋ ਸਾਰਾ ਜ਼ੋਰ ਲਾ ਕੇ ਜੋ ਕੁਛ ਆਪ ਦੀ ਕਥਨੀ ਨੇ ਮੈਨੂੰ ਜਣਾਇਆ ਸੀ, ਕੇਵਲ ਆਪ ਦੇ ਗੁਣ ਹੀ ਜਣਾਏ ਅਰਥਾਤ ਆਪ ਨੇ ਆਪਣੀ ਨਿਜ ਕਥਨੀ ਦੁਆਰਾ ਆਪਣੇ ਆਪ ਨੂੰ ਉਹ ਕੁਛ ਮੇਰੇ ਤਾਈਂ ਜਣਾਇਆ ਹੈ ਜਿਸ ਤੋਂ ਵਧ ਕੇ ਆਪ ਕੁਛ ਹੋਰ ਹੋ ਨਹੀਂ ਸਕਦੇ ਅਤੇ ਇਸ ਤੋਂ ਭਿੰਨ ਆਪ ਕੁਛ ਬਣ ਹੀ ਨਹੀਂ ਸਕਦੇ। ਸੋ ਜੋ ਕੁਛ ਹੁਣ ਆਪ ਨੇ ਬਣ ਕੇ ਦਿਖਾਇਆ ਹੈ, ਉਸ ਤੋਂ ਆਪ ਦਾ ਸਰੂਪ ਭਿੰਨ ਨਹੀਂ ਹੈ ਅਤੇ ਇਹ ਜੋ ਕੁਛ ਆਪ ਨੇ ਦੱਸਿਆ, ਕੇਵਲ ਗੁਣਾਂ ਦਾ ਇਕ ਸਮੂਹ ਹੈ। ਸੋ ਇਸ ਗੁਣਾਂ ਦੇ ਸਮੂਹ ਤੋਂ ਭਿੰਨ ਜੇ ਅਜੇ ਭੀ ਆਪ ਕੁਛ ਹੋਰ ਹੋ, ਤਾਂ ਉਹ ਵੀ ਕਿਰਪਾ ਕਰ ਕੇ ਮੇਰੇ ਤਾਈਂ ਸੂਚਨਾ ਕਰਾ ਦਿਓ।

**ਡਾਕਟਰ** : ਇਨ੍ਹਾਂ ਸਮੂਹ ਗੁਣਾਂ ਦੇ ਕਥਨ ਹਾਰ੍ਹਾ ਜੋ ਹੈ, ਗੁਣਾਂ ਦੇ ਸਮੂਹ ਦਾ ਜੋ ਮਾਲਕ ਹੈ, ਸੋ ਮੈਂ ਹਾਂ, ਜੋ ਨਿਰੋਲ ਉਕਤ ਗੁਣਾਂ ਤੋਂ ਨਿਆਰਾ ਅਤੇ ਭਿੰਨ ਸਰੂਪ (ਵਜੂਦ, being) ਵਾਲਾ ਹਾਂ।

**ਸਿੰਘ** : ਇਹ ਵੀ ਜੋ ਆਪ ਨੇ ਕਥਨ ਕੀਤੇ ਹਨ ਆਪ ਦੇ ਹੋਰ ਗੁਣ ਹਨ ਅਰਥਾਤ 'ਸਮੂਹ ਗੁਣਾਂ ਦੇ ਕਥਨ ਹਾਰਾ' ਭੀ ਇਕ ਗੁਣ ਹੈ ਅਤੇ 'ਗੁਣਾਂ ਦੇ ਸਮੂਹ ਦਾ ਮਾਲਕ' ਭੀ ਇਕ ਗੁਣ ਹੈ। ਆਪ ਦਾ ਭਿੰਨ ਸਰੂਪ ਤਾਂ ਤਦ ਭੀ ਸੂਚਨ ਨਾ ਹੋਇਆ। ਜੋ ਕੁਛ ਹੁਣ ਤਾਈਂ ਸੂਚਨ ਹੋਇਆ ਹੈ ਸੋ ਕੇਵਲ ਗੁਣ ਹੀ ਗੁਣ ਹਨ। ਗੁਣਾਂ ਤੋਂ ਭਿੰਨ ਹੋਰ ਕੁਛ ਭੀ ਨਹੀਂ, ਬੱਸ ਪ੍ਰਤੀਤ ਅਤੇ ਸਿੱਧ ਹੋਇਆ ਕਿ ਆਪ ਦਾ ਸਰੂਪ ਜੋ ਕੁਛ ਹੈ ਸੋ ਉਕਤ ਸੂਚਨ ਹੋਏ ਗੁਣ ਹੀ ਗੁਣ ਹਨ, ਗੁਣਾਂ ਤੋਂ ਵੱਖ ਆਪ ਕੋਈ ਵਸਤੂ ਨਹੀਂ ਹੋ।

**ਡਾਕਟਰ** : ਨਹੀਂ, ਕਿਉਂ ਜੀ, ਮੈਂ ਇਹਨਾਂ ਗੁਣਾਂ ਤੋਂ ਵੱਖ ਅਤੇ ਨਿਰਾਲਾ ਆਪਣੇ ਆਪ ਨੂੰ ਅਨੁਭਵ ਕਰਨਹਾਰਾ (self conscious) ਇਨਸਾਨ (human being) ਹਾਂ, ਚਾਹੇ ਉਕਤ ਗੁਣ ਮੇਰੇ ਅੰਦਰ ਨਾ ਹੀ ਹੋਣ ਪਰ ਮੇਰੀ ਅਨੁਭਵ ਸ਼ਕਤੀ ਦੁਆਰਾ ਮੈਂ ਫੇਰ ਵੀ ਨਿਰਾਲਾ ਆਪਣੇ ਆਪ ਨੂੰ ਪ੍ਰਤੀਤ ਹੋਵਾਂਗਾ।

**ਸਿੰਘ** : ਇਸ ਤੋਂ ਏਤਨੀ ਸੂਝ ਹੋਰ ਲੱਗ ਗਈ ਕਿ ਆਪ ਆਪਣੇ ਅਨੁਭਵ ਦੁਆਰਾ ਆਪਣੇ ਆਪ ਨੂੰ ਹੀ ਪ੍ਰਤੀਤ ਹੋਣ ਵਾਲੇ ਵਜੂਦ (self conscious being) ਹੋ। ਇਹ ਭੀ ਆਪ ਦਾ ਇਕ ਹੋਰ ਗੁਣ ਹੈ, ਪਰੰਤੂ ਆਪ ਦੇ ਵਜੂਦ ਦਾ ਨਿਰਾਲਾ-ਪਣ ਤਾਂ ਤਦ ਭੀ ਸਿੱਧ ਨਾ ਹੋਇਆ।

**ਡਾਕਟਰ** : ਕਿਉਂ ਨਾ ਹੋਇਆ ਜਦ ਮੈਂ ਕਹਿਨਾ ਹਾਂ ਕਿ ਮੈਂ ਨਿਰਾਲਾ ਹਾਂ।

**ਸਿੰਘ** : ਆਪ ਦਾ ਨਿਰਾ ਕਹੀ ਜਾਣਾ ਕਿ ਨਿਰਾਲਾ ਹਾਂ, ਕੇਵਲ ਇਹ ਅਰਥ ਰੱਖਦਾ ਹੈ ਕਿ ਆਪ ਆਪਣੇ ਆਪ ਨੂੰ ਆਪਣੇ ਗੁਣਾਂ ਤੋਂ ਨਿਰਾਲਾ ਕਹੀ ਜਾਣ ਵਾਲੇ ਹੋ ਅਰਥਾਤ ਹੋਰ ਗੁਣਾਂ ਦੇ ਨਾਲ ਲਗਦਾ ਇਕ ਗੁਣ ਇਹ ਵੀ ਹੈ ਕਿ ਆਪ ਆਪਣੇ ਆਪ ਨੂੰ ਆਪਣੇ ਗੁਣਾਂ ਤੋਂ ਨਿਰਾਲਾ ਕਹਿਣ ਵਾਲੇ ਹੋ ਜਾਂ ਬਹੁਤੀ ਗੱਲ ਇਉਂ ਕਹਿ ਲਓ

ਕਿ ਆਪ ਉਹ ਵਸਤੂ ਹੋ ਜੋ ਆਪਣੇ ਗੁਣਾਂ ਤੋਂ ਨਿਰਾਲੇ ਹੋ। ਇਸ ਭਾਖਿਆ ਨੇ ਭੀ ਤਾਂ ਇਹੀ ਸਿੱਧ ਕੀਤਾ ਕਿ ਆਪ ਦਾ ਆਪਣੇ ਗੁਣਾਂ ਤੋਂ ਨਿਰਾਲੇ ਹੋਣਾ ਭੀ ਇਕ ਆਪ ਦਾ ਗੁਣ ਹੈ ਪਰੰਤੂ ਇਸ ਗੁਣ ਤੋਂ ਭਿੰਨ ਤਾਂ ਫੇਰ ਭੀ ਆਪ ਦਾ ਨਿਰਾਲਾ ਸਰੂਪ ਨਿਰੂਪਨ ਨਾ ਹੋਇਆ। ਜੇ ਕੋਈ ਨਿਰਾਲਾ ਸਰੂਪ ਆਪ ਆਪਣਾ ਮੰਨਦੇ ਹੋ ਤਾਂ ਮੈਨੂੰ ਭੀ ਜਣਾ ਦਿਓ, ਬੜੀ ਕਿਰਪਾ ਹੋਵੇਗੀ।

**ਡਾਕਟਰ** : ਮੈਂ ਆਪ ਨੂੰ ਜਣਾ ਨਹੀਂ ਸਕਦਾ।

**ਸਿੰਘ** : ਆਪ ਖ਼ੁਦ ਆਪਣੇ ਸਰੂਪ ਨੂੰ ਜਾਣਦੇ ਹੋ ?

**ਡਾਕਟਰ** : ਹਾਂ, ਮੈਂ ਜਾਣਦਾ ਹਾਂ।

**ਸਿੰਘ** : ਤਾਂ ਵੱਡੇ ਸ਼ੋਕ ਅਤੇ ਅਸਚਰਜ ਦੀ ਗੱਲ ਹੈ ਕਿ ਜਿਸ ਵਸਤੂ ਨੂੰ ਕੋਈ ਖ਼ੁਦ ਜਾਣਦਾ ਹੋਵੇ, ਉਸ ਨੂੰ ਦੂਸਰੇ ਤਾਈਂ ਜਣਾ ਨਾ ਸਕੇ। ਸੋ ਸਾਫ਼ ਗੱਲ ਤਾਂ ਇਹੋ ਹੀ ਦਿਸਦੀ ਹੈ ਕਿ ਆਪ ਜਾਣਦੇ ਹੀ ਨਹੀਂ।

**ਡਾਕਟਰ** : ਅਸਲ ਗੱਲ ਤਾਂ ਇਹੋ ਹੈ ਕਿ ਜਿਸ ਨੂੰ ਜਾਣਨਾ ਆਖਦੇ ਹਨ, ਜਾਣਨਾ ਅਰਥਾਤ ਪੰਜ ਗਿਆਨ-ਇੰਦਰਿਆਂ ਦੁਆਰਾ ਜਾਣਨਾ (to know or perceive by five senses) ਅਜਿਹੀ ਜਾਣਨੀ ਤਾਂ ਮੈਂ ਆਪਣੇ ਸਰੂਪ ਨੂੰ ਕੋਈ ਅਲੱਗ ਵਸਤੂ ਉਕਤ ਕਥੇ ਗੁਣਾਂ ਤੋਂ ਭਿੰਨ ਜਾਣਦਾ ਨਹੀਂ। ਹਾਂ, ਮੈਂ ਇਤਨਾ ਅਨੁਭਵ (feel or conceive) ਤਾਂ ਜ਼ਰੂਰ ਕਰਦਾ ਹਾਂ ਕਿ ਮੇਰਾ ਸਰੂਪ ਉਕਤ ਗੁਣਾਂ ਤੋਂ ਭਿੰਨ ਜ਼ਰੂਰੀ ਕੋਈ ਅਟੰਕ ਵਜੂਦ ਹੈ।

**ਸਿੰਘ** : ਪਰ ਕੀ ਆਪ ਏਨੀ ਗੱਲ ਭੀ ਅਨੁਭਵ ਕਰਦੇ ਹੋ ਕਿ ਆਪਦੇ ਇਸ ਅਨੁਭਵ ਕੀਤੇ ਵਜੂਦ ਦੇ ਕੋਈ ਗੁਣ ਨਹੀਂ ਹੋਣਗੇ ?

**ਡਾਕਟਰ** : ਮੈਂ ਕੀ ਆਖ ਸਕਦਾ ਹਾਂ, ਜੋ ਵਜੂਦ ਹੀ ਗੁਪਤ ਹੈ, ਉਸ ਦੇ ਗੁਣਾਂ ਦੀ ਮੈਨੂੰ ਕੀ ਗਿਆਤ ਹੋ ਸਕਦੀ ਹੈ।

**ਸਿੰਘ** : ਆਪ ਏਤਨਾ ਤਾਂ ਅਨੁਮਾਨ ਮਾਤ੍ਰ ਅਨੁਭਵ ਕਰ ਸਕਦੇ ਹੋ ਕਿ ਆਪ ਦੇ ਅਨੁਭਵ ਕੀਤੇ ਵਜੂਦ ਦਾ ਕੋਈ ਸਰੂਪ ਤਾਂ ਜ਼ਰੂਰ ਹੋਣਾ ਹੈ।

**ਡਾਕਟਰ** : ਉਸ ਦਾ ਸਰੂਪ ਤਾਂ ਕੋਈ ਜ਼ਰੂਰ ਹੋਣਾ ਚਾਹੀਏ ਨਹੀਂ ਤਾਂ ਵਜੂਦ ਤੋਂ ਹੀ ਮੁਕਰਨਾ ਪਵੇਗਾ।

**ਸਿੰਘ** : ਜੇ ਤਾਂ ਉਸ ਦਾ ਕੋਈ ਸਰੂਪ ਹੈ, ਤਾਂ ਜੋ ਕੁਛ ਵੀ ਸਰੂਪ ਹੈ, ਓਹੀ ਉਸਦੇ ਗੁਣ ਹਨ। ਗੱਲ ਕੀ, ਕਿਸੇ ਵੀ ਪ੍ਰਾਣੀ ਦਾ ਵਜੂਦ ਉਸ ਦੇ ਗੁਣਾਂ ਤੋਂ ਭਿੰਨ ਨਹੀਂ ਹੋ ਸਕਦਾ। ਚਾਹੇ ਉਹ ਵਜੂਦ ਪ੍ਰਗਟ ਹੋਵੇ ਚਾਹੇ ਗੁਪਤ, ਪ੍ਰਗਟ ਵਜੂਦ ਕੇਵਲ ਪ੍ਰਗਟ ਗੁਣਾਂ ਦਾ ਸਮੂਹ (embodiment) ਹੈ ਅਤੇ ਗੁਪਤ ਵਜੂਦ ਗੁਪਤ ਗੁਣਾਂ ਦੀ ਗਠੜੀ ਹੈ। ਹਰ ਹਾਲਤ ਵਿਚ ਕੋਈ ਵਜੂਦ ਗੁਣਾਂ ਤੋਂ ਭਿੰਨ ਨਹੀਂ, ਗੁਣਾਂ ਤੋਂ ਭਿੰਨ ਕਿਸੇ ਵਜੂਦ ਦਾ ਹੋਣਾ ਹੀ ਅਸੰਭਵ ਹੈ।

**ਡਾਕਟਰ** : ਬੇਸ਼ਕ, ਐਸਾ ਹੀ ਜਾਪਦਾ ਹੈ। ਪਰੰਤੂ ਮੈਨੂੰ ਵੱਡੀ ਹੈਰਾਨੀ ਇਸ ਗੱਲ ਦੀ ਹੋ ਰਹੀ ਹੈ ਕਿ.....।

[ਏਥੇ ਡਾਕਟਰ ਜੀ ਕੁਛ ਵਿਸਮਾਦ ਦੀ ਹਾਲਤ ਵਿਚ ਹੋ ਕੇ ਚੁੱਪ ਹੋ ਗਏ ਅਤੇ

ਅਗਾਹਾਂ ਬੋਲਣੋਂ ਰੁਕ ਗਏ, ਤਿਸ ਪਰ ਸਿੰਘ ਹੋਰਾਂ ਨੇ ਕਿਹਾ :]

**ਸਿੰਘ** : ਹੈਰਾਨੀ ਕਿਸ ਗੱਲ ਦੀ ਆਪ ਨੂੰ ਹੋ ਰਹੀ ਹੈ ?

**ਡਾਕਟਰ** : ਇਸ ਗੱਲ ਦੀ ਕਿ ਮੈਂ ਵਾਸਤਵ ਵਿਚ ਸਚਮੁੱਚ ਕੁਛ ਭੀ ਨਹੀਂ। ਹੁਣ ਤਾਈਂ ਮੈਂ ਆਪਣੇ ਆਪ ਨੂੰ ਕੁਛ ਬਣਾਈ ਬੈਠਾ ਸੀ, ਪਰ ਖੋਜ ਕੀਤੀ ਤਾਂ ਵਿੱਚੋਂ ਕੁਛ ਭੀ ਨਾ ਨਿਕਲਿਆ। ਕਿਆ ਮੇਰਾ ਸਰੂਪ ਕੁਛ ਭੀ ਨਹੀਂ ?

**ਸਿੰਘ** : ਜੋ ਕੁਛ ਆਪ ਨੂੰ ਹੁਣ ਤਾਈਂ ਪ੍ਰਤੀਤ ਹੁੰਦਾ ਰਿਹਾ ਹੈ ਇਹ ਆਪ ਦਾ ਸਰੂਪ ਬਿਲਕੁਲ ਨਹੀਂ। ਆਪ ਦਾ ਅਸਲੀ ਸਰੂਪ ਜੋ ਹੈ, ਉਸ ਨੂੰ ਆਪ ਨੇ ਹੁਣ ਤਾਈਂ ਲਖਿਆ ਨਹੀਂ। ਕੇਵਲ ਅਨੁਮਾਨ ਮਾਤਰ ਹੀ ਆਪ ਅਨੁਭਵ (feel or conceive) ਕਰਦੇ ਹੋ।

**ਡਾਕਟਰ** : ਇਹ ਓਸ ਤੋਂ ਭੀ ਅਧਿਕ ਅਸਚਰਜ ਵਾਲੀ ਗੱਲ ਹੈ ਕਿ ਮੈਂ ਆਪਣੇ ਅਸਲੀ ਸਰੂਪ ਤੋਂ ਹੁਣ ਤੀਕ ਕੋਰਾ ਅਗਿਆਤ ਹੀ ਹਾਂ, ਹਾਲਾਂਕਿ ਮਰੀ ਉਮਰ ਤੀਹ (੩੦) ਸਾਲ ਤੋਂ ਵੀ ਟੱਪ ਗਈ ਅਤੇ ਚਾਲੀ (੪੦) ਨੂੰ ਢੁਕਣ ਲੱਗੀ ਹੈ। ਹੁਣ ਇਹ ਗੱਲ ਤਾਂ ਮੈਨੂੰ ਪੂਰਨ ਤੌਰ 'ਤੇ ਨਿਸਚਿਤ ਹੋ ਚੁੱਕੀ ਹੈ ਕਿ ਮੇਰਾ ਸਰੂਪ ਹੈ ਸਹੀ, ਅਤੇ ਏਸ ਨਿਸਚੇ ਦੇ ਹੁੰਦਿਆਂ, ਮੈਂ ਇਹ ਗੱਲ ਭੀ ਭਲੀ ਬਿਧ ਪ੍ਰਤੀਤ ਕਰਦਾ ਅਤੇ ਜਾਣਦਾ ਹਾਂ ਕਿ ਮੈਂ ਆਪਣੇ ਉਕਤ ਸਰੂਪ ਨੂੰ ਜਾਣਦਾ (ਲਖਦਾ) ਫੇਰ ਭੀ ਨਹੀਂ, ਨਿਰਾ ਅਨੁਮਾਨ ਮਾਤਰ ਹੀ ਇਹ ਨਿਸਚਾ ਬੱਝ ਗਿਆ ਹੈ ਕਿ ਮੇਰਾ ਸਰੂਪ ਜ਼ਰੂਰ ਹੈ, ਇਹ ਪਤਾ ਨਹੀਂ ਕਿ ਕੈਸਾ ਹੈ ਯਾ ਕੀ ਹੈ ? ਪਰੰਤੂ ਸਭ ਤੋਂ ਵੱਡੀ ਅਸਚਰਜਤਾ ਹੁਣ ਏਹ ਵਿਆਪ ਰਹੀ ਹੈ ਕਿ ਮੇਰੇ ਇਸ ਆਪਣੇ ਅਸਲੀ ਸਰੂਪ ਤੋਂ ਅਗਿਆਤ ਹੋਣ ਦਾ ਕਾਰਨ ਕੀ ਹੈ ? ਅਰਥਾਤ ਉਹ ਕੀ ਕਾਰਨ ਹੈ ਜਿਸ ਕਰਕੇ ਮੈਨੂੰ ਆਪਣੇ ਅਸਲੀ ਸਰੂਪ ਦਾ ਗਯਾਨ (knowledge) ਨਹੀਂ। ਕੀ ਆਪ ਕਿਰਪਾ ਕਰ ਕੇ ਮੇਰੀ ਹੈਰਾਨਗੀ ਦੀ ਇਹ ਘੁੰਡੀ ਸੁਲਝਾ ਸਕਦੇ ਹੋ ਅਤੇ ਮੈਨੂੰ ਦੱਸ ਸਕਦੇ ਹੋ ਕਿ ਇਹ ਕਾਰਨ ਕੀ ਹੈ ? ਮੈਂ ਇਸ ਦੇ ਨਾ ਲੱਭਣ ਖੁਣੋਂ ਬਹੁਤ ਤੰਗ ਆ ਰਿਹਾ ਹਾਂ ਅਤੇ ਘਬਰਾ ਗਿਆ ਹਾਂ।

**ਸਿੰਘ** : ਇਸ ਦਾ ਪ੍ਰਤੱਖ ਕਾਰਨ ਕੇਵਲ ਉਹੋ ਭਰਮ ਭੁਲਾਵਾ ਹੈ ਜਿਸ ਨੇ ਆਪ ਨੂੰ ਹੁਣ ਤਾਈਂ ਏਸ ਗੱਲ ਵਿਚ ਭਰਮਾ ਛੱਡਿਆ ਸੀ ਕਿ ਮੈਂ ਕੁਛ ਹਾਂ। ਇਹ ਭਰਮ ਭੁਲਾਵਾ ਹਉਮੈ (egotism) ਦਾ ਰੋਗ ਹੈ। ਸੋ ਆਪ ਦਾ ਅਸਲ ਸਰੂਪ ਇਸ ਹਉਮੈ ਵਿਚ ਰਸਿਆ ਅਤੇ ਰੁਲਿਆ ਫਿਰਦਾ ਹੈ ਅਤੇ ਇਸ ਹਉਮੈ ਦੇ ਧੁੰਦ ਅਤੇ ਦੂੰਦ ਵਿਚ ਹੀ ਧੁੰਦਲਾਇਆ ਅਤੇ ਭਟਕਦਾ ਫਿਰਦਾ ਹੈ।

**ਡਾਕਟਰ** : ਪਰੰਤੂ ਉਹ ਭਰਮ ਭੁਲਾਵਾ ਤਾਂ ਹੁਣ ਮੇਰਾ ਮਿਟ ਗਿਆ ਕਿ ਮੈਂ ਕੁਛ ਹਾਂ ਅਰਥਾਤ ਜਿਸ ਨੂੰ ਮੈਂ ਆਪਣਾ ਸਰੂਪ ਸਮਝਦਾ ਸੀ, ਉਹ ਸਚਮੁੱਚ ਹੀ ਮੇਰੀ ਹਉਮੈ (egotism) ਹੀ ਨਿਕਲੀ, ਮੈਨੂੰ ਪ੍ਰਤੀਤ ਹੋ ਚੁੱਕੀ ਹੈ। ਫੇਰ ਕੀ ਕਾਰਨ ਹੈ ਕਿ ਮੈਂ ਆਪਣੇ ਅਸਲੀ ਸਰੂਪ ਨੂੰ ਨਹੀਂ ਜਾਣ ਪਛਾਣ ਸਕਦਾ ?

**ਸਿੰਘ** : ਅਸਲ ਗੱਲ ਇਹ ਹੈ ਕਿ ਜਿਸ ਨੂੰ ਆਪ ਭਰਮ ਭੁਲਾਵਾ ਮਿਟ ਜਾਣਾ ਆਖਦੇ ਹੋ, ਵਾਸਤਵ ਵਿਚ ਮਿਟਿਆ ਨਹੀਂ, ਉਸ ਦੀ ਧੁੰਦ ਗੁਬਾਰ ਵਿਚ ਆਪ ਅਜੇ ਭੀ ਫਿਰ ਰਹੇ ਹੋ।

**ਡਾਕਟਰ** : ਧੁੰਦ ਗੁਬਾਰ ਹੁੰਦੀ ਤਾਂ ਮੈਨੂੰ ਇਹ ਕਿਉਂ ਭਾਸਦਾ ਕਿ ਮੇਰਾ ਅਸਲੀ ਸਰੂਪ ਹੋਰ ਹੈ।

**ਸਿੰਘ** : ਆਪ ਨੂੰ ਅਜੇ ਭਾਸਿਆ[1] ਹੀ ਹੈ ਨਾ ! ਪ੍ਰਤੱਖ ਤਾਂ ਨਹੀਂ ਨਾ ਹੋਇਆ। ਜਦ ਤਕ ਉਹ ਸਰੂਪ ਆਪ ਨੂੰ ਪ੍ਰਤੱਖ ਨਹੀਂ ਹੁੰਦਾ ਓਦੋਂ ਤੀਕਰ ਆਪ ਧੁੰਦ ਗੁਬਾਰ ਵਿਚ ਫਿਰਦੇ ਹੀ ਕਹੇ ਜਾਓਗੇ ਅਤੇ ਉਹ ਸਰੂਪ ਆਪ ਨੂੰ ਹਉਮੈ ਦਾ ਅਭਾਵ ਹੋਣ ਪਰ ਹੀ ਪ੍ਰਤੱਖ ਹੋਣਾ ਹੈ।

**ਡਾਕਟਰ** : ਹਉਮੈ ਦਾ ਅਭਾਵ ਹੋ ਗਿਆ ਤਾਂ ਉਸ ਸਰੂਪ ਨੂੰ ਦੇਖੇਗਾ ਕੌਣ ?

**ਸਿੰਘ** : ਓਹੀ ਦੇਖੇਗਾ ਜੋ ਕਿ ਇਸ ਹਉਮੈ ਦੇ ਅਭਾਵ ਹੋਣ ਪਸ਼ਚਾਤ ਬਾਕੀ ਰਹੇਗਾ।

**ਡਾਕਟਰ** : ਬਾਕੀ ਤਾਂ ਅਸਲੀ ਸਰੂਪ ਰਹੇਗਾ।

**ਸਿੰਘ** : ਬੱਸ ਓਹੀ ਸਰੂਪ ਉਸ ਨੂੰ ਦੇਖੇਗਾ।

**ਡਾਕਟਰ** : ਕੀ ? ਕੁਛ ਸਮਝ ਵਿਚ ਨਹੀਂ ਆਉਂਦਾ।

**ਸਿੰਘ** : ਆਪ ਦੀ ਇਸ ਸਮਝ ਅੰਦਰ ਇਹ ਭੇਦ ਨਹੀਂ ਆ ਸਕਦਾ, ਕ੍ਯਿਉਂਕਿ ਇਹ ਸਮਝ ਕੇਵਲ ਆਪ ਦੇ ਇਤਰ ਸਰੂਪ ਹਉਮੈ (egotism) ਦੀ ਹੀ ਅੰਸ਼ ਹੈ। ਆਪ ਦੇ ਉਸ ਸਰੂਪ ਦਾ ਸਾਖੀ ਕੇਵਲ ਉਹ ਸਰੂਪ ਹੀ ਹੋਵੇਗਾ।

**ਡਾਕਟਰ** : ਤਦ ਤਾਂ ਇਹੀ ਕਹੋ ਕਿ ਮੈਂ ਇਨ੍ਹਾਂ ਜਿਸਮਾਨੀ ਅੱਖਾਂ (eyes of flesh) ਨਾਲ ਉਸ ਸਰੂਪ ਨੂੰ ਨਹੀਂ ਦੇਖ ਸਕਾਂਗਾ।

**ਸਿੰਘ** : ਬਿਲਕੁਲ ਠੀਕ, ਐਨ ਇਹੋ ਗੱਲ ਹੈ।

**ਡਾਕਟਰ** : ਨਾ ਹੀ ਇਸ[2] ਬੁੱਧੀ ਯਾ ਅਕਲ ਨਾਲ ਉਸ ਸਰੂਪ ਨੂੰ ਦੇਖਿਆ ਜਾ ਸਕਦਾ ਹੈ।

**ਸਿੰਘ** : ਹਰਗਿਜ਼ ਨਹੀਂ ! ਕਦਾਚਿਤ ਨਹੀਂ !! ਚਾਹੇ ਸਾਰੀ ਉਮਰ ਸੋਚ ਵਿਚਾਰ ਇਸ ਬੁੱਧੀ ਦੁਆਰਾ ਕਰੀ ਜਾਓ।

**ਡਾਕਟਰ** : ਹੈ ਤਾਂ ਇਹ ਗੱਲ ਮੰਨਣ ਯੋਗ (reasonable)[3] ਪਰ ਫੇਰ ਵੀ ਉਸ ਸਰੂਪ ਦਾ ਗਯਾਨ ਹੋਵੇ ਤਾਂ ਕਿਉਂ ਕਰ ਹੋਵੇ, ਖੋਜ ਵਿਚਾਰ ਦੁਆਰਾ ਤਾਂ ਉਸ ਦੀ ਪ੍ਰਾਪਤੀ ਹੋ

---

੧. ਏਸ ਭਾਸ ਨੂੰ ਅਸਾਡੇ ਬਹੁਤ ਸਾਰੇ ਵੇਦਾਂਤੀ ਆਤਮਾ ਦਾ ਗਿਆਨ ਹੋਇਆ ਸਮਝ ਬੈਠਦੇ ਹਨ ਜਿਸ ਨੂੰ ਕਿ ਉਹ ਪਰਮਾਤਮਾ ਦੇ ਅਪ੍ਰੋਖਛ ਗਿਆਨ ਦੀ ਪ੍ਰਾਪਤੀ ਦੱਸਿਆ ਕਰਦੇ ਹਨ, ਅਜਿਹੇ ਸ਼ੁਸ਼ਕ ਗਿਆਨ ਨੇ ਹੀ ਵੇਦਾਂਤੀਆਂ ਦੀ ਪੱਟੀ ਮੇਸ ਕੀਤੀ ਅਤੇ ਏਸੇ ਚੁੰਚ ਗਿਆਨ ਨੇ ਹੀ ਅਸਾਡੇ ਵੇਦਾਂਤੀ ਭਰਾਵਾਂ ਨੂੰ ਅਹੰ ਬ੍ਰਹਮਸਮੀ ਵਾਲੀ ਅਗਿਆਨਮਈ ਅਹੰਗੜਾ ਵਿਚ ਰੋਲ ਅੜੇ ਡੋਬ ਛੱਡਿਆ ਹੈ।

੨. ਅੱਜ ਕੱਲ ਦੇ ਜਿਤਨੇ ਭੀ ਖਰੜ ਗਿਆਨੀ ਹਨ, ਸਭ ਦਾ ਜ਼ੋਰ ਕੇਵਲ ਬੁੱਧੀ ਉੱਤੇ ਹੀ ਹੈ ਅਤੇ ਇਸ ਬੁੱਧੀ ਦੇ ਤਾਣ ਹੀ ਜੋ ਕੁਛ ਅਨੁਮਾਨ ਮਾਤਰ ਉਨ੍ਹਾਂ ਨੂੰ ਹੁੰਦਾ ਹੈ, ਏਸੇ ਦਾ ਨਾਮ ਓਹਨਾਂ ਨੇ ਆਤਮਿਕ ਗਿਆਨ ਧਰ ਰੱਖਿਆ ਹੈ, ਪਰ ਹੈ ਨਿਰਾ ਇਹ ਫੋਕਾ ਅਤੇ ਖਰੜ ਗਿਆਨ।

੩. ਇਸ (reason) ਅਰਥਾਤ ਦਲੀਲ ਯਾ ਬੁੱਧੀ ਦੇ ਅਧੀਨ ਅਤੇ ਗੋਚਰੇ ਹੋਣ ਕਰਕੇ ਹੀ ਆਮ ਦੁਨੀਆਂ ਅਕਾਲ ਪੁਰਖ ਤੋਂ ਅਗਿਆਤ ਤੇ ਕੋਰੀ ਨਾਸਤਕ ਹੋ ਗਈ ਹੈ ਤੇ ਹੁੰਦੀ ਚਲੀ ਜਾ ਰਹੀ ਹੈ। ਅਲਪੱਗ ਇਨਸਾਨ ਦੀ ਅਲਪੱਗ ਬੁੱਧੀ ਅਗੰਮ ਈਸ਼ਵਰੀ ਅਤੇ ਆਤਮਿਕ ਭੇਦਾਂ ਨੂੰ ਨਹੀਂ ਜਾਂਚ ਅਤੇ ਜਾਣ ਸਕਦੀ, ਏਸ ਕਰਕੇ ਦੁਨੀਆਂ ਭਰ ਉੱਤੇ ਨਾਸਤਕਪੁਣਾ (materialism) ਫੈਲ ਰਿਹਾ ਹੈ। ਕੇਵਲ ਇਸ ਬੁੱਧੀ ਮਈ ਸੰਕਲਪਾਂ (materialistic ideas) ਦਾ ਮਾਨ ਭੰਗ ਕਰਕੇ ਹੀ ਨਾਸਤਕਾਂ (materialists) ਨੂੰ ਆਤਮਾ (spirit) ਦਾ ਅਨੁਮਾਨ (notion) ਏਸ ਬੁੱਧੀ ਦੁਆਰਾ ਹੀ ਕਰ ਦਿਆ ਜਾ ਸਕਦਾ ਹੈ, ਫੇਰ ਵੀ ਏਸ ਬੁੱਧੀ ਨੂੰ ਕੇਵਲ ਅਨੁਮਾਨ ਮਾਤਰ ਹੀ ਹੁੰਦਾ ਹੈ।

ਸਕਦੀ ਨਾ ਹੋਈ, ਤਾਂ ਕੀ ਚੁੱਪ ਹੀ ਵੱਟੀ ਜਾਏ ?

**ਸਿੰਘ** : ਚੁੱਪ ਵੱਟੇ ਤੇ ਕੇਹੜਾ ਗਿਆਨ ਹੋਣ ਲੱਗਾ ਹੈ ਅਤੇ ਨਾ ਹੀ ਵਿਚਾਰ ਸ਼ਕਤੀ (power of thinking) ਜਦ ਤੀਕਰ ਕਾਇਮ ਹੈ, ਚੁੱਪ ਕਦੇ ਵੱਟੀ ਜਾ ਸਕਦੀ ਹੈ, ਫੁਰਨੇ (thoughts and ideas) ਜ਼ਰੂਰ ਫੁਰੀ ਜਾਣਗੇ ਅਤੇ ਇਹਨਾਂ ਫੁਰਨਿਆਂ ਦੁਆਰਾ ਜੋ ਕੁਝ ਵੀ ਚਿਤਵਿਆ ਅਤੇ ਸੋਚਿਆ ਜਾਵੇਗਾ, ਉਹੋ ਹੀ ਸਰੂਪ ਹੋਵੇਗਾ ਜਿਸ ਦੇ ਕਿ ਫੁਰਨੇ ਅੰਸ਼ ਹਨ। ਬਸ, ਆਪ ਦੀ ਅਹੰਗਤਾ (egotism) ਬਣੀ ਬਣਾਈ ਹੀ ਰਹੇਗੀ।

**ਡਾਕਟਰ** : ਤਦ ਫਿਰ ਇਸ ਅਹੰਗਤਾ ਦਾ ਬਿਨਾਸ ਹੋਵੇ ਤਾਂ ਕਿਵੇਂ ਹੋਵੇ ? ਜਾਂ ਤੇ ਉਸ ਸਰੂਪ ਦਾ ਗਿਆਨ ਪ੍ਰਾਪਤ ਹੋਵੇ।

**ਸਿੰਘ** : ਏਹ ਕੇਵਲ ਉਸ ਸਰੂਪ ਦੇ ਗਿਆਨ ਵਾਲੇ (ਅਥਵਾ ਗਿਆਨ ਸਪੰਨ) ਗੁਣਾਂ ਦੀ ਪ੍ਰਾਪਤੀ ਦੁਆਰਾ ਹੋ ਸਕਦਾ ਹੈ।

**ਡਾਕਟਰ** : ਅਜਿਹੇ ਗੁਣਾਂ ਦੀ ਪ੍ਰਾਪਤੀ ਕਿਥੋਂ ਹੋਵੇ ?

**ਸਿੰਘ** : ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਹੋ ਸਕਦੀ ਹੈ।

**ਡਾਕਟਰ** : ਹੈਂ, ਇਹ ਕਿਸ ਤਰ੍ਹਾਂ ?

**ਸਿੰਘ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਉਨ੍ਹਾਂ ਗੁਣਾਂ ਦਾ ਖ਼ਜ਼ਾਨਾ ਹਨ, ਏਥੋਂ ਅਤੇ ਕੇਵਲ ਏਥੋਂ ਹੀ ਉਕਤ ਗੁਣਾਂ ਦੀ ਪ੍ਰਾਪਤੀ ਹੋ ਸਕਦੀ ਹੈ।

**ਡਾਕਟਰ** : ਹੈਂ, ਉਸ ਸਰੂਪ ਦਾ ਸਾਖ਼ਯਾਤ ਗਿਆਨ ਤਾਂ ਕੇਵਲ ਓਹਨਾਂ ਗੁਣਾਂ ਤੋਂ ਹੀ ਹੋ ਸਕਦਾ ਹੈ ਜੋ ਉਸ ਸਰੂਪ ਦੀ ਅੰਸ਼ ਹੋਣ।

**ਸਿੰਘ** : ਉਹ ਸਰੂਪ ਕੀ ! ਉਸ ਥੋਂ ਭੀ ਵੱਡੇ ਅਤੇ ਅਧਿਭੁਤ ਸਰੂਪ ਦਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁੰਦਾ ਹੈ।

**ਡਾਕਟਰ** : ਉਹ ਕਿਹੜਾ ਸਰੂਪ ਹੈ ?

**ਸਿੰਘ** : ਉਹ ਸਰੂਪ ਅਕਾਲ ਪੁਰਖ ਦਾ ਹੈ, ਜਿਸ ਨੂੰ ਪਰਮ ਆਤਮਾ (Divine Soul, Perfect Spirit) ਕਹੀਦਾ ਹੈ, ਅਤੇ ਉਹ ਸਰੂਪ ਜਿਸਨੂੰ ਆਪ ਲੱਭਦੇ ਹੋ, ਉਸ ਨੂੰ ਆਤਮਾ (Soul, Spirit) ਕਹੀਦਾ ਹੈ ਅਤੇ ਇਹ ਸਰੂਪ ਅਰਥਾਤ ਆਤਮਾ ਉਸ ਸਰੂਪ ਅਰਥਾਤ ਪਰਮਾਤਮਾ ਦੀ ਅੰਸ਼ ਹੈ।

**ਡਾਕਟਰ** : ਪਰੰਤੂ ਇਸ ਅਧਿਭੁਤ ਸਰੂਪ ਦਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਕਿਸ ਤਰ੍ਹਾਂ ਹੋ ਸਕਦਾ ਹੈ ?

**ਸਿੰਘ** : ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਏਸੇ ਅਧਿਭੁਤ ਸਰੂਪ ਦੇ ਗੁਣਾਂ ਦਾ ਖ਼ਜ਼ਾਨਾ (ਅਰਥਾਤ ਸਮੂਹ) ਜੋ ਹੋਏ, ਅਤੇ ਏਹਨਾਂ ਗੁਣਾਂ ਦਾ ਗਿਆਨ ਹੀ ਅਕਾਲ ਪੁਰਖ ਦੇ ਸਰੂਪ ਦਾ ਗਿਆਨ ਹੈ।

**ਡਾਕਟਰ** : ਨਹੀਂ ਜੀ ! ਸਰੂਪ ਦਾ ਗਿਆਨ ਹੋਰ ਗੱਲ ਹੈ ਅਤੇ ਗੁਣਾਂ ਦਾ ਗਿਆਨ ਹੋਰ ਗੱਲ ਹੈ।

**ਸਿੰਘ** : ਹੋਰ ਗੱਲ ਨਹੀਂ, ਇੱਕੋ ਹੀ ਗੱਲ ਹੈ।

ਡਾਕਟਰ : ਇੱਕੋ ਗੱਲ ਕਿਸ ਤਰ੍ਹਾਂ ? ਸਰੂਪ ਦੇ ਗਿਆਨ ਅਤੇ ਗੁਣਾਂ ਦੇ ਗਿਆਨ ਵਿਚ ਵੱਡਾ ਭਿੰਨ ਭੇਦ ਭਾਸਦਾ ਹੈ। ਏਕਤਾ ਕਿਸ ਤਰ੍ਹਾਂ ਹੋ ਸਕਦੀ ਹੈ ?

ਸਿੰਘ : ਸਰੂਪ ਅਤੇ ਗੁਣਾਂ ਦੀ ਜੋ ਅਭੇਦਤਾ ਹੋਈ ਤਦ ਗਿਆਨ ਦੀ ਭੇਦਤਾ ਯਾ ਭਿੰਨਤਾ ਕਿਕੂੰ ਬਣ ਸਕਦੀ ਹੈ। ਅਰਥਾਤ ਜਦ ਸਰੂਪ ਗੁਣਾਂ ਤੋਂ ਭਿੰਨ ਨਹੀਂ ਤਦ ਗੁਣਾਂ ਦਾ ਗਿਆਨ ਸਰੂਪ ਦਾ ਹੀ ਗਿਆਨ ਹੋਇਆ, ਗਿਆਨ ਦੀ ਏਕਤਾ ਸਿੱਧ ਹੋਈ ਕਿ ਨਾ ਹੋਈ ?

ਡਾਕਟਰ : ਪਰ ਸਰੂਪ ਦੀ ਅਤੇ ਗੁਣਾਂ ਦੀ ਏਕਤਾ ਅਭੇਦਤਾ ਕਿਸ ਤਰ੍ਹਾਂ ਬਣ ਸਕਦੀ ਹੈ ?

ਸਿੰਘ : ਭੇਦਤਾ (ਭਿੰਨਤਾ) ਕਿਕੂੰ ਬਣ ਸਕਦੀ ਹੈ ਜਦ ਕਿ ਅੱਗੇ (ਪਹਿਲਾਂ) ਸਿੱਧ ਹੋ ਚੁੱਕਾ ਹੈ ਕਿ ਗੁਣੀ ਗੁਣਾਂ ਤੋਂ ਭਿੰਨ ਨਹੀਂ ਹੁੰਦਾ ਅਤੇ ਜਿਸ ਨੂੰ ਆਪ ਵੀ ਮੰਨ ਚੁੱਕੇ ਹੋ।

ਡਾਕਟਰ : ਪ੍ਰਗਟ ਸਰੂਪ (ਵਜੂਦ) ਦੇ ਪ੍ਰਗਟ ਗੁਣਾਂ ਵਿਚ ਤਾਂ ਬੇਸ਼ਕ ਕੋਈ ਭਿੰਨ ਭੇਸ (ਭੇਦ) ਨਹੀਂ ਹੁੰਦਾ, ਪਰੰਤੂ ਗੁਪਤ ਗੁਣੀ ਦਾ ਸਰੂਪ ਉਸ ਦੇ ਗੁਣਾਂ ਤੋਂ ਜ਼ਰੂਰ ਵੱਖਰਾ ਅਤੇ ਭਿੰਨ ਮੰਨਣਾ ਪਊ ਅਤੇ ਜੇ ਵੱਖਰਾ ਨਾ ਮੰਨਿਆ ਜਾਏ ਤਾਂ ਉਸ ਸਰੂਪ ਦੇ ਵਜੂਦ (ਹਸਤੀ) ਤੋਂ ਉੱਕਾ ਮੁਕਰਨਾ ਪਊਗਾ।

ਸਿੰਘ : ਹਸਤੀ ਤੋਂ ਤਾਂ ਤਦ ਮੁਕਰਿਆ ਜਾਏ ਜੇ ਗੁਣਾਂ ਨੂੰ ਨਾ ਮੰਨਿਆ ਜਾਏ, ਕਿਉਂਕਿ ਹਸਤੀ ਕੇਵਲ ਗੁਣਾਂ ਕਰਕੇ ਹੀ ਕਾਇਮ ਹੈ, ਬਿਨਾਂ ਗੁਣਾਂ ਦੇ ਹਸਤੀ ਕੇਹੀ ? ਸੋ ਕੇਵਲ ਗੁਣਾਂ ਕਰਕੇ ਹੀ ਹਸਤੀ ਕਾਇਮ ਹੈ।

ਡਾਕਟਰ : ਪਰੰਤੂ ਪ੍ਰਗਟ ਸਰੂਪ ਦੇ ਗੁਣ ਹੀ ਗੁਣ ਸਿੱਧ ਹੋਏ। ਖੋਜ ਕੀਤੀ ਤੋਂ ਸਰੂਪ ਦੀ ਹਸਤੀ (ਵਜੂਦ) ਤਾਂ ਵਾਸਤਵ ਵਿਚ ਕੋਈ ਸਿੱਧ ਨਾ ਹੋਈ। ਐਵੇਂ ਭਰਮ ਹੀ ਭਰਮ ਨਿਕਲਿਆ।

ਸਿੰਘ : ਏਥੇ ਇਕ ਨਵੀਨ ਭੇਦ ਹੈ, ਜਿਸ ਦੇ ਪ੍ਰਗਟ ਹੋਣ ਤੋਂ ਆਪ ਹੋਰ ਭੀ ਅਸਚਰਜ ਹੋਵੋਗੇ।

ਡਾਕਟਰ : ਉਹ ਕੀ ?

ਸਿੰਘ : ਪ੍ਰਗਟ ਸਰੂਪ ਦੀ ਜਿਵੇਂ ਹਸਤੀ ਭਰਮ ਮਾਤਰ ਹੈ ਤਿਵੇਂ ਉਸ ਦੇ ਗੁਣ ਭੀ ਭਰਮ ਮਾਤਰ ਹਨ।

ਡਾਕਟਰ : ਹੈਂ ! ਇਹ ਤਾਂ ਹੋਰ ਭੀ ਅਲੌਕਿਕ ਗੱਲ ਸੁਣੀ, ਇਹ ਭਲਾ ਕਦੇ ਮੰਨਣ ਯੋਗ ਗੱਲ ਹੋ ਸਕਦੀ ਹੈ ?

ਸਿੰਘ : ਆਪ ਦੇ ਪ੍ਰਗਟ ਸਰੂਪ ਦਾ ਜਿਵੇਂ ਭਰਮ ਮਾਤਰ ਹੋਣਾ ਸਿੱਧ ਹੋ ਚੁੱਕਾ ਹੈ, ਉਵੇਂ ਜਿਵੇਂ ਪ੍ਰਗਟ ਗੁਣਾਂ ਨੇ ਭੀ ਭਰਮ ਮਾਤਰ ਹੀ ਸਿੱਧ ਹੋ ਜਾਣਾ ਹੈ ਅਤੇ ਜਿਸ ਤਰ੍ਹਾਂ ਆਪ ਪ੍ਰਗਟ ਸਰੂਪ ਦੇ ਭਰਮ ਮਾਤਰ ਸਿੱਧ ਹੋਣ ਤੋਂ ਪ੍ਰਿਥਮ ਉਕਤ ਸਰੂਪ ਦੀ ਹਸਤੀ ਨੂੰ ਅਨਹੋਇਆ ਜੱਫਾ ਪਾਈ ਬੈਠੇ ਸੀ ਅਤੇ ਉਸ ਦੇ ਭਰਮ ਮਾਤਰ ਹੋਣ ਨੂੰ ਨਹੀਂ ਸੀ ਮੰਨਦੇ। ਸੋ ਏਸੇ ਪ੍ਰਕਾਰ ਆਪ ਦਾ ਪ੍ਰਗਟ ਗੁਣਾਂ ਦੀ ਹਸਤੀ ਦੇ ਭਰਮ ਮਾਤਰ ਹੋਣ ਨੂੰ ਨਾ ਮੰਨਣ ਯੋਗ ਆਖਣਾ ਭੀ ਓਦੋਂ ਤੀਕਰ ਹੈ ਜਦ ਤਾਈਂ ਆਪ ਨੂੰ ਸਚਮੁੱਚ ਸਿੱਧ ਕਰਕੇ ਨਾ ਦਿਖਾ ਦਿੱਤਾ ਜਾਵੇ ਕਿ ਉਕਤ ਗੁਣਾਂ ਦੀ ਹਸਤੀ ਠੀਕ ਭਰਮ ਮਾਤਰ ਹੈ।

 www.sikhbookclub.com

**ਡਾਕਟਰ** : ਹੋਰ ਤਾਂ ਆਪ ਸਿੱਧ ਕਰਦੇ ਹੀ ਕਰੋਗੇ, ਪਹਿਲਾਂ ਆਪ ਦਾ ਉਕਤ ਗੁਣਾਂ ਦੀ ਹਸਤੀ ਮਈ ਪਦ ਵਰਤਣਾ (ਜੋ ਕਿ ਹੁਣ ਤਕ ਵਰਤਦੇ ਰਹੇ ਹੋ) ਅਤੇ ਫੇਰ ਉਕਤ ਗੁਣਾਂ ਨੂੰ ਭਰਮ ਮਾਤਰ ਆਖ ਕੇ ਪੁਕਾਰਨਾ ਏਹਨਾਂ ਦੋਹਾਂ ਗੱਲਾਂ ਵਿਚ ਹੀ ਪਰਸਪਰ ਵਿਰੋਧ (contradiction) ਹੈ। ਗੁਣਾਂ ਦੀ ਹਸਤੀ ਨੂੰ ਮੰਨ ਕੇ ਫੇਰ ਉਹਨਾਂ ਹੀ ਗੁਣਾਂ ਨੂੰ ਭਰਮ ਮਾਤਰ ਆਖਣਾ ਕੀ ਅਰਥ ਰੱਖਦਾ ਹੈ ?

**ਸਿੰਘ** : ਇਹ ਵਿਰੋਧ ਹੀ ਭਰਮ ਮਾਤਰ ਹੈ ਅਰਥਾਤ ਕੇਵਲ ਕਲਪਨਾ ਮਾਤਰ ਹੀ ਇਹ ਵਿਰੋਧ ਪ੍ਰਤੀਤ ਹੁੰਦਾ ਹੈ, ਭਲਾ ਜੇ ਇਸ ਵਿਰੋਧ ਦਾ ਭਰਮ ਆਪ ਦਾ ਮਿਟ ਜਾਏ, ਫਿਰ ਤਾਂ ਪ੍ਰਗਟ ਗੁਣਾਂ ਦੀ ਹਸਤੀ ਵਾਲਾ ਦਾਵ੍ਹਾ ਆਪ ਦਾ ਖਾਰਜ ਸਮਝਿਆ ਜਾਣਾ ਚਾਹੀਏ ਕਿ ਨਾ ?

**ਡਾਕਟਰ** : ਇਸ ਵਿਰੋਧ ਨੂੰ ਆਪ ਕਿਸ ਤਰ੍ਹਾਂ ਭਰਮ ਮਾਤਰ ਦੱਸ ਸਕਦੇ ਹੋ ਕਿ ਜਦ ਆਪ ਸਾਫ਼ ਇਕ ਪਾਸੇ ਤਾਂ ਗੁਣਾਂ ਦੀ ਹਸਤੀ ਵਾਲੇ ਪਦ ਆਪ ਵਰਤਦੇ ਰਹੇ ਹੋ ਅਤੇ ਦੂਜੇ ਪਾਸੇ ਹੁਣ ਉਨ੍ਹਾਂ ਹੀ ਗੁਣਾਂ ਦਾ ਭਰਮ ਮਾਤਰ ਹੋਣਾ ਦੱਸਦੇ ਹੋ। ਹਸਤੀ ਅਤੇ ਭਰਮ ਦੋਈ ਇਕ ਦੂਜੇ ਤੋਂ ਵਿਰੁੱਧ ਪਦ (contradictory terms) ਹਨ। ਤਾਂ ਤੇ ਗੁਣਾਂ ਨੂੰ ਇਕ ਜਗ੍ਹਾ, ਹੈ, ਕਹਿ ਕੇ ਪੁਕਾਰਨਾ ਅਤੇ ਦੂਜੀ ਜਗ੍ਹਾ ਉਨ੍ਹਾਂ ਹੀ ਗੁਣਾਂ ਨੂੰ ਭਰਮ ਮਾਤਰ ਕਹਿ ਕੇ ਪੁਕਾਰਨਾ ਇਹ ਦੋਈ ਆਪ ਦੇ ਇਕ ਦੂਜੇ ਤੋਂ ਵਿਰੁੱਧ ਕਥਨ (contradictory statements) ਸਿੱਧ ਹੋ ਗਏ, ਸੋ ਦਾਵ੍ਹਾ ਤਾਂ ਆਪ ਦਾ ਹੀ ਪੈਂਦੀ ਸੱਟ ਖਾਰਜ ਹੈ, ਮੇਰੇ ਦਾਵ੍ਹੇ ਨੂੰ ਆਪ ਕਿਸ ਤਰ੍ਹਾਂ ਖਾਰਜ ਕਰ ਸਕਦੇ ਹੋ ?

**ਸਿੰਘ** : ਦਾਵ੍ਹਾ ਤਾਂ ਕੇਵਲ ਆਪ ਨੇ ਹੀ ਬੰਨ੍ਹਿਆ ਸੀ, ਮੈਂ ਤਾਂ ਕੋਈ ਦਾਵ੍ਹਾ ਹੀ ਨਹੀਂ ਬੰਨ੍ਹਿਆ ਸੀ ਤਾਂ ਤੇ ਉਸ ਦਾ ਖਾਰਜ ਹੋਣਾ ਹੀ ਕੀ ਸੀ ! ਅਰਥਾਤ ਆਪ ਦਾ ਦਾਵ੍ਹਾ ਸੀ ਕਿ ਪ੍ਰਗਟ ਸਰੂਪ (ਵਜੂਦ) ਦੇ ਪ੍ਰਗਟ ਗੁਣਾਂ ਦੀ ਹਸਤੀ ਹੈ, ਹੁਣ ਇਸ ਆਪ ਦੇ ਦਾਵ੍ਹੇ ਦੇ ਉਲਟ ਮੈਂ ਇਹ ਸਾਬਤ ਕਰਨਾ ਹੈ ਕਿ ਉਕਤ ਗੁਣ ਕੇਵਲ ਭਰਮ ਮਾਤਰ ਹੀ ਹਨ, ਜੇ ਮੇਰਾ ਦਾਵ੍ਹਾ ਹੁੰਦਾ, ਤਾਂ ਕੇਵਲ ਇਹੋ ਹੀ ਹੁੰਦਾ ਨਾ, ਕਿ ਉਕਤ ਗੁਣ ਭਰਮ ਮਾਤਰ ਹਨ, ਸੋ ਜਦ ਤੀਕਰ ਆਪ ਉਨ੍ਹਾਂ ਗੁਣਾਂ ਦੀ ਹਸਤੀ ਨੂੰ ਸਾਬਤ ਨਹੀਂ ਕਰ ਦਿੰਦੇ, ਤਦ ਤੀਕਰ ਆਪ ਦਾ ਇਹ ਕਹਿਣਾ ਹੀ ਨਹੀਂ ਬਣ ਸਕਦਾ ਸੀ ਕਿ ਮੇਰਾ ਦਾਵ੍ਹਾ ਖਾਰਜ ਹੈ। ਸੋ ਆਪ ਦਾ ਉਕਤ ਗੁਣਾਂ ਦੀ ਹਸਤੀ ਨੂੰ ਸਿੱਧ ਨਾ ਕਰਨ ਵਾਲਾ ਵਤੀਰਾ ਹੀ ਸਿੱਧ ਕਰਦਾ ਹੈ ਕਿ ਮੇਰਾ ਕੋਈ ਦਾਵ੍ਹਾ ਨਹੀਂ ਸੀ। ਭਲਾ ਮੰਨਿਆ, ਹੁਣ ਮੇਰਾ ਹੀ ਦਾਵ੍ਹਾ ਹੈ ਕਿ ਉਕਤ ਗੁਣਾਂ ਦੀ ਕੋਈ ਹਸਤੀ ਨਹੀਂ। ਉਹ ਕੇਵਲ ਭਰਮ ਮਾਤਰ ਹੀ ਹਨ, ਆਪ ਸਿੱਧ ਕਰੋ ਕਿ ਉਨ੍ਹਾਂ ਦੀ ਹਸਤੀ ਹੈ।

**ਡਾਕਟਰ** : ਮੈਂ ਉਨ੍ਹਾਂ ਦੀ ਸਬੂਤੀ ਦਾ ਭਾਰ (burden of proof) ਆਪਣੇ ਸਿਰ ਉੱਤੇ ਕਿਉਂ ਲਵਾਂ, ਸਬੂਤੀ ਦਾ ਭਾਰ ਤਾਂ ਆਪ ਦੇ ਸਿਰ ਤੇ ਹੈ ਸੋ ਸਾਬਤ ਕਰੋ ਕਿ ਉਕਤ ਗੁਣ ਕਿਸ ਤਰ੍ਹਾਂ ਭਰਮ ਮਾਤਰ ਹਨ।

**ਸਿੰਘ** : ਨਾਲੇ ਆਪ ਦਾਵ੍ਹਾ ਖਾਰਜ ਕਰਦੇ ਹੋ।

**ਡਾਕਟਰ** : ਭਲਾ, ਆਪ ਇਸ ਵਿਰੋਧ ਨੂੰ ਕਿਸ ਤਰ੍ਹਾਂ ਮਿਟਾ ਸਕਦੇ ਹੋ ਜਦ ਕਿ ਸਾਫ਼ ਪਰਸਪਰ

ਆਪ ਦੇ ਦੋਹਾਂ ਕਥਨਾਂ ਵਿਖੇ ਵਿਰੋਧ ਕਾਇਮ ਹੈ।

**ਸਿੰਘ** : ਆਪ ਨੂੰ ਇਹ ਵਿਰੋਧ ਹੀ ਭਰਮ ਮਾਤਰ ਪ੍ਰਤੀਤ ਹੁੰਦਾ ਹੈ।

**ਡਾਕਟਰ** : ਕਿਸ ਤਰ੍ਹਾਂ ?

**ਸਿੰਘ** : ਲਓ, ਇਸ ਤਰ੍ਹਾਂ, ਆਪ ਆਪਣੇ ਪ੍ਰਗਟ ਸਰੂਪ ਨੂੰ ਕੀ ਮੰਨਦੇ ਹੋ ?

**ਡਾਕਟਰ** : (ਘਬਰਾ ਕੇ) ਉਹ ਤਾਂ ਮੈਂ ਮੰਨ ਚੁੱਕਾ ਹਾਂ ਕਿ ਮੇਰਾ ਪ੍ਰਗਟ ਸਰੂਪ ਭਰਮ ਮਾਤਰ ਹੈ ?

**ਸਿੰਘ** : ਫੇਰ ਅਜੇ ਵੀ ਆਪ ਉਸ ਭਰਮ ਮਾਤਰ ਸਰੂਪ ਉੱਤੇ ਆਪਣੀ ਮੇਰ ਕਿਉਂ ਜਮਾਉਂਦੇ ਹੋ, ਅਰਥਾਤ ਉਸ ਨੂੰ 'ਮੇਰਾ ਪ੍ਰਗਟ ਸਰੂਪ' ਕਹਿ ਕੇ ਕਿਉਂ ਪੁਕਾਰਦੇ ਹੋ ?

**ਡਾਕਟਰ** : ਕਿਉਂਕਿ ਚਾਹੇ ਏਹ ਮੇਰਾ ਅਸਲ ਸਰੂਪ ਤਾਂ ਹੈ ਨਹੀਂ ਪਰ ਫੇਰ ਭੀ ਭਰਮ ਮਾਤਰ ਤਾਂ ਹੈ ਹੀ ਨਾ।

**ਸਿੰਘ** : ਅਸਲ ਸਰੂਪ ਨਾ ਹੋਣਾ ਅਤੇ ਭਰਮ ਮਾਤਰ ਹੋਣਾ, ਏਹ ਕੀ ਗੱਲ ਹੋਈ, ਜ਼ਰਾ ਅਫੂੰ ਤਾਂ ਸਮਝਾਓ।

**ਡਾਕਟਰ** : ਚਾਹੇ ਅਸਲ ਵਿਚ ਮੇਰੇ ਪ੍ਰਗਟ ਸਰੂਪ ਦੀ ਕੋਈ ਹਸਤੀ ਨਹੀਂ, ਪਰ ਭਰਮ ਮਾਤਰ ਤਾਂ ਮੇਰਾ ਪ੍ਰਗਟ ਸਰੂਪ ਪ੍ਰਤੀਤ ਹੁੰਦਾ ਹੀ ਹੈ ਨਾ।

**ਸਿੰਘ** : ਕੀ ਆਪ ਦੇ ਇਨ੍ਹਾਂ ਦੋਹਾਂ ਕਥਨਾਂ ਵਿਚ ਵਿਰੋਧ ਨਹੀਂ ?

**ਡਾਕਟਰ** : ਵਿਰੋਧ ਕੀ ਹੋਣਾ ਸੀ, ਤਾਤਪਰਜ ਇਹ ਹੈ ਕਿ ਮੇਰਾ ਪ੍ਰਗਟ ਸਰੂਪ ਕੇਵਲ ਭਰਮ ਮਾਤਰ ਹੈ।

**ਸਿੰਘ** : ਭਰਮ ਮਾਤਰ ! ਨਾਲੇ ਹੈ ! ਕੀ ਇਥੇ ਆਪ ਨੂੰ ਕੁਛ ਵਿਰੋਧ ਪ੍ਰਤੀਤ ਨਹੀਂ ਹੁੰਦਾ ?

**ਡਾਕਟਰ** : ਇਹ ਵਿਰੋਧ ਤਾਂ ਐਵੇਂ ਹੀ ਭਾਸਦਾ ਹੈ। ਵਿਰੋਧ-ਵਰਾਧ ਕੁਛ ਨਹੀਂ, ਅਸਲ ਵਿਚ ਇੱਕੋ ਹੀ ਗੱਲ ਹੈ।

**ਸਿੰਘ** : ਕਿਉਂ ? ਵਿਰੋਧ ਕਿਉਂ ਨਹੀਂ, ਨਾਲੇ ਤਾਂ ਪ੍ਰਗਟ ਸਰੂਪ ਨੂੰ ਭਰਮ ਮਾਤਰ ਕਹਿਣਾ, ਨਾਲੇ ਉਸ ਨੂੰ 'ਹੈ' ਕਹਿਣਾ, ਕੀ ਇਹ ਦੋ ਵਿਰੋਧੀ ਕਥਨ ਨਹੀਂ ?

**ਡਾਕਟਰ** : ਨਹੀਂ ਜੀ ! ਮੇਰੇ ਕਥਨ ਦਾ ਏਹ ਭਾਵ ਹੈ ਕਿ ਮੇਰਾ ਪ੍ਰਗਟ ਸਰੂਪ ਜੋ ਹੈ ਤਾਂ ਐਵੇਂ ਭਰਮ ਮਾਤਰ ਹੀ ਹੈ।

**ਸਿੰਘ** : ਤਾਂ ਪ੍ਰਗਟ ਗੁਣਾਂ ਦੀ ਹਸਤੀ ਅਤੇ ਉਨ੍ਹਾਂ ਗੁਣਾਂ ਦੇ ਭਰਮ ਮਾਤਰ ਆਖਣ ਵਾਲੇ ਮੇਰੇ ਕਥਨ ਦਾ ਹੋਰ ਕੀ ਭਾਵ ਹੈ। ਇਹੋ ਤਾਂ ਹੈ ਕਿ ਉਕਤ ਪ੍ਰਗਟ ਗੁਣਾਂ ਦੀ ਅਸਲ ਹਸਤੀ ਕੋਈ ਨਹੀਂ, ਜੇ ਹੈ ਤਾਂ ਭਰਮ ਮਾਤਰ ਹੀ ਹੈ। ਅਰਥਾਤ ਪ੍ਰਗਟ ਗੁਣ ਭੀ ਪ੍ਰਗਟ (ਵਜੂਦ) ਸਰੂਪ ਦੀ ਨਿਆਈਂ ਭਰਮ ਮਾਤਰ ਹੀ ਹਨ, ਸੋ ਆਪ ਨੂੰ ਮੇਰੇ ਕਥਨ ਅੰਦਰ ਵਿਰੋਧਤਾ ਕਿਉਂ ਭਾਸਗੀ ?

**ਡਾਕਟਰ** : ਇਹ ਤਾਂ ਐਵੇਂ ਸਮਝ ਦਾ ਹੀ ਫੇਰ ਸੀ, ਹੁਣ ਮੇਰੀ ਸਮਝ ਵਿਚ ਆਇਆ ਕਿ ਆਪ ਦੇ ਗੁਣਾਂ ਦੇ ਹਸਤੀ ਵਾਲੇ ਕਥਨ ਦਾ ਭਾਵ ਇਹ ਸੀ ਕਿ ਉਕਤ ਗੁਣਾਂ ਦੀ ਅਸਲ ਹਸਤੀ ਕੋਈ ਨਹੀਂ ਐਵੇਂ ਭਰਮ ਮਾਤਰ ਹੀ ਹਸਤੀ ਹੈ, ਆਪ ਦੀ ਉਕਤ ਹਸਤੀ ਪਦ ਦੇ ਅਰਥ ਭਰਮ ਮਾਤਰ ਪ੍ਰਤੀਤ ਹੋਣਾ ਹੈ।

**ਸਿੰਘ** : ਸੋ ਹੁਣ ਤਾਂ ਆਪ ਦਾ ਵਿਰੋਧ ਪ੍ਰਤੀਤ ਹੋਣ ਵਾਲਾ ਭਰਮ ਮਿਟਿਆ ਕਿ ਨਾ।

**ਡਾਕਟਰ** : ਉਹ ਭਰਮ ਤਾਂ ਮਿਟ ਗਿਆ, ਐਵੇਂ ਕਲਪਨਾ ਮਾਤਰ ਹੀ ਸੀ, ਪਰ ਅਜੇ ਇਹ ਗੱਲ ਨਿਸਚੇ ਨਹੀਂ ਹੁੰਦੀ ਕਿ ਪ੍ਰਗਟ ਗੁਣ ਭਰਮ ਮਾਤਰ ਹੀ ਹਨ।

**ਸਿੰਘ** : ਇਹਨਾਂ ਗੁਣਾਂ ਦੇ ਭਰਮ ਮਾਤਰ ਹੋਣ ਦੀ ਪ੍ਰਤੀਤ (ਨਿਸਚਾ) ਤਾਂ ਆਪ ਨੂੰ ਤਦ ਆਵੇ ਜੇ ਆਪ ਭਰਮ ਭੁਲਾਵੇ ਵਿਚੋਂ ਨਿਕਲੇ ਹੋਏ ਹੋਵੋ, ਆਪ ਜੋ ਇਸੇ ਭਰਮ ਦੀ ਘੁੰਮਣ ਘੇਰੀ ਵਿਚ ਫਿਰਦੇ ਹੋ, ਇਸ ਕਰਕੇ ਆਪ ਨੂੰ ਇਸ ਭਰਮ ਵਾਲੇ ਭੇਦ ਦੀ ਸੱਚਾਈ ਪ੍ਰਤੀਤ ਨਹੀਂ ਹੁੰਦੀ।

**ਡਾਕਟਰ** : ਆਪਣੇ ਪ੍ਰਗਟ ਸਰੂਪ (ਵਜੂਦ) ਦੇ ਭਰਮ ਵਾਲਾ ਭੇਦ ਜਿਵੇਂ ਪ੍ਰਗਟ ਹੋ ਗਿਆ ਸੀ, ਕੀ ਤਿਵੇਂ ਪ੍ਰਗਟ ਗੁਣਾਂ ਵਾਲੇ ਭਰਮ ਦਾ ਭੇਦ ਪ੍ਰਗਟ ਨਹੀਂ ਹੋ ਸਕਦਾ ?

**ਸਿੰਘ** : ਉਹ ਭੀ ਆਪ ਨੂੰ ਦ੍ਰਿੜ੍ਹ ਕਰਕੇ ਨਿਸਚਿਤ ਨਹੀਂ ਹੋਇਆ, ਉਸ ਦਾ ਅਨੁਮਾਨ ਮਾਤਰ ਹੀ ਹੋਇਆ ਹੈ, ਜੇ ਉਹ ਭਰਮ ਵਾਸਤਵ ਵਿਚ ਮਿਟ ਗਿਆ ਹੁੰਦਾ ਤਾਂ ਆਪ ਨੂੰ ਹੁਣ ਗੁਣਾਂ ਦੀ ਹਸਤੀ ਵਾਲਾ ਭਰਮ ਨਾ ਵਿਆਪਦਾ ਅਰਥਾਤ ਗੁਣਾਂ ਦੇ ਭਰਮ ਰੂਪ ਹੋਣ ਵਿਚ ਭਰਮ (ਸੰਦੇਹ) ਨਾ ਆਪ ਨੂੰ ਰਹਿੰਦਾ। ਜੇ ਗੁਣਾਂ ਦੇ ਭਰਮ ਰੂਪ ਹੋਣ ਵਿਚ ਆਪ ਨੂੰ ਅਜੇ ਭਰਮ ਅਰਥਾਤ ਸੰਦੇਹ ਹੈ ਤਦ ਐਉਂ ਕਹੋ ਕਿ ਆਪ ਦੇ ਨਿਜ ਪ੍ਰਗਟ ਸਰੂਪ (ਵਜੂਦ) ਦੇ ਭਰਮ ਮਾਤਰ ਹੋਣ ਵਿਚ ਵੀ ਆਪ ਨੂੰ ਅਜੇ ਸੰਦੇਹ ਹੈ, ਕਿਉਂਕਿ ਆਪਣਾ ਨਿਜ ਪ੍ਰਗਟ ਸਰੂਪ ਆਪ ਨੂੰ ਅਜੇ ਪ੍ਰਗਟ ਗੁਣਾਂ ਤੋਂ ਭਿੰਨ ਹੀ ਭਾਸਦਾ ਹੈ, ਜੇ ਭਿੰਨ ਨਾ ਭਾਸਦਾ ਤਾਂ ਉਕਤ ਗੁਣਾਂ ਦੇ ਭਰਮ ਰੂਪ ਹੋਣ ਵਿਚ ਆਪ ਨੂੰ ਸੰਦੇਹ ਹੀ ਨਾ ਉਪਜਦਾ।

**ਡਾਕਟਰ** : ਗੱਲ ਤਾਂ ਅਸਲ ਇਹੋ ਹੈ ਕਿ ਮੇਰਾ ਭਰਮ ਭੁਲਾਵਾ ਅਜੇ ਵਿਚੋਂ ਗਿਆ ਨਹੀਂ।

**ਸਿੰਘ** : ਅਤੇ ਨਾ ਹੀ ਗੱਲਾਂ (ਅਰਥਾਤ ਨਿਰੀ ਕਥਨੀ ਬਦਨੀ) ਨਾਲ ਇਹ ਭਰਮ ਭੁਲਾਵਾ ਜਾ ਸਕਦਾ ਹੈ। ਕਥਨੀ ਬਦਨੀ ਦੁਆਰਾ ਤਾਂ ਕੇਵਲ ਭਰਮ ਭੁਲਾਵਾ ਦਾ ਅਨੁਮਾਨ ਮਾਤਰ ਹੀ ਕਰਾਇਆ ਜਾ ਸਕਦਾ ਹੈ ਕਿਉਂਕਿ ਇਹਨਾਂ ਬਹਿਰੰਗ ਦਿਖਾਵੇ ਦੇ (ਪ੍ਰਗਟ) ਗੁਣਾਂ ਨੂੰ ਭਰਮ ਕਰਕੇ ਲਖਣ ਅਤੇ ਦ੍ਰਿੜ੍ਹ ਨਿਸਚਿਤ (realize) ਕਰਨ ਵਾਲੇ ਅੰਤ੍ਰੀਵ ਗੁਣ ਆਪ ਵਿਚੋਂ ਅਜੇ ਤਾਈਂ ਲੋਪ ਹਨ, ਅਰਥਾਤ ਉਕਤ ਅੰਤ੍ਰੀਵ ਗੁਣਾਂ ਵਾਲੀ ਸ਼ਕਤੀ ਤੋਂ ਆਪ ਅਜੇ ਸੁੰਨ ਹੋ। ਇਸ ਕਰਕੇ ਇਨ੍ਹਾਂ ਬਹਿਰੰਗ ਦਿਖਾਵੇ ਦੇ ਗੁਣਾਂ ਨੂੰ ਭਰਮ ਰੂਪ ਨਿਸਚਿਤ ਨਹੀਂ ਕਰ ਸਕਦੇ। ਉਕਤ ਬਹਿਰੰਗ ਗੁਣਾਂ ਦੇ ਪ੍ਰਭਾਵ ਕਰਕੇ ਉਨ੍ਹਾਂ ਨੂੰ ਭਰਮ ਰੂਪ ਜਾਣਨ ਦਾ ਅਨੁਮਾਨ (idea) ਹੀ ਬੱਝ ਸਕਦਾ ਹੈ, ਕਿਉਂਕਿ ਆਪ ਉਕਤ ਬਹਿਰੰਗੀ ਗੁਣਾਂ ਨੂੰ ਆਪ ਦੇ ਬਹਿਰੰਗ ਗੁਣਾਂ ਦੁਆਰਾ ਹੀ ਤੋਲ ਕੇ ਪੇਖੋਗੇ। ਇਹ ਬਹਿਰੰਗ ਗੁਣ ਨਿਰੋਲ ਭਰਮ ਰੂਪ ਨਿਸਚਿਤ (realize) ਤਾਂ ਕੇਵਲ ਅੰਤ੍ਰੀਵ ਗੁਣਾਂ ਕਰਕੇ ਹੋ ਸਕਦੇ ਹਨ, ਪਰੰਤੂ ਇਨ੍ਹਾਂ ਹੀ ਦੁਆਰਾ ਇਨ੍ਹਾਂ ਦੇ ਭਰਮ ਰੂਪ ਹੋਣ ਦਾ ਨਿਰਾ ਅਨੁਮਾਨ (mere idea, inference or notion) ਹੀ ਬੱਝ ਸਕਦਾ ਹੈ ਕਿਉਂਕਿ ਉਕਤ (ਬਹਿਰੰਗ) ਗੁਣ ਹੀ ਨਿਰੇ ਅਨੁਮਾਨ ਰੂਪ (mere ideas) ਹੀ ਹਨ, ਸੋ ਅਨੁਮਾਨਿਕ ਗੁਣਾਂ ਲਈ ਅਨੁਮਾਨ ਸ਼ਕਤੀ

ਉਕਤ ਗੁਣਾਂ ਨੂੰ ਲਖ[1] ਨਹੀਂ ਸਕਦੀ ਕੇਵਲ ਲੱਖਣ[2] ਹੀ ਲਗਾ ਸਕਦੀ ਹੈ। ਗੱਲ ਕੀ ਬਹਿਰੰਗ ਗੁਣ ਕੇਵਲ ਲੱਖਣ ਹੀ ਲੱਖਣ (mere ideas) ਹਨ। ਇਨ੍ਹਾਂ ਲੱਖਣਾਂ ਨੂੰ ਜੋ ਵਾਸਤਵ ਵਿਚ ਮਿਥਯਾ ਅਤੇ ਭਰਮ ਰੂਪੀ ਹਨ ਐਵੇਂ ਲੱਖਣ ਲਾ ਕੇ (ਭਰਮ ਦੁਆਰਾ) ਲੋਕਾਂ ਨੇ ਸੱਚ ਕਰਕੇ ਅਰਥਾਤ ਸੱਚ ਵਸਤੂ (real thing) ਜਾਤਾ ਹੋਇਆ ਹੈ ਹਾਲਾਂਕਿ ਸੱਚ (reality) ਦੀ ਰਾਈ ਭੀ ਇਨ੍ਹਾਂ ਅੰਦਰ ਹੈ ਨਹੀਂ।

**ਡਾਕਟਰ :** ਇਸ ਤੋਂ ਇਹ ਸਿੱਧ ਹੋਇਆ ਕਿ ਜੋ ਕੁਛ ਭੀ ਇਹ ਦਿਖਾਈ ਦਿੰਦਾ ਹੈ, ਨਿਰਾ ਭਰਮ ਹੀ ਭਰਮ ਅਤੇ ਮਿਥਿਆ ਅਥਵਾ ਅਸੱਤ (unreal) ਹੀ ਹੈ।

**ਸਿੰਘ :** ਇਸ ਵਿਚ ਰੰਚਕ ਸੰਦੇਹ ਨਹੀਂ ਜੋ ਕੁਛ ਭੀ ਬਹਿਰੰਗ ਦਾ ਦਿਖਾਵਾ ਹੈ ਸੋ ਸਰਬ ਮਿਥਿਆ ਅਤੇ ਅਸੱਤ ਵਾ ਭ੍ਰਮ ਰੂਪ ਹੀ ਹੈ, ਕਿਉਂਕਿ ਸਰਬ ਦ੍ਰਿਸ਼ਟਮਾਨ ਸੰਸਾਰ ਇਹਨਾਂ ਬਹਿਰੰਗ ਗੁਣਾਂ ਅੰਦਰ ਹੀ ਵਰਤ ਰਿਹਾ ਹੈ।

**ਡਾਕਟਰ :** ਏਹ ਅਤਯੰਤ ਹੀ ਅਕਲ ਨੂੰ ਚਕ੍ਰਤ ਕਰਨ ਵਾਲਾ ਨਵੀਨ ਭੇਦ ਆਪ ਅੱਜ ਸਰਵਣ ਕਰਾ ਰਹੇ ਹੋ। ਮੇਰੀ ਅਕਲ ਏਦੂੰ ਅੱਗੇ ਕੰਮ ਨਹੀਂ ਕਰਦੀ। ਆਪ ਦੀਆਂ ਅਨੋਖੀਆਂ ਦਲੀਲਾਂ (arguments) ਚਾਹੇ ਮੈਨੂੰ ਮੰਨਣੋਂ ਹੁਤ ਨਹੀਂ ਕਰਨ ਦੇਂਦੀਆਂ ਪਰ ਫੇਰ ਭੀ ਮੇਰਾ ਮਨ ਉਕਤ ਮਨਾਈ ਅਤੇ ਮੰਨੀ ਗੱਲਾਂ ਉੱਤੇ ਕਾਇਮ ਅਤੇ ਦ੍ਰਿੜ੍ਹ ਨਹੀਂ ਰਹਿਣ ਦਿੰਦਾ ਅਤੇ ਏਹ ਵੀ ਮੈਂ ਸਾਫ਼ ਦੇਖਦਾ ਹਾਂ ਕਿ ਮੇਰੇ ਪਾਸ ਉਨ੍ਹਾਂ ਗੱਲਾਂ ਦੇ ਵਿਰੁੱਧ ਭੀ ਕੋਈ ਸਬੂਤ ਨਹੀਂ। ਸਚਮੁੱਚ ਅਕਲ ਅਤੇ ਦਲੀਲ (reason) ਏਦੂੰ ਅੱਗੇ ਕੰਮ ਨਹੀਂ ਕਰ ਸਕਦੀ।

**ਸਿੰਘ :** ਇਨ੍ਹਾਂ ਅਸੂਲਾਂ ਦੀ ਵਿਚਾਰ ਸਾਡੇ ਅਸਲ ਪ੍ਰਕਰਣ ਨਾਲ ਐਡਾ ਸਬੰਧ ਭੀ ਨਹੀਂ ਰੱਖਦੀ ਅਤੇ ਹਨ ਭੀ ਏਹ ਅਸੂਲ ਇਨਸਾਨੀ ਅਕਲ ਤੋਂ ਅਗੋਚਰ, ਸੋ ਛੱਡੋ ਏਸ ਵਿਸ਼ੇ ਨੂੰ, ਸੋ ਆਪਾਂ ਆਪਣੇ ਅਸਲੀ ਪ੍ਰਕਰਣ ਨੂੰ ਫੇਰ ਤੋਰੀਏ ਅਤੇ ਓਥੋਂ ਹੀ ਫੇਰ ਫੜੀਏ ਜਿਥੋਂ ਛੱਡਿਆ ਸੀ।

**ਡਾਕਟਰ :** ਮੈਨੂੰ ਤਾਂ ਉਹ ਪ੍ਰਕਰਣ ਹੀ ਵਿਸਰਿਆ ਪਿਆ ਹੈ ਅਤੇ ਏਹ ਭੀ ਪਤਾ ਨਹੀਂ ਕਿ ਕਿਥੋਂ ਤੇ ਕਦ ਅਸੀਂ ਉਸ ਤੋਂ ਅੱਡ ਹੋ ਗਏ ਹਾਂ।

**ਸਿੰਘ :** ਆਪ ਗੁਣੀ ਅਤੇ ਗੁਣਾਂ ਦੀ ਅਭੇਦਤਾ ਉੱਤੇ ਹੀ ਅੜੇ ਹੋਏ ਸੀ, ਅਰਥਾਤ ਇਨ੍ਹਾਂ ਦੀ ਪਰਸਪਰ ਏਕਤਾ ਮੰਨਣ ਵਿਚ ਆਪ ਨੂੰ ਅੜੀ ਸੀ, ਇਸ ਤੋਂ ਅਗਾਹਾਂ ਨਹੀਂ ਸੇ ਆਪ ਤੁਰਦੇ।

---

੧. ਲਖਣਾ (to realize) ਕੰਮ ਅੰਤ੍ਰੀਵ ਗੁਣਾਂ ਮਈ ਸ਼ਕਤੀ ਦਾ ਹੈ।

੨. ਲੱਖਣ ਲਾਉਣਾ (to infer, conceive or make an idea) ਕੰਮ ਬੁੱਧੀ (power or quality of under standing) ਅਥਵਾ ਦਲੀਲ (reason) ਆਦਿਕ ਬਹਿਰੰਗ ਗੁਣਾਂ ਮਈ ਸ਼ਕਤੀਆਂ ਦਾ ਹੈ ਜਿਸ ਨੂੰ ਬੁੱਧੀ ਦੀ ਦਲੀਲ ਦੁਆਰਾ ਲੱਖਣਾ (realize ਕਰਨਾ) ਆਖਦੇ ਹਨ ਓਹ ਵਾਸਤਵ ਵਿਚ ਅਨੁਮਾਨ ਕਰਨਾ ਹੀ ਹੈ। ਬੁੱਧੀ (reason) ਲੱਖਣ (realization) ਵਾਲੀ ਸ਼ਕਤੀ ਤੋਂ ਉੱਕੀ ਹੀ ਆਸ਼ਕਤ ਅਤੇ ਸੁੰਨ ਹੈ। ਸੋ ਬੁੱਧੀ ਦੁਆਰਾ ਕੇਵਲ ਲੱਖਣ ਹੀ ਲੱਗ ਸਕਦਾ ਹੈ।

**ਡਾਕਟਰ**: ਅੜ ਉੜ ਤਾਂ ਕੋਈ ਨਹੀਂ ਸੀ ਕੇਵਲ ਏਤਨੀ ਗੱਲ ਜ਼ਰੂਰ ਸੀ ਕਿ ਗੁਪਤ ਗੁਣੀ ਦਾ ਸਰੂਪ ਗੁਣਾਂ ਤੋਂ ਭਿੰਨ ਜੇ ਨਾ ਮੰਨਿਆ ਜਾਏ ਤਦ ਐਸਾ ਪ੍ਰਤੀਤ ਹੁੰਦਾ ਸੀ ਕਿ ਗੁਪਤ ਗੁਣੀ ਦਾ ਸਰੂਪ ਹੀ ਅਸਲ ਵਜੂਦ (real existence) ਤੋਂ ਰਹਿਤ ਇਕ ਭਰਮ ਮਾਤਰ (imaginary) ਹੀ ਸਿੱਧ ਹੋਊ ਜੈਸਾ ਕਿ ਪ੍ਰਗਟ ਗੁਣਾਂ ਦਾ ਹੋਇਆ ਸੀ, ਪਰ ਹੁਣ ਹੋਰ ਹੀ ਨਿਆਰਾ ਭੇਦ ਪ੍ਰਗਟ ਹੋਇਆ ਕਿ ਪ੍ਰਗਟ ਗੁਣੀ ਤਾਂ ਸੰਯੁਕਤ ਆਪਣੇ ਗੁਣਾਂ ਦੇ ਅਰਥਾਤ ਸਾਰਾ ਦ੍ਰਿਸ਼ਟਮਾਨ ਪ੍ਰਗਟ ਪਸਾਰਾ ਹੀ ਨਿਰਾ ਭਰਮ ਹੀ ਭਰਮ (mere imagination or creation of fancy) ਹੈ, ਇਸ ਦਸ਼ਾ ਵਿਚ ਮੇਰੀ ਹੁਣ ਗੁਪਤ ਗੁਣੀ ਨੂੰ ਉਸ ਦੇ ਗੁਣਾਂ ਤੇ ਅਭੇਦ ਮੰਨਣ ਵਿਚ ਕੀ ਅੜ ਹੋ ਸਕਦੀ ਹੈ ਅਤੇ ਜੇ ਮੈਂ ਕੋਈ ਹਠ ਯਾ ਅੜ ਬੰਨਾ ਭੀ ਤਾਂ ਮੇਰਾ ਐਸਾ ਕਰਨਾ ਕੀ ਮਾਪ ਤੋਲ ਅਰਥਾਤ ਵਜ਼ਨ (force or authority) ਰੱਖ ਸਕਦਾ ਹੈ ਜਦ ਕਿ ਮੈਂ ਉਸ ਗੁਪਤ ਖੇਡ ਤੋਂ ਉੱਕਾ ਹੀ ਅਣਜਾਣ ਹਾਂ।

**ਸਿੰਘ** : ਆਪ ਕਿਤੇ ਉਸ ਗੁਪਤ ਖੇਡ ਤੋਂ ਅਸ਼ਰਧਕ ਤਾਂ ਨਹੀਂ ਹੋ ਗਏ। ਅਣਜਾਣ ਹੋਣ ਵਾਲੀ ਤਾਂ ਭਲਾ ਕੋਈ ਬਾਤ ਨਹੀਂ। ਏਸ ਅਣਜਾਣ ਪੁਣੇ ਅਰਥਾਤ ਅਗਿਆਨ ਦੇ ਕਾਰਨ ਹੀ ਇਨਸਾਨ ਪ੍ਰਗਟ ਖੇਡ ਨੂੰ ਸਤ ਕਰਕੇ ਮੰਨੀ ਬੈਠਾ ਹੈ ਜੋ ਅਸਲ ਵਿਚ ਅਸਤ ਹੈ ਅਤੇ ਗੁਪਤ ਖੇਡ ਨੂੰ ਅਸਤ ਕਰਕੇ ਸਮਝਦਾ ਹੈ ਜੋ ਵਾਸਤਵ ਵਿਚ ਸਤ ਹੈ। ਇਸ ਸਤ ਦੀ ਅਸਲ ਸ਼ਰਧਾ ਉਸ ਅਸਤ ਦੇ ਭਾਵ ਵਾ ਅਸ਼ਰਧਾ ਤੋਂ ਹੀ ਉਪਜਦੀ ਹੈ। ਇਸ ਅਸਤ ਦਾ ਅਭਾਵ ਹੋਏ ਬਿਨਾਂ ਸਤ ਦੀ, ਅਸਲ (ਅਰਥਾਤ ਅਪ੍ਰੋਖਛ) ਸ਼ਰਧਾ ਤਾਂ ਚਾਹੇ ਨਹੀਂ ਉਪਜ ਸਕਦੀ, ਪਰੰਤੂ ਅਸਤ ਦਾ ਅਨੁਮਾਨ ਮਾਤਰ ਹੋਣ ਕਰ ਸਤ ਦੀ ਅਨੁਮਾਨਕ ਸ਼ਰਧਾ ਤਾਂ ਇਨਸਾਨ ਨੂੰ ਰਹਿਣੀ ਚਾਹੀਦੀ ਹੈ।

**ਡਾਕਟਰ** : (ਗੱਲ ਵਿਚਾਲਿਓਂ ਕੱਟ ਕੇ) ਨਹੀਂ, ਨਹੀਂ, ਮੈਂ ਸਤ ਵੱਲੋਂ ਉੱਕਾ ਅਸ਼ਰਧਕ ਨਹੀਂ ਹਾਂ, ਅਨੁਮਾਨ ਪੂਰਬਕ ਜਿਤਨਾ ਕੁ ਅਸਤ ਦਾ ਆਭਾਵ ਹੋਇਆ ਮੈਨੂੰ ਭਾਸਿਆ ਹੈ ਇਤਨਾ ਕੁ ਸਤ ਦਾ ਅਨੁਮਾਨ ਮਾਤਰ ਭੀ ਭਾਸਦਾ ਹੈ ਕਿਉਂਕਿ ਅਨੁਮਾਨ ਅਨੁਸਾਰ ਓੜਕ ਇਸ ਬਹਿਰੰਗ ਅਰਥਾਤ ਦ੍ਰਿਸ਼ਟਮਾਨ ਰਚਨਾ (external visible creation) ਦਾ ਜ਼ਰੂਰ ਕੋਈ ਅੰਤ੍ਰੀਵ, ਅਦ੍ਰਿਸ਼ਟ ਅਤੇ ਅਵਾਂਤਰ ਕਾਰਨ (internal, invisible & ultimate cause) ਹੋਣਾ ਚਾਹੀਦਾ ਹੈ।

**ਸਿੰਘ** : ਇਸ ਕਾਰਯ ਦੇ ਕਾਰਨ ਨੂੰ ਕਿਤੇ ਆਪ ਏਹੋ ਜਿਹੇ ਸਰੂਪ ਵਾਲਾ ਤਾਂ ਨਹੀਂ ਭਾਸੀ ਬੈਠੇ ਜਿਹਾ ਕਿ ਦ੍ਰਿਸ਼ਟਮਾਨ ਕਾਰਯ ਦਾ ਸਰੂਪ ਆਪ ਨੂੰ ਭਾਸਦਾ ਹੈ ?

**ਡਾਕਟਰ**: ਨਹੀਂ ਨਹੀਂ, ਐਸਾ ਨਹੀਂ, ਮੈਂ ਮਾਦਾ ਪ੍ਰਸਤ ਅਰਥਾਤ ਨਾਸਤਕ (materilist i.e. atheist) ਨਹੀਂ ਹਾਂ, ਕਿਉਂਕਿ ਮੈਨੂੰ ਇਸ ਕਾਰਯ ਦਾ ਕਾਰਨ ਮੇਰੇ ਅਨੁਮਾਨ ਅੰਦਰ ਨਿਰਾ ਪੁਰਾ ਕਾਰਨ ਹੀ ਨਹੀਂ, ਅਨੁਮਾਨ ਹੋਇਆ, ਕਿੰਤੂ ਉਹ ਕਾਰਨ ਇਕ ਜਿਊਂਦਾ ਜਾਗਦਾ ਅਤੇ ਰਚਨਾ ਰਚਣ ਦੀ ਸ਼ਕਤੀ ਵਾਲਾ ਕਾਰਨ (all

intelligent creative casue)[1] ਅਤੇ ਵੱਡੇ ਤੋਂ ਵੱਡਾ ਆਤਮਿਕ ਸਰੂਪ (The Supreme Spiritual Being) ਮੈਨੂੰ ਪ੍ਰਤੀਤ ਹੋ ਗਿਆ ਹੈ।

**ਸਿੰਘ** : ਕੀ ਉਹ ਸਰੂਪ ਆਪ ਨੂੰ ਪ੍ਰਤੀਤ ਹੋ ਗਿਆ ਹੈ।

**ਡਾਕਟਰ** : ਨਹੀਂ, ਕੇਵਲ ਅਨੁਮਾਨ ਮਾਤਰ ਹੀ ਪ੍ਰਤੀਤ ਹੋਇਆ ਹੈ ਪਰ ਇਸ ਕਾਰਜ ਦੇ ਸਰੂਪ ਤੋਂ ਸਾਫ਼ ਭਿੰਨ ਪ੍ਰਤੀਤ ਹੁੰਦਾ ਹੈ।

**ਸਿੰਘ** : ਪਰ ਕੀ ਅਜੇ ਆਪ ਦੇ ਅਨੁਮਾਨ ਨੇ ਇਹ ਪ੍ਰਤੀਤ ਨਹੀਂ ਕੀਤਾ ਕਿ ਉਹ ਅਧਿਭੁਤ ਸਰੂਪ ਆਪਣੇ ਗੁਣਾਂ ਤੋਂ ਭਿੰਨ ਨਹੀਂ ?

**ਡਾਕਟਰ** : ਹਾਂ, ਇਹ ਤਾਂ ਮੇਰੇ ਅਨੁਮਾਨ ਅੰਦਰ ਪ੍ਰਤੀਤ ਹੋ ਗਿਆ ਹੈ ਕਿ ਉਹ ਸਰੂਪ ਆਪਣੇ ਗੁਣਾਂ ਤੋਂ ਭਿੰਨ ਨਹੀਂ, ਸਗੋਂ ਸਰਬ ਗੁਣਾਂ ਦਾ ਸਮੂਹ ਜੋ ਹੈ ਤਾਂ ਓਹੀ ਸਰੂਪ ਹੈ, ਪਰੰਤੂ ਉਹ ਅੰਤ੍ਰੀਵ ਗੁਣ ਇਹੋ ਜਿਹੇ ਨਹੀਂ ਹਨ, ਜਿਹੇ ਕਿ ਇਹ ਬਹਿਰੰਗ ਗੁਣ ਹਨ ਅਰਥਾਤ ਉਹ ਅੰਤ੍ਰੀਵ ਗੁਣ, ਜ਼ਰੂਰ ਇਨ੍ਹਾਂ ਦ੍ਰਿਸ਼ਟਮਾਨ ਗੁਣਾਂ ਤੋਂ ਭਿੰਨ ਅਤੇ ਵੱਖਰੇ ਹਨ।

**ਸਿੰਘ** : ਇਹ ਬਹਿਰੰਗ ਗੁਣਾਂ ਨੂੰ ਤਾਂ ਗੁਣ ਕਹਿਣਾ ਹੀ ਠੀਕ ਨਹੀਂ, ਇਹ ਤਾਂ ਗੁਣ ਹੀ ਨਹੀਂ। ਐਵੇਂ ਨਾਮ (ਭਰਮ) ਮਾਤਰ ਹੀ ਗੁਣ ਹਨ, ਅਰਥਾਤ ਉਹ ਗੁਣ ਇਨ੍ਹਾਂ[2] ਗੁਣਾਂ ਤੋਂ ਰਹਿਤ ਹਨ। ਸੋ ਇਹ ਅਨੁਮਾਨ ਜੋ ਆਪ ਨੂੰ ਪ੍ਰਤੀਤ ਹੋਇਆ ਹੈ, ਬਹੁਤ ਸੁੰਦਰ ਹੈ।

**ਡਾਕਟਰ** : ਬੇਸ਼ਕ, ਇਸ (ਅਨੁਮਾਨ) ਵਿਚ ਤਾਂ ਹੁਣ ਰੰਚਕ ਸੰਦੇਹ ਨਹੀਂ ਕਿ ਓਹ ਅਧਿਭੁਤ ਸਰੂਪ ਆਪਣੇ ਗੁਣਾਂ ਤੋਂ ਭਿੰਨ ਨਹੀਂ ਪਰੰਤੂ ਓਹ ਗੁਣ ਵੀ ਜ਼ਰੂਰ ਹੀ ਅਧਿਭੁਤ ਹੋਣਗੇ।

**ਸਿੰਘ** : ਬੇਸ਼ਕ, ਅਧਿਭੁਤ (extra ordinary) ਅਦੁੱਤੀ (unparalleled) ਤਾਂ ਤੇ ਏਹਨਾਂ ਹੀ ਅਧਿਭੁਤ ਅਤੇ ਅਦੁੱਤੀ ਗੁਣਾਂ ਦੁਆਰਾ ਉਸ ਅਧਿਭੁਤ ਸਰੂਪ ਦਾ ਗਿਆਨ ਹੋ ਸਕਦਾ ਹੈ ਅਰਥਾਤ ਏਹਨਾਂ ਹੀ ਅਧਿਭੁਤ ਅਤੇ ਅਦੁੱਤੀ ਗੁਣਾਂ ਦਾ ਗਿਆਨ ਉਸ ਅਧਿਭੁਤ ਅਤੇ ਅਦੁੱਤੀ ਸਰੂਪ ਦਾ ਗਿਆਨ ਹੈ ਅਥਵਾ ਇਉਂ ਕਹਿਣਾ ਭੀ ਠੀਕ ਫੱਬਦਾ ਹੈ ਕਿ ਇਨ੍ਹਾਂ ਅਧਿਭੁਤ ਅਤੇ ਅਦੁੱਤੀ ਗੁਣਾਂ ਦਾ ਜੋ ਗਿਆਨ ਹੈ, ਓਹੀ ਅਧਿਭੁਤ ਅਤੇ ਅਦੁੱਤੀ ਸਰੂਪ ਹੈ।

**ਡਾਕਟਰ** : ਬਹੁਤ ਠੀਕ ! ਏਥੇ ਆ ਕੇ ਤਾਂ ਗੁਣੀ ਅਤੇ ਗੁਣਾਂ ਦੀ ਐਨ ਅਭੇਦਤਾ ਅਤੇ ਪੂਰਨ ਏਕਤਾ ਸਿੱਧ ਹੋ ਗਈ।

---

੧. According to the belief of Materialists the only ultimate creative cause of the visual creation i.e. the world, is matter, (for they do not beleive in Spirit at all). But the matter has no creative power being altogether devoid of intelligence.

੨. ਤਦੇ ਤਾਂ ਦ੍ਰਿਸ਼ਟਮਾਨ ਗੁਣਾਂ ਤੋਂ ਰਹਿਤਮਾਨ ਹੋਣ ਕਰਕੇ ਹੀ ਗੁਰਮਤਿ ਅੰਦਰ ਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅੰਦਰ ਅਕਾਲ ਪੁਰਖ ਦੇ ਮੁਖ ਗੁਣਾਂ ਵਿੱਚੋਂ ਨਿਰਗੁਣ ਭੀ ਅਕਾਲ ਪੁਰਖ ਦਾ ਇਕ ਗੁਣ (epithet) ਹੈ। ਇਨ੍ਹਾਂ ਦ੍ਰਿਸ਼ਟਮਾਨ ਸਮੂਹ ਗੁਣਾਂ ਲਈ ਗੁਰਮਤਿ ਅੰਦਰ ਸਮੁੱਚਾ ਪਦ ਤ੍ਰੈਗੁਣ ਹੈ, ਅਰਥਾਤ ਇਸ ਸਮੁੱਚੇ ਪਦ ਅੰਦਰ ਸਾਰੇ ਦ੍ਰਿਸ਼ਟਮਾਨ ਗੁਣ ਆ ਜਾਂਦੇ ਹਨ।

ਸਿੰਘ : ਤਾਂ ਤੇ ਸਿੱਧ ਹੋਇਆ ਕਿ ਅਕਾਲ ਪੁਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਭਿੰਨ ਨਹੀਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਕੇਵਲ ਅਕਾਲ ਪੁਰਖ ਦੀ ਹੀ ਪ੍ਰਸਤਿਸ਼ (worship) ਹੈ। ਬਸ, ਸਿੱਖ ਇਕ ਅਕਾਲ ਪੁਰਖ ਦੇ ਹੀ ਉਪਾਸ਼ਕ ਹਨ ਅਤੇ ਸਿੱਖ ਮਤ ਅਰਥਾਤ ਗੁਰਮਤਿ ਅੰਦਰ ਇਕ ਅਕਾਲ ਪੁਰਖ ਤੋਂ ਛੁੱਟ ਦੁੱਤੀ ਉਪਾਸ਼ਨਾ ਹੀ ਨਹੀਂ ਜਦ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਇਕ ਅਕਾਲ ਪੁਰਖ ਦੀ ਹੀ ਉਪਾਸ਼ਨਾ ਹੈ ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਨੂੰ ਬੁਤ ਪ੍ਰਸਤੀ ਦੱਸਣਾ ਨਿਰਾ ਭਰਮ ਭੁਲਾਵਾ ਤੇ ਅਗਿਆਨੀਆਂ ਵਾਲਾ ਕੂੜਾ ਦਾਵਾ ਹੈ। ਸਗੋਂ ਐਸਾ ਆਖਣ ਵਾਲੇ ਭਰਮ ਭੁਲੇ ਅਗਿਆਨੀਆਂ ਦਾ ਏਹ ਅਗਿਆਨੋ ਉਪਜਿਆ ਫੋਕਾ ਦਾਵਾ ਦੱਸਦਾ ਹੈ ਕਿ ਉਕਤ ਨਿਖੜਮੇ ਦਾਵੇਦਾਰਾਂ ਨੂੰ ਏਹ ਭੀ ਪਤਾ ਨਹੀਂ ਕਿ ਬੁਤ ਪ੍ਰਸਤੀ ਕਿਸਨੂੰ ਆਖਦੇ ਹਨ ਅਤੇ ਉਨ੍ਹਾਂ ਦਾ ਬੁਤ ਪ੍ਰਸਤੀ ਦੇ ਸਰੂਪ ਤੋਂ ਅਗਿਆਤ ਹੋਣਾ ਇਸ ਬਾਤ ਦਾ ਪੱਕਾ ਸਬੂਤ ਹੈ ਕਿ ਉਹ ਬੁਤ ਪ੍ਰਸਤੀ ਅੰਦਰ ਗ੍ਰਸਤ ਹਨ, ਕਿਉਂਕਿ ਬੁਤ ਪ੍ਰਸਤੀ ਤੋਂ ਓਹੋ ਪੁਰਸ਼ ਬਚ ਸਕਦਾ ਹੈ ਜੋ ਬੁਤ ਪ੍ਰਸਤੀ ਦੇ ਸਰੂਪ ਤੋਂ ਜਾਣੂ ਹੋਵੇ ਅਤੇ ਬੁਤ ਪ੍ਰਸਤੀ ਤੋਂ ਜਾਣੂ ਹੋਣਾ ਬਿਨਾਂ ਗੁਰਮਤਿ ਗਿਆਨ ਦੇ ਅਤਯੰਤ ਕਠਿਨ ਹੈ। ਗੁਰਮਤਿ ਗਿਆਨ ਤੋਂ ਘੁਥੇ ਹੋਏ ਸਰਬ ਸੰਸਾਰੀ ਸੁਤੇ ਹੀ (ਬੇ-ਫ਼ਹਿਮ) ਬੁਤ ਪ੍ਰਸਤੀ ਦੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ। ਸੱਚੇ ਗਿਆਨ ਵਿਚਾਰ ਤੋਂ ਘੁਥੇ ਜੀਵ ਇਕ ਅਕਾਲ ਪੁਰਖ ਦੀ ਰਚਤ ਮਾਇਆ (matter or mammon) ਵਿਚ ਲੱਥ ਪੱਥ ਹੋ ਰਹੇ ਹਨ। ਐਥੋਂ ਤਾਈਂ ਕਿ ਸਿੱਖ ਮਤ ਤੋਂ ਛੁੱਟ ਜਿਤਨੇ ਭੀ ਆਨ ਮਤ ਮਤਾਂਤ੍ਰ ਸ੍ਰਿਸ਼ਟੀ ਉੱਤੇ ਹਨ, ਸਭ ਦੇ ਸਭ ਬੁਤ ਪ੍ਰਸਤ ਹਨ। ਕਿਉਂਕਿ ਮਾਦਾ ਪ੍ਰਸਤੀ (materialism) ਯਾ ਮਾਇਆ ਪ੍ਰਸਤੀ (mammonism) ਦਾ ਅੰਸ਼ (element) ਹਰੇਕ ਮਤ ਅੰਦਰ ਹੈ। ਕਿਉਂਕਿ ਮਾਦੇ (matter) ਅਥਵਾ ਮਾਇਆ (mammon) ਦਾ ਕਰੂਪ ਕੋਰਾ ਸ਼ਕਤ ਹੀਣ (altogether devoid of the essence of power) ਹੋਣ ਕਰਕੇ ਨਿਰਾ ਬੁਤ ਹੀ ਬੁਤ (mere idol) ਹੈ। ਸੋ ਬੁਤ ਪ੍ਰਸਤੀ (idol worship or idolatory) ਤੋਂ ਖ਼ਾਲੀ ਅਤੇ ਬਚਿਆ ਕੋਈ ਭੀ ਮਤ ਨਹੀਂ, ਜੇ ਹੈ ਤਾਂ ਕੇਵਲ (ਇੱਕੋ) ਸਿੱਖ ਮਤ ਅਰਥਾਤ ਗੁਰਮਤਿ ਹੈ। ਏਸੇ ਵਿਸ਼ੇਸ਼ਤਾ ਦੇ ਕਾਰਨ ਇਸ ਮਤ ਨੂੰ ਖ਼ਾਲਸਾ ਧਰਮ ਕਿਹਾ ਜਾਂਦਾ ਹੈ ਅਤੇ ਇਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਾਸ਼ਨਾ ਹੀ ਹੈ ਜਿਸ ਦੇ ਗੁਰਮਤਿ ਅੰਦਰ ਹੋਣ ਕਰਕੇ ਇਸ ਮਤ ਨੂੰ ਉਕਤ ਵਿਸ਼ੇਸ਼ਤਾ ਪ੍ਰਾਪਤ ਹੈ ਅਤੇ ਜਿਸ ਦੇ ਪ੍ਰਭਾਵ ਕਰਕੇ ਬੁਤ ਪ੍ਰਸਤੀ (idol worship) ਵਾਲਾ ਕਲੰਕ ਕਦਾਚਿਤ ਅਤੇ ਤੀਨ ਕਾਲ ਭੀ ਸਿੱਖ ਮਤ ਉੱਤੇ ਆਇਦ ਨਹੀਂ ਹੋ ਸਕਦਾ (ਅਰਥਾਤ ਘੱਟ ਨਹੀਂ ਸਕਦਾ)।

ਡਾਕਟਰ : ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚਮੁੱਚ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ (embodiment) ਹੈਨ ਤਦ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਨੂੰ ਬੁਤ ਪ੍ਰਸਤੀ ਕਹਿਣਾ ਪਾਪ ਅਤੇ ਕੋਰਾ ਕੁਫਰ (sheer sacrilege and profanation) ਹੈ।

ਸਿੰਘ : ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਹੀ ਪੁੰਜ ਹਨ।

ਡਾਕਟਰ : ਪਰੰਤੂ ਅਕਾਲ ਪੁਰਖ ਦੇ ਗੁਣ ਤਾਂ ਅਲਪਗ ਇਨਸਾਨੀ (ਅਕਲ) ਸਮਝ ਵਾ ਬੁੱਧ ਤੋਂ ਅਗੋਚਰ (incomprehensible to the mortal wisdom and to the human understanding and reason) ਅਤੇ ਅਲੱਖ ਹੁੰਦੇ ਹਨ।

ਸਿੰਘ : ਇਹ ਗੁਣ ਭੀ ਤਾਂ ਐਸੇ ਹੀ ਹਨ।

ਡਾਕਟਰ : ਤਦ ਇਹਨਾਂ ਦੀ ਲਖਤਾ (comprehension) ਕਿਸ ਤਰ੍ਹਾਂ ਹੋ ਸਕਦੀ ਹੈ ?

ਸਿੰਘ : ਲਖਤਾ ਲੀਨਤਾ (immersion) ਦੁਆਰਾ ਅਰਥਾਤ ਇਨ੍ਹਾਂ ਗੁਣਾਂ ਵਿਖੇ ਲੀਨ ਹੋ ਜਾਣ ਕਰ ਹੀ ਇਨ੍ਹਾਂ ਗੁਣਾਂ ਦੀ ਲਖਤਾ ਪ੍ਰਾਪਤ ਹੋ ਸਕਦੀ ਹੈ। ਬਸ, ਇਨ੍ਹਾਂ ਗੁਣਾਂ ਵਿਚ ਲੀਨਤਾ ਹੀ ਇਨ੍ਹਾਂ ਦੀ ਲਖਤਾ ਹੈ ਤੇ ਗੁਣਾਂ ਵਿਚ ਲੀਨਤਾ ਗੁਣ ਦੇ ਰਟਨ ਕਰਕੇ ਹੁੰਦੀ ਹੈ।

ਡਾਕਟਰ : (ਅਸਚਰਜ ਹੋ ਕੇ) ਲੀਨਤਾ ਕਿਆ ?

ਸਿੰਘ : ਇਨ੍ਹਾਂ ਗੁਣਾਂ ਦਾ ਹੀ ਸਰੂਪ ਬਣ ਜਾਣਾ ਲੀਨਤਾ ਹੈ।

ਡਾਕਟਰ : ਓਹ ਸਰੂਪ ਤਾਂ ਬਸ ਅਕਾਲ ਪੁਰਖ ਹੀ ਹੈ (ਹੋਨਾ ਚਾਹੀਏ must be)।

ਸਿੰਘ : ਬੇਸ਼ਕ ਗੁਣਾਂ ਦਾ ਅਪ੍ਰੋਖਛ ਗਯਾਨ (real knowledge) ਹੀ ਗੁਣੀ ਦਾ ਅਸਲ ਸਰੂਪ ਹੈ, ਜੋ ਅੱਗੇ ਸਿੱਧ ਹੋ ਚੁੱਕਾ ਹੈ।

ਡਾਕਟਰ : ਪਰ ਜਦ ਕਿ ਅਕਾਲ ਪੁਰਖ ਦੇ ਸਰੂਪ ਦੀ ਲਖਤਾ ਅਰਥਾਤ ਉਸ ਦੇ ਗੁਣਾਂ ਦਾ ਅਪ੍ਰੋਖਛ ਗਯਾਨ ਬਿਨਾਂ ਅਕਾਲ ਪੁਰਖ ਦੇ ਅਰਥਾਤ ਉਸ ਸਰੂਪ ਦੇ ਜੋ ਆਪਣੇ ਗੁਣਾਂ ਸਹਿਤ ਇਕ ਮਿਕ ਅਤੇ ਅਭੇਦ ਹੈ ਉਕਤ ਗੁਣਾਂ ਤੋਂ ਰਹਿਤ ਸਰੂਪ ਨੂੰ ਪ੍ਰਤੱਖ ਨਹੀਂ ਹੋ ਸਕਦਾ (ਜੈਸਾ ਕਿ ਆਪ ਸਿੱਧ ਕਰ ਚੁੱਕੇ ਹੋ) ਤਦ ਉਸ ਸਰਬੱਗ ਅਕਾਲੀ ਸਰੂਪ (The Supreme Immortal Being) ਦੀ ਲੀਨਤਾ ਇਸ ਅਲਪਗ ਇਨਸਾਨ (moral human being) ਨੂੰ ਕਿਸ ਬਿਧ ਪ੍ਰਾਪਤ ਹੋ ਸਕਦੀ ਹੈ ਅਤੇ ਉਹ ਅਧਿਭੁਤ (extra ordinary) ਗੁਣ ਇਹਨਾਂ ਤੁਛ (ordinary) ਗੁਣਾਂ ਕਰਕੇ ਕਿਸ ਤਰ੍ਹਾਂ ਪ੍ਰਤੱਖ ਹੋ ਸਕਦੇ ਹਨ। ਪ੍ਰਤੱਖ ਹੋਣਾ ਤਾਂ ਕਿਧਰੇ ਰਿਹਾ ਓਹਨਾਂ ਅਕਾਲੀ ਅਤੇ ਅਬਿਨਾਸੀ ਗੁਣਾਂ ਦਾ ਇਸ ਪੰਚ ਭੂਤਕ ਬਿਨਾਸਮਾਨ ਦ੍ਰਿਸ਼ਟੀ (mortal eye) ਦੇ ਗੋਚਰਾ ਹੋਣਾ ਹੀ ਅਤੀ ਅਸੰਭਵ ਹੈ ਤਾਂ ਤੇ ਹੁਣ ਇਹ ਸੰਸਾ ਵਾ ਸੰਦੇਹ ਉਪਜ ਖੜੋਤਾ ਹੈ ਕਿ ਉਹ ਅਦੁੱਤੀ ਅਤੇ ਅਕਾਲੀ ਗੁਣ ਇਸ ਸ੍ਰਿਸ਼ਟੀ ਉੱਤੇ ਆਏ ਤਾਂ ਕਿਸ ਬਿਧ ਆਏ ਅਤੇ ਉਨ੍ਹਾਂ ਦਾ ਸਾਖੀ ਕੌਣ ਬਣਿਆ ?

ਸਿੰਘ : ਓਸ ਲੁਪਤ ਅਤੇ ਗੁਪਤ ਸ਼ੁਧ ਅਕਾਲੀ ਜੋਤ ਨੇ ਆਪ ਇਸ ਮਾਨਵੀ ਜਾਮੇ ਵਿਖੇ ਪ੍ਰਗਟ ਹੋ ਕੇ ਆਪਣੇ ਸ਼ੁਧ ਅਤੇ ਸਾਰ ਅਕਾਲੀ ਗੁਣਾਂ ਨੂੰ ਇਸ ਸੰਸਾਰ ਅਸਾਰ ਉੱਤੇ ਆਪਣੇ ਆਪ ਪ੍ਰਕਾਸ਼ਤ (reveal) ਕੀਤਾ ਅਤੇ ਮਨੁਸ਼ ਦੇ ਜਾਮੇ ਵਿਖੇ ਇਸ ਬਿਧ ਪ੍ਰਗਟ ਹੋਇਆ ਜੋਤੀ ਸਰੂਪ ਭਗਤ ਵਛਲ ਗੁਣਤਾਸ ਗੁਰੂ ਹੀ ਆਪਣੇ ਆਪ ਉਨ੍ਹਾਂ



 www.sikhbookclub.com

ਸ੍ਵੈ-ਪ੍ਰਕਾਸ਼ਤ ਗੁਣਾਂ ਦਾ ਸਾਖੀ ਅਤੇ ਸਾਖਸ਼ਾਤ (ਪ੍ਰਤੱਖ) ਕਰਾਵਨਹਾਰ ਬਣਿਆ।

**ਡਾਕਟਰ**: ਇਹ ਤਾਂ ਅਤਯੰਤ ਹੀ ਸੁੰਦਰ, ਅਸਚਰਜ ਅਤੇ ਅਨੋਖਾ ਵਿਲੱਖਣ ਪਰਮਾਰਥੀ ਮਸਲਾ (the most excellent unique extra ordinary Divine Doctrine) ਆਪ ਨੇ ਸੁਣਾਇਆ। ਜੋ ਅਵਤਾਰ ਅਤੇ ਇਲਹਾਮ ਦੇ ਸਮੁੱਚੇ ਅਸੂਲ (Combined Doctrine of Incarnation and Revelation) ਨੂੰ ਅਤਯੰਤ ਅਧਿਭੁਤ ਅਤੇ ਅਦੁੱਤੀ ਤਰੀਕੇ ਨਾਲ ਸਿੱਧ ਕਰਦਾ ਹੈ।

**ਸਿੰਘ** : ਗੁਰਮਤ ਦਾ ਇਕ-ਇਕ ਅਸੂਲ ਐਨ ਅਜਿਹਾ ਹੀ ਅਧਿਭੁਤ ਅਤੇ ਅਦੁੱਤੀ ਹੈ।

**ਡਾਕਟਰ**: ਪਰ ਕਿਰਪਾ ਕਰਕੇ ਹੁਣ ਮੈਨੂੰ ਇਹ ਭੀ ਸਮਝਾ ਦਿਓ ਕਿ ਉਹ ਸ਼ੁਧ ਅਕਾਲੀ ਜੋਤ ਮਲੀਨ ਮਾਨਵੀ ਜਾਮੇ ਅੰਦਰ ਬਾਹਰੋਂ ਆ ਕੇ ਕਿਸ ਤਰ੍ਹਾਂ ਪ੍ਰਵੇਸ਼ ਹੋ ਗਈ।

**ਸਿੰਘ** : ਏਥੇ ਆਪ ਨੂੰ ਹੋਰ ਬੜਾ ਭੁਲੇਖਾ ਲੱਗਿਆ ਹੋਇਆ ਹੈ। ਓਹ ਸਰਬ ਵਿਆਪਕ ਜੋਤ (All Pervading Spirit) ਉਸ ਜਾਮੇ ਅੰਦਰ ਸਰਬਦਾ (at all times) ਹੀ ਪ੍ਰਵੇਸ਼ (pervade) ਕਰਨ ਵਾਲੀ ਹੈ। ਭੇਦ ਕੇਵਲ ਏਹ ਹੈ ਕਿ ਗੁਪਤੋਂ ਪ੍ਰਗਟ ਹੋ ਗਈ, ਬਾਹਰੋਂ ਕਿਧਰੋਂ ਨਹੀਂ ਆਈ। ਇਹੋ ਤਾਂ ਗੁਰਮਤਿ ਅੰਦਰ ਉਸ ਅਕਾਲੀ ਜੋਤ ਦੇ ਸਰਬ ਵਿਆਪਕ ਵਾ ਸਰਬਦਾ (omnipresent) ਹੋਣ ਵਾਲਾ ਅਗਾਧ ਅਤੇ ਨਿਰਾਲਾ ਗੁਣ ਹੈ ਅਤੇ ਇਸ ਕਰਕੇ ਹੀ ਤਾਂ ਉਸ ਨੂੰ ਅਕਾਲ ਪੁਰਖ ਵਾਲਾ ਅਬਾਧ ਗੁਣ ਪ੍ਰਾਪਤ ਹੈ।

**ਡਾਕਟਰ**: ਏਥੇ ਬਹੁਤ ਸਾਰੇ ਹੋਰ ਪ੍ਰਸ਼ਨ ਕਰਨ ਨੂੰ ਜੀ ਕਰਦਾ ਹੈ, ਪਰ ਅੱਗੇ ਹੀ ਹੱਦੋਂ ਵਧ ਕੇ ਬਿਸਮਾਦ ਵਾਲੀ ਦਸ਼ਾ ਆਪ ਤੋਂ ਅਸਚਰਜ ਕਉਤਕ ਵਾਲੀਆਂ ਗੱਲਾਂ ਸੁਣ ਕੇ ਹੋ ਰਹੀ ਹੈ, ਜਿਸ ਤੋਂ ਸਗੋਂ ਵਧੇਰੇ ਹੋਰ ਦੀ ਹੋਰ ਹੈਰਾਨਗੀ ਵਧ ਰਹੀ ਹੈ। ਸਚਮੁੱਚ ਪਰਮਾਰਥ ਦੀ ਖੇਡ ਇਸ ਅਲਪਗ ਇਨਸਾਨੀ ਅਕਲ ਅੰਦਰ ਆਉਣੀ ਅਤੀ ਕਠਿਨ ਹੈ, ਜਦ ਤਾਈਂ ਕਿ ਉਹਨਾਂ ਪ੍ਰਮਾਰਥੀ ਗੁਣਾਂ ਵਿਚ ਹੀ ਨਾ ਸਮਾ ਜਾਵੀਏ, ਨਹੀਂ ਤਾਂ ਐਵੇਂ ਬਸ ਨਿਰਾ ਭਰਮ ਹੀ ਭਰਮ ਹੈ। ਸੋ ਧੰਨ (Blessed) ਹਨ ਓਹ ਗੁਣ ਜਿਨ੍ਹਾਂ ਦੀ ਬਰਕਤ ਇਸ ਭਰਮ ਭੁਲਾਵੇ ਵਿਚੋਂ ਨਿਕਲੀਦਾ ਹੈ ਅਤੇ ਧੰਨ (blessed) ਹਨ ਉਹ ਪ੍ਰਾਣੀ ਜਿਨ੍ਹਾਂ ਨੂੰ ਉਹ ਗੁਣ ਪ੍ਰਾਪਤ ਹੋਏ, ਜਿਨ੍ਹਾਂ ਦੇ ਪ੍ਰਾਪਤ ਹੋਣ ਕਰ ਉਨ੍ਹਾਂ ਦੇ ਭਰਮ ਵਾਲੇ ਛਉੜ ਕੱਟੇ ਗਏ।

**ਸਿੰਘ** : ਇਹ ਸਾਰੀ ਧੰਨਤਾ ਉਸੇ ਏਕੈ ਜੋਤੀ ਸਰੂਪ ਗੁਣਤਾਸ ਗੁਰੂ ਨੂੰ ਹੀ ਹੈ, ਜਿਸ ਨੇ ਆਪਣੀ ਅਪਾਰ ਕਿਰਪਾ ਦੁਆਰਾ ਆਪਣਾ ਗੁਣਤਾਸ ਸਰੂਪ ਗੁਪਤੋਂ ਪ੍ਰਗਟ ਕਰਕੇ ਸੰਸਾਰ ਭਰ ਦੇ ਭਰਮ ਭੁੱਲੇ ਪ੍ਰਾਣੀਆਂ ਨੂੰ ਆਪਣਾ ਅਪ੍ਰੋਖਛ (ਸਾਖਸ਼ਾਤ) ਗਿਆਨ ਬਖ਼ਸ਼ਿਆ ਅਤੇ ਓਸ ਦਾ ਏਹ ਗੁਪਤੋਂ ਪ੍ਰਗਟ ਹੋ ਕੇ ਆਪਣੇ ਗੁਪਤ ਗਿਆਨ ਪ੍ਰਕਾਸ਼ਤ ਕਰਨ ਵਾਲਾ ਹੀ ਗੁਣ ਹੈ ਜਿਸ ਦੇ ਕਾਰਨ ਉਹ ਗੁਰਮਤਿ ਅੰਦਰ ਗੁਰੂ ਦੇ ਗੁਣ (epithet) ਨਾਲ ਸ਼ੁਸ਼ੋਭਤ ਹੈ ਅਤੇ ਕੇਵਲ ਏਸੇ ਗੁਰੂ ਵਾਲੇ ਗੁਣ ਕਰ ਹੀ ਉਹ ਧੰਨਤਾ ਦੇ ਯੋਗ ਹੈ ਕਿਉਂਕਿ ਕੇਵਲ ਏਸੇ ਗੁਰੂ ਵਾਲੇ ਗੁਣ ਦੇ ਪ੍ਰਸਾਦਿ (ਤਫੈਲ) ਕਰ ਹੀ ਉਸ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹ ਸ੍ਵੈ ਕਲਾ (Inherent

Almighty Power) ਦੁਆਰਾ ਪ੍ਰਕਾਸ਼ਤ ਗੁਣ ਹੀ ਆਪਣੇ ਸ੍ਵੈ ਸਰੂਪ ਅੰਦਰ ਗਿਆਨ ਹਨ ਅਤੇ ਇਹਨਾਂ ਅਰਥਾਤ ਪ੍ਰਕਾਸ਼ਤ ਗੁਣਾਂ ਦੁਆਰਾ ਹੀ ਗਿਆਨ ਦੀ ਪ੍ਰਾਪਤੀ ਸੰਭਵ ਹੈ ਅਤੇ ਏਹਨਾਂ ਦੋਹਾਂ ਸਰਬ ਕਲਾ ਸਮਰੱਥ (Omnipotent) ਅਤੇ ਸਰਬ ਕਲਾ ਕਾ ਗਯਾਤਾ (Omniscient) ਵਾਲੇ ਗੁਣਾਂ ਦੇ ਗੁਣੀ ਹੋਣ ਕਰ ਹੀ ਏਹਨਾਂ ਪ੍ਰਕਾਸ਼ਤ ਗੁਣਾਂ ਨੂੰ ਗੁਰੂ ਦੀ ਅਪਾਰ ਪਦਵੀ ਪ੍ਰਾਪਤ ਹੈ ਅਤੇ ਇਹ ਗੁਰੂ ਰੂਪੀ ਪਦ ਏਸੇ ਕਰਕੇ ਹੀ ਗੁਰਮਤਿ ਅੰਦਰ ਸਭ ਪਦਾਂ ਤੋਂ ਵੱਡਾ ਅਤੇ ਸਰਬ ਗੁਣਾਂ ਤੋਂ ਵਿਸ਼ੇਸ਼ ਗੁਣ ਗਿਣਿਆ ਜਾਂਦਾ ਹੈ ਅਤੇ ਏਸ ਵਿਸ਼ੇਸ਼ਤਾ ਕਰਕੇ ਹੀ ਗੁਰੂ ਪਦ ਗੁਰਮਤਿ ਅੰਦਰ ਪਰਮ ਸਨਮਾਨਤਾ ਨੂੰ ਪ੍ਰਾਪਤ ਹੈ ਅਤੇ ਇਹਨਾਂ ਪ੍ਰਕਾਸ਼ਤ ਗੁਣਾਂ ਵਾਲੇ ਗੁਰੂ ਰੂਪੀ ਗੁਣ ਕਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਵਾਲੀ ਅਮਰ ਅਤੇ ਅਟੱਲ ਪਦਵੀ ਪ੍ਰਾਪਤ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਏਨ੍ਹਾਂ ਗੁਰੂ ਰੂਪੀ ਪ੍ਰਕਾਸ਼ਤ ਗੁਣਾਂ ਦੇ ਹੀ ਗੁਣਤਾਸ ਹਨ। ਬਸ, ਏਸੇ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਪਰਮ ਪੂਜਯ ਹਨ। ਸੋ ਜਿਨ੍ਹਾਂ ਸੁਣੇ ਸੁਣਾਏ ਗੁਰੂ ਰੂਪੀ ਗੁਣਾਂ ਨੂੰ ਆਪ ਦੀ ਰਸਨਾ ਨੇ ਭੀ ਧੰਨ ਕਹਿਆ ਤਦ ਤਿਨ੍ਹਾਂ ਗੁਰੂ ਰੂਪੀ ਗੁਣਾਂ ਦੇ ਤਾਸ ਗੁਰੂ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਦੀ ਗੁਰੂ ਦੇ ਪੁਜਾਰੀਆਂ ਨੂੰ ਤਾਂ ਕਿਤਨਾ ਕੁ ਘੋਲ-ਘੋਲ ਕੇ ਅਤੇ ਘੁੰਮ-ਘੁੰਮ ਕੇ ਵਾਰਨੇ ਬਲਿਹਾਰਨੇ ਜਾਣਾ ਲੋੜੀਂਦਾ ਹੈ ਤਾਂ ਹੀ ਤਾਂ ਸਿੱਖ ਇਸ ਗੁਰੂ ਨਾਮ ਦੇ ਪੁਜਾਰੀ ਹਨ ਅਤੇ ਇਸ ਨਾਮ ਦੀ ਪਰਮ ਅਤੇ ਪ੍ਰਤਿਸ਼ਟਤ ਪੂਜਾ ਇਸ ਗੁਰੂ ਨਾਮ ਨੂੰ ਰਸਨਾ ਦੁਆਰਾ ਧੰਨਤਾ ਪੂਰਤ ਪਰਮ ਪਰਮਾਣੀਕ ਅਤੇ ਸ਼ੋਭਨੀਕ ਗੁਰਮਤਿ ਦੇ ਵਿਲੱਖਣ ਅਤੇ ਪ੍ਰਸਿੱਧ 'ਪਦ' (ਗੁਰਮੰਤ੍ਰ—ਵਾਹਿਗੁਰੂ) ਸਹਿਤ ਖਿਨ-ਖਿਨ ਉਚਾਰਨ ਅਤੇ ਸੇਵਨ ਅਤੇ ਸੇਵਨ ਰੂਪੀ ਅਭਿਆਸ ਕਰਿ ਰਤੇ ਜਾਣ ਵਿਚ ਹੈ, ਐਥੋਂ ਤਕ ਕਿ ਇਸ ਪਰਮ ਪੂਜਨੀਕ ਪੂਰਨ ਪਦ ਦੀ ਸ਼ਲਾਘਾ ਕਰਦਾ ਕਰਦਾ ਇਸ ਦੇ ਬਿਸਮਾਦ ਗੁਣਾਂ ਵਾਲੇ ਸਰੂਪ ਵਿਚ ਲੀਨ ਹੋ ਜਾਵੇ, ਕਿਉਂਕਿ ਇਸ ਗੁਰੂ ਰੂਪੀ ਪਾਰਸ ਦੀ ਪਰਖ ਕੇਵਲ ਗੁਰੂ ਰੂਪੀ ਗੁਣਾਂ ਦੇ ਤਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਪਾਰਸ ਨੂੰ ਪਰਸਣ ਕਰ ਪ੍ਰਾਪਤ ਹੈ। ਤਾਂ ਤੇ ਮਨ ਬਚ ਕਰਮ ਕਰਕੇ ਸਿੱਖਾਂ ਦੇ ਮੁਖ ਪੂਜਯ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ।

**ਡਾਕਟਰ :** ਬੇਸ਼ਕ ਇਹ ਤਾਂ ਅਤਯੰਤ ਹੀ ਅਸਚਰਜ ਪੂਜਾ (worship) ਦਾ ਅਸੂਲ ਪ੍ਰਗਟ ਹੋਇਆ ਜਿਸ ਵਿਚ ਗੁਰੂ ਅਤੇ ਅਕਾਲ ਪੁਰਖ ਦੀ ਏਕਤਾ ਭੀ ਸਿੱਧ ਹੋ ਗਈ ਸਗੋਂ ਗੁਰੂ ਦੀ ਜੋ ਅਸਚਰਜ ਅਤੇ ਵਿਸ਼ੇਸ਼ ਵਿਆਖਿਆ ਮੈਂ ਸੁਣੀ ਹੈ, ਮੇਰੇ ਸੁਪਨੇ ਵਿਚ ਭੀ ਐਸਾ ਸੰਕਲਪ ਨਹੀਂ ਸੀ ਗੁਜ਼ਰ ਸਕਦਾ ਜੇ ਆਪ ਨਾ ਦੱਸਦੇ। ਸਚਮੁੱਚ ਸਿੱਖਾਂ ਜੇਹਾ ਵਾਹਦਾਪ੍ਰਸਤ (monothiest or worshiper of One God only) ਮਤ ਹੋਰ ਕੋਈ ਨਹੀਂ।

**ਸਿੰਘ :** ਕੀ ਆਪ ਦਾ ਹੁਣ ਵੀ ਕੋਈ ਸੰਦੇਹ ਬਾਕੀ ਹੈ ਕਿ ਸਿੱਖ ਬੁਤ ਪ੍ਰਸਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? ਜੇ ਕੋਈ ਸ਼ੱਕ ਹੈ ਤਾਂ ਹੁਣ ਰਫਾ ਦਫਾ ਕਰ ਲਵੋ ਅਤੇ ਇਸ ਵਿਸ਼ੇ ਪ੍ਰਥਾਇ ਕੋਈ ਹੋਰ ਸਵਾਲ ਕਰਨਾ ਬਾਕੀ ਹੋਵੇ ਤਾਂ ਕਰ ਲਵੋ।

ਡਾਕਟਰ : ਇਸ ਵਿਸ਼ੇ (subject) ਪ੍ਰਥਾਇ ਤਾਂ ਹੋਰ ਸਵਾਲ ਹੁਣ ਕੋਈ ਨਹੀਂ ਔੜਦਾ ਪਰ ਗੁਰਮਤਿ ਦੇ ਬਹੁਤ ਸਾਰੇ ਅਸੂਲ ਜੋ ਅੱਜ ਏਸੇ ਵਿਸ਼ੇ ਸਬੰਧੀ ਗੋਸ਼ਟ ਵਿਖੇ ਮੇਰੇ ਤਾਈਂ ਸੂਚਤ ਹੋਏ ਹਨ, ਮੈਂ ਚਾਹੁੰਦਾ ਹਾਂ ਕਿ ਗੁਰਮਤਿ ਦੀ ਪੂਰਨ ਫ਼ਿਲਾਸਫ਼ੀ ਦੇ ਪ੍ਰਥਾਇ ਆਪ ਸੇਤੀ ਕੁਛ ਪ੍ਰਸ਼ਨੋਤਰੀ ਕੀਤੀ ਜਾਵੇ, ਪਰੰਤੂ ਹੁਣ ਵਕਤ ਬਹੁਤ ਤੰਗ ਹੈ, ਰਾਤ ਅੱਧੀ ਤੋਂ ਭੀ ਬਹੁਤ ਜ਼ਿਆਦਾ ਗੁਜ਼ਰ ਚੁੱਕੀ ਹੈ ਕਦੇ ਫੇਰ ਸਹੀ। ਕੀ ਆਪ ਕਿਰਪਾ ਕਰਕੇ ਆਪਣੇ ਕੀਮਤੀ ਵਕਤ ਵਿਚੋਂ ਕੁਛ ਵਕਤ ਕਦੇ ਫੇਰ ਦੇ ਕੇ ਕ੍ਰਿਤਾਰਥ ਕਰੋਗੇ ?

ਸਿੰਘ : ਪਰ ਕੀ ਆਪ ਦੀ ਇਸ ਚਲਦੇ ਵਿਸ਼ੇ ਪ੍ਰਥਾਇ ਪੂਰਨ ਨਿਸ਼ਾ ਹੋਈ ਕਿ ਨਹੀਂ, ਜੇ ਅਜੇ ਭੀ ਕੋਈ ਪ੍ਰਸ਼ਨ ਬਾਕੀ ਹੈ ਤਾਂ ਕਰ ਸਕਦੇ ਹੋ।

ਡਾਕਟਰ : ਅਬ ਤਾਂ ਕੁਛ ਨਹੀਂ ਸੁੱਝਦਾ। ਕੱਲ ਨੂੰ ਨਹੀਂ-ਨਹੀਂ ਪਰਸੋਂ ਰਾਤ ਨੂੰ ਫੇਰ ਸੁਚੇਤ (refresh) ਹੋ ਕੇ ਮੈਂ ਅੱਛੀ ਤਰ੍ਹਾਂ ਦੱਸਾਂਗਾ ਕਿ ਮੇਰਾ ਹੋਰ ਕੋਈ ਸਵਾਲ ਤਾਂ ਨਹੀਂ ਰਿਹਾ, ਹਾਂ ਸਾਡਾ ਹੈੱਡ ਪਲੇਗ ਮੈਡੀਕਲ ਆਫ਼ੀਸਰ ਬਹੁਤ ਸਾਰੇ ਸ਼ੰਕੇ ਕਰਿਆ ਕਰਦਾ ਹੈ ਅਤੇ ਉਸ ਦੇ ਰਾਹੀਂ ਹੀ ਮੇਰੇ ਚਿਤ ਵਿਚ ਏਹ ਸ਼ੰਕੇ ਉਪਜੇ ਸਨ। ਪਰਸੋਂ ਮੈਂ ਉਸ ਨੂੰ ਸਾਥ ਲਿਆਵਾਂਗਾ। ਆਪ ਉਸ ਦੀ ਤਸੱਲੀ ਕਰ ਦਿਓ, ਮੇਰੀ ਤਾਂ ਆਪੇ ਹੋਈ ਹੀ ਪਈ ਹੈ ਅਤੇ ਉਹ ਪੰਜਾਬੀ ਅਰ ਉਰਦੂ ਭੀ ਬੋਲਣਾ ਜਾਣਦਾ ਹੈ।

ਸਿੰਘ : ਏਦੂੰ ਹੋਰ ਕੀ ਚਾਹੀਦਾ ਹੈ, ਆਪ ਜ਼ਰੂਰ ਉਨ੍ਹਾਂ ਨੂੰ ਲਿਆਓ, ਪਹਿਲਾਂ ਇਸੇ ਵਿਸ਼ੇ ਉੱਤੇ ਪੂਰਨ ਵਿਚਾਰ ਕਰ ਲਈਏ, ਫੇਰ ਆਪ ਹੋਰ ਵਿਸ਼ੇ ਨਿਸ਼ੰਗ ਤੋਰ ਸਕਦੇ ਹੋ।

ਡਾਕਟਰ : ਮੈਂ ਜ਼ਰੂਰ ਡਾਕਟਰ ਡਾਬ ਨੂੰ ਲਿਆਵਾਂਗਾ। ਹਾਂ ਸੱਚ, ਉਨ੍ਹਾਂ ਨੇ ਤਾਂ ਪਰਸੋਂ ਆਪਣੇ ਹੈੱਡ ਕੁਆਟਰ ਤੋਂ ਚਲ ਕੇ ਦੌਰਾ ਕਰਦੇ ਹੋਏ ਐਥੇ ਹੀ ਆ ਜਾਣਾ ਹੈ, ਖ਼ੂਬ ਮੌਕਾ ਜੁੜ ਗਿਆ। ਅੱਛਾ ਹੁਣ ਆਗਿਆ ਹੈ ? ਕੱਲ ਸਵੇਰੇ ਹੀ ਆਪਾਂ ਨੇ ਡਿਊਟੀ ਤੇ ਭੀ ਚੱਲਣਾ ਹੈ। ਹਾਂ-ਹਾਂ, (ਹੱਸ ਕੇ) ਭਰਮ ਵਿਚ ਪੈਣਾ ਹੈ। ਇਨ੍ਹਾਂ ਵਿਚ ਭੀ ਤਾਂ ਪੈਣਾ ਲੱਗਦਾ ਹੀ ਹੈ।

[ਸਿੰਘ ਹੋਰੀਂ ਫ਼ਤਹਿ ਗਜਾ ਕੇ ਉਠ ਖਲੋਤੇ ਅਤੇ ਦੋਈ ਆਪੋ ਆਪਣੇ ਬਿਸਰਾਮ ਅਸਥਾਨਾਂ ਤੇ ਜਾ ਬਿਰਾਜੇ। ਤੀਜੇ ਦਿਨ ਜ਼ਿਲ੍ਹੇ ਦੇ ਵੱਡੇ ਪਲੇਗ ਮੈਡੀਕਲ ਆਫ਼ੀਸਰ ਭੀ ਆਣ ਪੁੱਜੇ ਸਨ ਅਤੇ ਡਾਕਟਰ ਦੇ ਨੀਯਤ ਕੀਤੇ ਵੇਲੇ ਸਿਰ ਉਨ੍ਹਾਂ ਨੂੰ ਆਪਣੇ ਸੰਗ ਸਾਥ ਕਮਰੇ ਅੰਦਰ ਬਿਠਾ ਕੇ ਸਿੰਘ ਹੋਰਾਂ ਨੂੰ ਭੀ ਅੰਦਰ ਬੁਲਾ ਲਿਆ। ਸਿੰਘ ਹੋਰਾਂ ਅੰਦਰ ਵੜਦੇ ਸਾਰ ਫ਼ਤਹਿ ਗਜਾਈ। ਪਸ਼ਚਾਤ ਇਸ ਪ੍ਰਕਾਰ ਬਾਤ ਚੀਤ ਆਰੰਭ ਹੋਈ :]

ਪਹਿਲਾ ਛੋਟਾ ਡਾਕਟਰ : ਅੱਜ ਅਸੀਂ ਦੋ ਜਣੇ ਹਾਂ ਅਤੇ ਆਪ ਇਕੱਲੇ ਹੋ। ਇਹ ਵੱਡੇ ਡਾਕਟਰ ਹੋਰੀਂ ਮੈਥੋਂ ਵੀ ਵਧ ਸ਼ੰਕੇ ਉਠਾਉਣ ਵਾਲੇ ਹਨ।

ਸਿੰਘ : ਕੋਈ ਪ੍ਰਵਾਹ ਨਹੀਂ, ਗੁਰੂ ਚਾਹੇ ਤਾਂ ਇਨ੍ਹਾਂ ਦੇ ਭੀ ਸਰਬ ਸ਼ੰਕੇ ਨਵਿਰਤ ਹੋ ਜਾਣਗੇ। ਬੇਨਤੀ ਸਿਰਫ਼ ਏਤਨੀ ਹੀ ਹੈ ਕਿ ਆਪ ਦੋਹਾਂ ਵਿਚੋਂ ਇਕ ਬੋਲੇ, ਇਕੱਠੇ ਦੋਈ ਜੇ

ਬੋਲੋਗੇ ਤਾਂ ਅਸਲ ਮਤਲਬ ਰੁਲ ਜਾਣ ਦਾ ਤੌਖਲਾ ਹੈ।

**ਛੋਟਾ ਡਾਕਟਰ** : ਬੇਸ਼ਕ ਐਸਾ ਹੀ ਹੋਵੇਗਾ। ਸੋ ਪ੍ਰਥਮ ਮੇਰੇ ਸ਼ੰਕਿਆਂ ਦੀ ਨਵਿਰਤੀ ਕਰੋ ਜੋ ਫੇਰ ਉਪਜ ਪਏ ਹਨ ਉਤਨਾ ਚਿਰ (ਵੱਡੇ ਡਾਕਟਰ ਨੂੰ ਸੌਹੇਂ ਹੋ ਕੇ) ਆਪ ਅਸਾਡੀ ਗੋਸ਼ਟ ਨੂੰ ਸੁਣੀ ਜਾਓ।

**ਸਿੰਘ** : ਅੱਛਾ, ਪਹਿਲਾਂ ਆਪ ਹੀ ਆਪਣੀ ਰਹਿੰਦ ਖੂੰਹਦ ਸ਼ੰਕਾਵਲੀ ਮੁਕਾ ਲਵੋ।

**ਛੋਟਾ ਡਾਕਟਰ** : ਓਹ ਗੁਰੂ ਰੂਪੀ ਗੁਣ ਗੁਰੂ ਗ੍ਰੰਥ ਸਾਹਿਬ ਦੇ ਦ੍ਰਿਸ਼ਟਮਾਨ ਗੁਣਾਂ ਵਾਲੇ ਆਕਾਰ ਵਿਖੇ ਕਿਵੇਂ ਆਣ ਉਤਰੇ ?

**ਸਿੰਘ** : ਓਹ ਗੁਰੂ ਰੂਪੀ ਗੁਣ ਸਭ ਤੋਂ ਪ੍ਰਿਥਮ ਪਹਿਲੇ ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਭੂਤਕ ਮਾਨਵੀ ਜਾਮੇ ਵਿਚ ਪ੍ਰਵੇਸ਼ ਹੋਏ ਕਿਉਂਕਿ ਉਹ ਗੁਣਾਂ ਮਈ ਗੁਣਤਾਸ ਜੋਤ ਪ੍ਰਿਥਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਮੇ ਵਿਚ ਪ੍ਰਗਟ ਹੋਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਨਾਮ ਤੇ ਪ੍ਰਸਿੱਧ ਹੋਈ ਅਤੇ ਏਸ ਗੁਰ ਰੂਪੀ ਗੁਣਤਾਸ ਜੋਤ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਮੇ ਅਰਥਾਤ ਸਰੀਰਕ ਆਕਾਰ ਵਿਚ ਹੀ ਪ੍ਰਗਟ ਹੋਣ ਕਰਿ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਗੁਰੂ ਕਹਾਏ ਅਤੇ ਕਹਾਂਵਦੇ ਹਨ, ਕਿਉਂਕਿ ਸਾਰੇ ਜਗਤ ਦੇ ਉਧਾਰ ਹਿਤ ਹੀ ਉਹ ਜਗ ਜੀਵਨ ਜੋਤ ਉਸ ਪਵਿੱਤਰ ਆਕਾਰ ਵਿਖੇ ਪ੍ਰਗਟ ਹੋਈ। ਏਸੇ ਜਗ ਜੀਵਨ ਜੋਤ ਨੇ ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੇਰ ਦਸ ਮਾਨਵੀ ਜਾਮੇ ਅਰਥਾਤ ਸਰੀਰਕ ਆਕਾਰ ਧਾਰੇ ਪਰੰਤੂ ਜੋਤ ਓਹਾ ਇਕੋ ਹੀ ਰਹੀ। ਕੇਵਲ ਕਾਇਆਂ ਰੂਪੀ ਆਕਾਰ ਹੀ ਪਲਟਿਆ। ਉਹ ਸ੍ਰੀ ਗੁਰੂ ਨਾਨਕ ਦੇਵ ਰੂਪੀ ਜੋਤ ਹੀ ਦਸ ਕਾਇਆਂ ਰੂਪੀ ਆਕਾਰਾਂ ਵਿਖੇ ਆਪਣੀ ਪੂਰਨ ਕਲਾ ਵਰਤਾਉਂਦੀ ਹੋਈ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਵਿਖੇ ਵਿਦਮਾਨ ਹੈ ਅਤੇ ਆਪਣੀ ਅਗਾਧ ਕਲਾ ਵਰਤਾ ਰਹੀ ਹੈ।

[ਏਤਨੀ ਗੱਲ ਸੁਣ ਕੇ ਵੱਡਾ ਡਾਕਟਰ ਚੁੱਪ ਨਾ ਰਹਿ ਸਕਿਆ ਅਤੇ ਬੋਲ ਉਠਿਆ।]

**ਵੱਡਾ ਡਾਕਟਰ** : ਪਰ ਜੀ, ਏਹ ਆਕਾਰ ਆਦਮੀ ਦੇ ਆਕਾਰ ਸਦ੍ਰਿਸ਼ ਕਿਸ ਤਰ੍ਹਾਂ ਹੋ ਸਕਦਾ ਹੈ ?

**ਸਿੰਘ** : ਕਿਉਂ ਜੀ, ਆਦਮੀ ਦੇ ਆਕਾਰ ਨੂੰ ਕੀ ਵਿਸ਼ੇਸ਼ ਵਡਿਆਈ ਹੈ ?

**ਵੱਡਾ ਡਾਕਟਰ** : ਅਜੀ, ਏਹ ਇਕ ਨਿਰੀ ਸ਼ਕਤੀਹੀਣ ਧਾਤ (inert-substance) ਵਾਲਾ ਕਾਗਜ਼ੀ ਆਕਾਰ ਹੋਇਆ ਅਤੇ ਆਦਮੀ ਆਦਮੀ ਹੀ ਹੈ, ਕਦੇ ਆਦਮੀ ਦੇ ਆਕਾਰ ਨਾਲ ਇਹ ਕਾਗਜ਼ੀ ਆਕਾਰ ਰਲ ਸਕਦਾ ਹੈ।

**ਸਿੰਘ** : ਪਰ ਆਪ ਨੇ ਆਦਮੀ ਦੇ ਆਕਾਰ ਦੀ ਵਡਿਆਈ ਵਧਾ ਕੇ ਦੱਸੀ। ਮੇਰੇ ਨਿਕਟ ਤਾਂ ਆਦਮੀ ਦਾ ਆਕਾਰ ਨਿਰਾ ਹਡ ਚੰਮ ਮਾਸ ਅਤੇ ਨਾੜੀ ਦਾ ਪਿੰਜਰ ਹੈ, ਜਿਸ ਵਿਚ ਅਨੇਕ ਪ੍ਰਕਾਰ ਦੀ ਸੜਾਂਦ ਅਤੇ ਮਲ ਮੂਤਰ ਆਦਿਕ ਘ੍ਰਿਣੀ ਵਸਤੂਆਂ ਭਰੀਆਂ ਪਈਆਂ ਹਨ, ਸਗੋਂ ਇਸ ਆਕਾਰ ਦੇ ਨਾਲੋਂ ਕਾਗਜ਼ੀ ਆਕਾਰ ਅਤੀ ਸੁੰਦਰ ਅਤੇ ਸਾਫ਼ ਹੁੰਦਾ ਹੈ।

**ਵੱਡਾ ਡਾਕਟਰ** : ਕਾਗਜ਼ ਤਾਂ ਇਕ ਨਿਰੀ ਬੇਜ਼ਾਨ ਸ਼ਕਤੀਹੀਣ ਵਸਤੂ (mere-lifeless and inert substance) ਹੈ।

**ਸਿੰਘ** : ਅਤੇ ਆਦਮੀ ਵਿਚ ਕਿਹੜੀ ਜਾਨ ਨਾਲੇ ਸ਼ਕਤੀ ਹੈ ? ਇਸ ਦੇ ਜਾਨਦਾਰ ਅਤੇ ਸ਼ਕਤੀ ਸੰਪੰਨ ਹੋਣ ਦਾ ਆਪ ਦੇ ਪਾਸ ਕੀ ਸਬੂਤ ਹੈ ?

**ਵੱਡਾ ਡਾਕਟਰ** : ਦੇਖੋ, ਆਦਮੀ ਦੇ ਅੰਦਰ ਹਿਲਣ ਜੁਲਣ ਦੀ ਤਾਕਤ ਹੈ।

**ਸਿੰਘ** : ਇਹ ਹਿਲਣ ਜੁਲਣ ਦੀ ਤਾਕਤ ਤਾਂ ਦਰਖ਼ਤਾਂ (ਬ੍ਰਿਛ ਬਨਸਪਤੀ) ਅੰਦਰ ਵੀ ਹੈ।

**ਵੱਡਾ ਡਾਕਟਰ** : ਪਰ ਇਹ ਦਰਖ਼ਤ ਆਦਿਕ ਆਪੋਂ ਹਰਕਤ (voluntary motion) ਨਹੀਂ ਕਰ ਸਕਦੇ।

**ਸਿੰਘ** : ਜੇ ਆਪੋਂ ਹਰਕਤ ਕਰਨ ਕਰਕੇ ਹੀ ਮਨੁੱਖ ਦੇ ਜਾਮੇ (ਆਕਾਰ) ਨੂੰ ਵਡਿਆਈ ਹੈ ਤਾਂ ਭਲਾ ਜੇ ਇਸ ਨੂੰ ਵਡਿਆਈ ਮੰਨਿਆ ਭੀ ਜਾਵੇ ਤਾਂ ਇਹ ਵਡਿਆਈ ਉਸ ਸ਼ਕਤੀ ਨੂੰ ਹੀ ਹੈ ਜੋ ਹਿਲ ਜੁਲ ਸਕਦੀ ਹੈ ਅਰਥਾਤ ਹਰਕਤ ਕਰ ਸਕਦੀ ਹੈ ਪਰ ਆਦਮੀ ਦੇ ਆਕਾਰ (ਜਾਮੇ) ਨੂੰ ਕੀ ਵਡਿਆਈ ਹੋਈ ਕਿਉਂਕਿ ਜਾਮਾ (ਆਕਾਰ) ਤਾਂ ਇਕ ਜੜ੍ਹ ਚੀਜ਼ ਹੀ ਹੈ ਨਾ, ਇਸ ਨੂੰ ਤਾਂ ਆਪ ਮੰਨੋਗੇ ?

**ਵੱਡਾ ਡਾਕਟਰ** : ਹਾਂ, ਆਦਮੀ ਦਾ ਜਾਮਾ (ਆਕਾਰ) ਆਪੋਂ ਤਾਂ ਚਾਹੇ ਜੜ੍ਹ ਚੀਜ਼ ਹੈ ਪਰ ਇਸ ਆਕਾਰ (ਜਾਮੇ) ਦੇ ਅੰਦਰ ਉਹ ਸ਼ਕਤੀ ਤਾਂ ਹੈ ਨਾ !

**ਸਿੰਘ** : ਕੇਹੜੀ ? ਹਿਲਣ ਜੁਲਣ ਵਾਲੀ ?

**ਵੱਡਾ ਡਾਕਟਰ** : ਹਾਂ ! ਕਿਉਂ ਹੈ ਨਹੀਂ ?

**ਸਿੰਘ** : ਇਹ ਸ਼ਕਤੀ ਤਾਂ ਪਸ਼ੂਆਂ ਵਿਚ ਭੀ ਹੈ, ਕੀ ਉਹ ਆਪੋਂ ਹਿੱਲ ਜੁਲ ਨਹੀਂ ਸਕਦੇ ?

**ਵੱਡਾ ਡਾਕਟਰ** : ਇਸ ਤੋਂ ਇਲਾਵਾ ਆਦਮੀ ਆਪੋਂ ਬੋਲ ਚਲ ਸਕਦਾ ਹੈ।

**ਸਿੰਘ** : ਕੀ ਡੰਗਰ ਪਸ਼ੂ ਆਪੋਂ ਨਹੀਂ ਬੋਲ ਚਲ ਸਕਦੇ, ਤਾਂ ਦੱਸੋ ਆਦਮੀ ਦੀ ਹਿਲਣ ਜੁਲਣ ਅਤੇ ਬੋਲਣ ਚਲਣ ਦੀ ਸ਼ਕਤੀ ਦੀ ਕੀ ਅਧਿਕ ਵਿਸ਼ੇਸ਼ਤਾ ਹੋਈ ?

**ਵੱਡਾ ਡਾਕਟਰ** : ਅਜੀ, ਆਦਮੀ ਦਾ ਹਿਲਣਾ ਜੁਲਣਾ ਅਤੇ ਬੋਲਣਾ ਚਲਣਾ, ਕੋਈ ਅਰਥ (purpose & meanings) ਰੱਖਦਾ ਹੈ।

**ਸਿੰਘ** : ਤਾਂ ਫਿਰ ਇਉਂ ਕਹੋ ਕਿ ਵਡਿਆਈ ਕੇਵਲ ਉਕਤ ਅਰਥਾਂ ਅੰਦਰ (ਯਾ ਅਰਥਾਂ ਨੂੰ) ਹੀ ਹੋਈ। ਆਦਮੀ ਦੇ ਆਕਾਰ ਅਥਵਾ ਹਿਲਣ ਜੁਲਣ ਅਤੇ ਬੋਲਣ ਦੀ ਸ਼ਕਤੀ ਨੂੰ ਤਾਂ ਨਹੀਂ ਨਾ ?

**ਵੱਡਾ ਡਾਕਟਰ** : ਹਾਂ ਠੀਕ, ਪਰ ਇਹ ਵਡਿਆਈ ਇਨਸਾਨ ਨੂੰ ਹੀ ਹੈ, ਹੈਵਾਨ ਨੂੰ ਨਹੀਂ।

**ਸਿੰਘ** : ਆਪ ਦੇ ਪਾਸ ਕੀ ਸਬੂਤ ਹੈ ਕਿ ਇਹ ਅਰਥਾਂ ਵਾਲੀ ਵਡਿਆਈ ਕੇਵਲ ਇਨਸਾਨ ਨੂੰ ਪ੍ਰਾਪਤ ਹੈ। ਕੀ ਹੈਵਾਨਾਂ ਦਾ ਹਿਲਣਾ ਜੁਲਣਾ ਅਤੇ ਬੋਲਣਾ ਚਲਣਾ ਬੇਅਰਥਾ ਹੀ ਹੈ ?

**ਵੱਡਾ ਡਾਕਟਰ** : ਹੈਵਾਨ ਦੀ ਹਿਲ ਜੁਲ ਨਿਰੀ ਆਪਣਾ ਪੇਟ ਭਰਨ ਖ਼ਾਤਰ ਹੀ ਹੈ ਅਤੇ ਉਹਨਾਂ ਦਾ ਬੋਲਣਾ ਚਲਣਾ ਭੀ ਐਵੇਂ ਵਾਹੀਯਾਤ ਅਰਲ ਬਰਲ ਬੇਥੌਹਾ ਜਿਹਾ ਹੀ ਹੈ।

**ਸਿੰਘ** : ਕਿਉਂ ਜੀ ! ਇਨਸਾਨ ਦੀ ਹਿਲ ਜੁਲ ਕੀ ਪੇਟ ਪਾਲਣ ਦੇ ਪੁਆੜਿਆਂ ਨਮਿਤ

ਸਹੇੜੀ ਰੋਜ਼ ਦੀ ਹਫੜਾ-ਤਫੜੀ ਤੋਂ ਵਧ ਕੇ ਕੁਝ ਹੋਰ ਭੀ ਅਰਥ ਰੱਖਦੀ ਹੈ ਅਤੇ ਇਨਸਾਨ ਦੀ ਬੋਲ ਚਾਲ ਏਹਨਾਂ ਹੀ ਪੇਟ ਦੇ ਪੁਆੜਿਆਂ ਨਮਿਤ ਵਾਹੀ ਤਬਾਹੀ ਮੂੰਹੋਂ ਨਿਕਲੀ ਅਰਲ ਬਰਲ ਤੋਂ ਵਧ ਕੇ ਹੋਰ ਕੀ ਅਰਥ ਰੱਖਦੀ ਹੈ ?

**ਵੱਡਾ ਡਾਕਟਰ** : ਨਹੀਂ, ਇਨਸਾਨ ਇਕ ਮਿਲਨਸਾਰ ਬੰਦਾ (social being) ਹੈ। ਇਸ ਦੀ ਹਿਲ ਜੁਲ ਅਤੇ ਬੋਲ ਚਾਲ ਕੇਵਲ ਆਪਣੇ ਹੀ ਪੇਟ ਪਾਲਣ ਖ਼ਾਤਰ ਨਹੀਂ, ਕਿੰਤੂ ਪੇਟ ਪਾਲਣ ਦੇ ਵਸੀਲਿਆਂ (means) ਅੰਦਰ ਇਕ ਦੂਜੇ ਦੀ ਸਹਾਇਤਾ ਕਰਨ ਲਈ ਹੈ।

**ਸਿੰਘ** : ਕੀ ਕੇਵਲ ਏਸੇ ਗੱਲ ਦੇ ਕਾਰਨ ਇਨਸਾਨ ਇਕ ਮਿਲਨਸਾਰ ਬੰਦਾ (social being) ਕਹਾਉਂਦਾ ਹੈ ਕਿ ਪੇਟ ਪਾਲਣ ਹਿਤ ਆਦਮੀ ਇਕ ਦੂਜੇ ਦਾ ਪਰਸਪਰ ਸਹਾਇਕ ਹੈ। ਪਰ ਜੇ ਹੈਵਾਨ ਭੀ ਇਸ ਪ੍ਰਕਾਰ ਦਾ ਮਿਲਨਸਾਰ (social being) ਸਾਬਤ ਹੋ ਜਾਵੇ ?

**ਵੱਡਾ ਡਾਕਟਰ** : ਕਿਸ ਤਰ੍ਹਾਂ ? ਹੈਵਾਨ ਵਿਚ ਏਤਨੀ ਅਕਲ ਅਤੇ ਤਮੀਜ਼ ਹੈ ਨਹੀਂ।

**ਸਿੰਘ** : ਕੀ ਇਸ ਅਕਲ ਅਤੇ ਤਮੀਜ਼ ਤੋਂ ਬਿਨਾਂ ਹੀ ਹੈਵਾਨ ਦਾ ਨਮੂਦ ਸ੍ਰਿਸ਼ਟੀ ਉੱਤੇ ਦਿਖਾਈ ਦਿੰਦਾ ਹੈ ? ਕੀ ਇਕ ਦੂਜੇ ਦੇ ਪਾਲਣ ਪੋਸਣ ਵਿਚ ਹੈਵਾਨ ਪਰਸਪਰ ਹੱਥ ਨਹੀਂ ਵਟਾਉਂਦੇ ?

**ਵੱਡਾ ਡਾਕਟਰ** : ਕੀ ਹੱਥ ਵਟਾਉਂਦੇ ਹਨ। ਖਾਕ ?

**ਸਿੰਘ** : ਹੋਰ ਐਵੇਂ ਹੀ ਪਲ ਪੈਂਦੇ ਹਨ ?

**ਵੱਡਾ ਡਾਕਟਰ** : ਵੱਧ ਤੋਂ ਵੱਧ ਹਰੇਕ ਹੈਵਾਨ ਆਪੋ ਆਪਣੇ ਬੱਚਿਆਂ ਨੂੰ ਪਾਲ ਸਕਦਾ ਹੈ।

**ਸਿੰਘ** : ਇਨਸਾਨ ਭੀ ਤਾਂ ਆਪੋ ਆਪਣੇ ਕੋੜਮਿਆਂ ਦੇ ਪਾਲਣ ਪੋਸਣ ਦੇ ਪੁਆੜਿਆਂ ਤੋਂ ਵਧ ਕੇ ਹੋਰ ਕੁਛ ਨਹੀਂ ਕਰ ਸਕਦਾ, ਇਸ ਵਿਚ ਇਨਸਾਨੀ ਅਕਲ ਅਤੇ ਤਮੀਜ਼ ਦਾ ਕੀ ਵਾਧਾ ਹੋਇਆ ?

**ਵੱਡਾ ਡਾਕਟਰ** : ਹੈਵਾਨ ਸਿਰਫ਼ ਆਪਣੀ ਔਲਾਦ ਨੂੰ ਖਾਣ ਪੀਣ ਦੀ ਸਹਾਇਤਾ ਹੀ ਦੇ ਸਕਦਾ ਹੈ, ਪਰ ਓਹ ਭੀ ਆਪਣੀ ਮਮਤਾ ਦਾ ਬੱਧਾ ਹੋਇਆ। ਇਨਸਾਨ ਨਾ ਸਿਰਫ਼ ਆਪਣੀ ਔਲਾਦ ਨੂੰ ਖਾਣ-ਪੀਣ ਹੀ ਕਰਾ ਸਕਦਾ, ਬਲਕਿ ਹਰ ਪ੍ਰਕਾਰ ਦੀ ਹੋਰ ਸਹਾਇਤਾ ਭੀ ਦਿੰਦਾ ਹੈ। ਕੱਪੜੇ ਅੱਛੇ-ਅੱਛੇ ਪਹਿਨਾਉਂਦਾ ਹੈ। ਇਲਮ-ਅਦਬ ਸਿਖਾਉਂਦਾ ਹੈ ਅਤੇ ਨਿਰਾ ਆਪਣੀ ਔਲਾਦ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਦੇ ਕਾਰਨ ਇਨਸਾਨ ਮਿਲਨਸਾਰ ਬੰਦਾ ਨਹੀਂ ਕਹਾਉਂਦਾ, ਸਗੋਂ ਇਨਸਾਨ ਦੀ ਇਹ ਸਹਾਇਤਾ ਸੰਸਾਰ ਭਰ ਦੇ ਇਨਸਾਨ ਮਾਤਰ ਲਈ ਹੋ ਸਕਦੀ ਹੈ।

**ਸਿੰਘ** : "ਸੰਸਾਰ ਭਰ ਦੇ ਇਨਸਾਨਾਂ ਲਈ" ਕੀ ਇਹ ਸਮੂਹ ਸੱਚ (Universal Truth) ਹੈ ?

**ਵੱਡਾ ਡਾਕਟਰ** : ਮੇਰਾ ਮਤਲਬ ਇਹ ਹੈ ਕਿ ਜਿਸ ਇਕੱਠ ਮੇਲ ਅਥਵਾ ਸੰਗ (society) ਅੰਦਰ ਇਨਸਾਨ ਜੁੜ ਕੇ ਰਹਿੰਦਾ ਹੈ, ਉਸ ਇਕੱਠ ਦੇ ਅੰਗਾਂ (members of society) ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਵਾਲਾ ਹੋਣ ਕਰ ਇਨਸਾਨ ਮਿਲਨਸਾਰ ਬੰਦਾ (social being) ਹੈ।

ਸਿੰਘ : ਇਹ ਸਹਾਇਤਾ ਓੜਕ ਹੈ ਤਾਂ ਕੇਵਲ ਪੇਟ ਪਾਲਣ ਦੇ ਰਗੜੇ ਝਗੜਿਆਂ ਖ਼ਾਤਰ ਹੀ ਹੈ ਨਾ ਅਤੇ ਸਹਾਇਤਾ ਭੀ ਕੋਈ ਸਹਾਇਤਾ ਦੀ ਖ਼ਾਤਰ ਨਹੀਂ ਹੁੰਦੀ, ਕੇਵਲ ਇਸ ਕਰਕੇ ਕਿ ਉਸ ਨੂੰ ਸਹਾਇਤਾ ਖੁਣੋਂ ਸਰਦਾ ਨਹੀਂ ਅਰਥਾਤ ਇਕ ਸਹਾਇਤਾ ਦੇਣ ਵਾਲਾ ਦੂਜੇ ਨੂੰ ਤਦੇ ਹੀ ਸਹਾਇਤਾ ਦਿੰਦਾ ਹੈ ਕਿ ਉਸ ਨੇ ਦੂਜੇ ਤੋਂ ਆਪ ਸਹਾਇਤਾ ਲੈਣੀ ਮਿੱਥੀ ਹੁੰਦੀ ਹੈ। ਸੋ ਸਭ ਸੰਸਾਰਕ ਕਾਰ-ਵਿਹਾਰ ਦੀ ਖੜਖੱਸ ਜੋ ਹੈ, ਕੇਵਲ ਆਪੋ ਆਪਣਾ ਮਤਲਬ (ਖ਼ੁਦਗਰਜ਼ੀ) ਮੁੱਖ ਰੱਖ ਕੇ ਹੈ ਅਤੇ ਉਹ ਖ਼ੁਦਗਰਜ਼ੀ ਕੇਵਲ ਪੇਟ ਪਾਲਣ ਦੇ ਪੁਆੜੇ ਖ਼ਾਤਰ ਹੀ ਹੈ। ਦੱਸੋ ! ਫਿਰ ਇਨਸਾਨ ਦੀ ਅਕਲ ਅਤੇ ਤਮੀਜ਼ ਦਾ ਹੈਵਾਨ ਨਾਲੋਂ ਵਾਧਾ ਕੀ ਹੈ ? ਖਾਣ ਪੀਣ ਖ਼ਾਤਰ ਹੀ ਜੇ ਤਾਂ ਇਨਸਾਨ ਮਿਲਨਸਾਰ ਬੰਦਾ (social being) ਕਹਾਉਂਦਾ ਹੈ, ਤਾਂ ਇਹੋ ਜਿਹਾ ਮਿਲਨਸਾਰ (social being) ਤਾਂ ਹੈਵਾਨ ਭੀ ਬਥੇਰਾ ਹੈ। ਅਨੇਕਾਂ ਚਰਿੰਦਿਆਂ-ਪਰਿੰਦਿਆਂ ਦੇ ਇੱਜੜ ਅਤੇ ਝੁੰਡਾਂ ਦੇ ਝੁੰਡ ਇਕੱਠੇ ਚਰਦੇ ਚੁਗਦੇ ਫਿਰਦੇ ਹਨ। ਅਜਿਹੇ ਇਕੱਠ ਬਿਨਾਂ ਹੈਵਾਨ ਦਾ ਨਿਰਬਾਹ ਨਹੀਂ ਹੁੰਦਾ। ਹਾਂ, ਇਤਨਾ ਫ਼ਰਕ ਜ਼ਰੂਰ ਹੈ ਕਿ ਇਨਸਾਨ ਇਕ ਦੂਜੇ ਨੂੰ ਧੋਖਾ ਦੇਣ ਨੂੰ ਪਏ ਰੰਗ ਬਰੰਗੇ ਸਾਜ਼ ਬਾਜ਼ ਬਣਾਈ ਫਿਰਦੇ ਹਨ, ਉਪਰੋਂ ਦਿਖਾਵਾ ਖ਼ੁਸ਼ ਪੋਸ਼ੀ ਦਾ, ਅੰਦਰੋਂ ਸਭ ਖੋਹ ਖਿੰਜ ਝਗੜੇ, ਏਹ ਖ਼ੁਸ਼ ਪੋਸ਼ੀ ਨਿਜ ਤਨ ਨੂੰ ਸਹਾਰਾ ਭੀ ਦੱਸੋ ਕੀ ਦਿੰਦੀ ਹੈ। ਸਗੋਂ ਜਿਉਂ ਜਿਉਂ ਇਸ ਦੀ ਲੋੜ ਵਧਦੀ ਜਾਂਦੀ ਹੈ ਤਿਉਂ ਤਿਉਂ ਇਹ ਬੀਮਾਰੀ ਹੋਰ ਵਧੇਰੇ ਹੁੰਦੀ ਜਾਂਦੀ ਹੈ, ਪੱਲੇ ਕੇਵਲ ਅਕੜਫੂੰ ਹੀ ਰਹਿੰਦੀ ਹੈ ਅਤੇ ਅੰਤ ਨੂੰ ਏਹ ਕੂੜਾਵਾ ਸਾਜ਼ ਬਾਜ਼ ਖੋਹ ਖਿੰਜ ਕੇ ਲਾਹਿਆ ਅਤੇ ਖੋਹਿਆ ਜਾਂਦਾ ਹੈ। ਬਸ, ਪਸ਼ੂ ਵਾਂਗੂੰ ਨੰਗੇ ਦਾ ਨੰਗਾ ਹੀ ਅਗਾਹਾਂ ਨੂੰ ਪਧਾਰਦਾ ਹੈ ਅਤੇ ਉਹ ਬੁਰਾਈਆਂ ਨਾਲੇ ਹੀ ਲੈ ਜਾਂਦਾ ਹੈ ਜਿਨ੍ਹਾਂ ਦੀ ਖ਼ਾਤਰ ਆਪ ਏਤਨੀ ਖੋਹ ਖਿੰਜ ਕੀਤੀ ਸੀ ਅਤੇ ਸਾਰੀ ਉਮਰ ਅਕੜਫੂੰ ਬਣਿਆ ਰਿਹਾ ਸੀ। ਦੱਸੋ, ਅਜਿਹੇ ਇਨਸਾਨ ਦਾ ਹੈਵਾਨ ਨਾਲੋਂ ਵਾਧਾ ਕੀ ? ਸਗੋਂ ਇਨਸਾਨ ਨਾਲੋਂ ਅਨੇਕਾਂ ਹੈਵਾਨ ਭਲੇਰੇ ਹਨ ਜਿਹੜੇ ਘਾਸ ਫੂਸ ਖਾ ਕੇ ਇਨਸਾਨਾਂ ਨੂੰ ਭੀ ਪਾਲਦੇ ਹਨ ਅਤੇ ਹੋਰ ਅਨੇਕ ਪ੍ਰਕਾਰ ਦੀ ਸਹਾਇਤਾ ਦਿੰਦੇ ਹਨ। ਵਾਧਾ ਏਹ, ਕਿ ਐਬ ਕੋਈ ਨਹੀਂ ਕਰਦੇ ਅਤੇ ਖੁਨਾਮੀ ਨਹੀਂ ਖਟਦੇ। ਲਓ ! ਐਸ ਮੁਲਖ ਦਾ ਇਕ ਅਜਿਹਾ ਮਿਲਨਸਾਰ (social) ਹੈਵਾਨ ਮੈਂ ਆਪ ਨੂੰ ਦੱਸਦਾ ਹਾਂ ਕਿ ਆਪ ਦਾ ਕੋਈ ਇਨਸਾਨ ਭੀ ਐਸਾ ਨਹੀਂ ਹੋਣਾ। ਸਾਡੇ ਦੇਸ਼ ਵਿਚ ਬੈਲ ਇਕ ਅਜਿਹਾ ਹੈਵਾਨ ਹੈ ਕਿ ਕੇਵਲ ਏਸੇ ਦੀ ਸਹਾਇਤਾ ਉੱਤੇ ਇਸ ਦੇਸ਼ ਦੇ ਸਾਰੇ ਖਾਨ ਪਾਨ ਪਹਿਰਾਨ ਦਾ ਨਿਰਭਰ ਹੈ। ਵਿਚਾਰ ਕੇ ਦੇਖ ਲਵੋ ਜੇ ਬੈਲ ਨਾ ਹੋਵੇ ਤਾਂ ਖੇਤੀ ਬਾੜੀ ਦਾ ਕੰਮ ਸਾਰਾ ਖੜੋ ਜਾਵੇ, ਇਕ ਦਾਣਾ ਭੀ ਅਨਾਜ ਦਾ ਨਾ ਉੱਗੇ, ਸਭ ਦੇ ਸਭ ਇਨਸਾਨ ਭੁੱਖੇ ਮਰ ਜਾਣ ਸਗੋਂ ਇਕ ਦੂਜੇ ਨੂੰ ਵੱਢ-ਵੱਢ ਖਾਣ। (ਇਸ ਵਿਚ ਰੰਚਕ ਸੰਦੇਹ ਨਹੀਂ) ਅਤੇ ਆਪ ਦੀਆਂ ਵੜੀਆਂ ਫ਼ੈਕਟਰੀਆਂ ਅਤੇ ਕੜੇ ਕਾਰਖ਼ਾਨੇ ਅਤੇ ਸੜੀਆਂ ਸੁਸਾਇਟੀਆਂ ਕਿਧਰੇ ਉਡ ਜਾਣ। ਜੇ ਇਹ ਸੋਸ਼ਲ ਹੈਵਾਨ ਨਾ ਹੋਵੇ ਤਾਂ ਜਿੰਨੇ ਨਾਨਾ

ਪ੍ਰਕਾਰ ਦੇ ਭੋਜਨ ਅੱਜ ਇਨਸਾਨ ਖਾਂਦਾ ਹੈ ਅਤੇ ਲਟਰ ਪਟਰ ਬਣਾਉਂਦਾ ਹੈ, ਸਭ ਸੁਫ਼ਨਾ ਹੋ ਜਾਣ। ਗੱਲ ਕੀ, ਜਿਤਨੇ ਭੀ ਖਾਨ ਪਾਨ ਅਤੇ ਪਹਿਰਨ ਸਬੰਧੀ ਤੜਕੇ ਫੜਕੇ ਇਨਸਾਨ ਅੱਜ ਲਾਉਂਦਾ ਫਿਰਦਾ ਹੈ, ਸਭ ਇਕਦਮ ਭੁਰਰ ਹੋ ਜਾਵਣ, ਜੇ ਇਕ ਇਹ ਮਿਲਨਸਾਰ ਹੈਵਾਨ ਨਾ ਹੋਵੇ ਅਤੇ ਮਿਲਨਸਾਰ ਭੀ ਅਜਿਹਾ ਕਿ ਨਾ ਸਿਰਫ਼ ਆਪਣੀ ਜਾਤੀ ਦੇ ਮੈਂਬਰਾਂ ਨਾਲ ਮਿਲਨਸਾਰ ਹੈ ਬਲਕਿ ਇਨਸਾਨ ਜਾਤੀ ਦੇ ਮੈਂਬਰਾਂ ਨਾਲ ਵੀ ਇਸ ਦਾ ਮੇਲ ਜੋਲ ਹੈ। ਇਨਸਾਨ ਨਾਲ ਤਾਂ ਏਹ ਏਤਨਾ ਮਿਲਿਆ ਅਤੇ ਹਿਲਿਆ ਹੋਇਆ ਹੈ ਕਿ ਭਾਵੇਂ ਇਨਸਾਨ ਇਸ ਦੇ ਟੰਬੇ ਮਾਰੇ ਤਾਂ ਭੀ ਇਨਸਾਨ ਨਾਲ ਮਿਲਿਆ ਹੋਇਆ, ਸਾਰਾ ਦਿਨ ਇਸ ਤੋਂ ਮਜੂਰੀ ਕਰਾ ਕੇ ਇਨਸਾਨ ਇਸ ਨੂੰ ਭਾਵੇਂ ਰੱਜਵਾਂ ਅਹਾਰ ਭੀ ਨਾ ਦੇਵੇ ਤਾਂ ਭੀ ਇਨਸਾਨ ਨਾਲ ਮਿਲਿਆ ਹੋਇਆ, ਉਸ ਦੇ ਅਨੇਕ ਪ੍ਰਕਾਰ ਦੇ ਸੁਆਰਥ ਸਾਰਦਾ ਹੈ। ਫੇਰ ਇਹ ਸੋਸ਼ਲ ਹੈਵਾਨ ਇਕ ਨਹੀਂ ਦੋ ਨਹੀਂ, ਘਰ-ਘਰ ਵਿਖੇ ਇਹ ਮੌਜੂਦ ਹੈ। ਇਨ੍ਹਾਂ ਦੀ ਸੁਸਾਇਟੀ ਹੀ ਸਾਰੀ ਸੋਸ਼ਲ ਹੈ ਪਰ ਇਨਸਾਨ ਜਾਤੀ ਵਿਚੋਂ ਤਾਂ ਵੰਨਗੀ ਮਾਤਰ ਭੀ ਕੋਈ ਅਜਿਹਾ (Social Being) ਨਹੀਂ ਦੀਹਦਾ।

ਅਜਿਹੇ ਅਕ੍ਰਿਤਘਣ ਇਨਸਾਨ ਤਾਂ ਸੰਸਾਰ ਉੱਤੇ ਬਥੇਰੇ ਹਨ ਕਿ ਇਸ ਅੱਤ ਦੇ ਸੋਸ਼ਲ ਹੈਵਾਨ ਨੂੰ ਕੋਹ-ਕੋਹ ਕੇ ਖਾ ਜਾਂਦੇ ਹਨ, ਤਾਂ ਦੱਸੋ, ਜਿਸ ਇਨਸਾਨ ਵਿਚ ਇਤਨੀ ਅਕ੍ਰਿਤਘਣਤਾ ਹੈ, ਕੀ ਓਹ ਸੋਸ਼ਲ ਬੀਇੰਗ ਕਹਾ ਸਕਦਾ ਹੈ ? ਇਸ ਸੋਸ਼ਲ ਹੈਵਾਨ ਦੀ ਜੇ ਹਸਤੀ ਨਾ ਹੋਵੇ ਤਾਂ ਇਸ ਦੀ ਸਹਾਇਤਾ (sociability) ਤੋਂ ਉਪੰਨੇ ਅਨੇਕ ਪ੍ਰਕਾਰ ਦੇ ਇਨਸਾਨੀ ਨਿਰਬਾਹ ਦੇ ਸਾਜ਼ ਸਾਮਾਨ ਸਭ ਖੁਰਦ ਬੁਰਦ ਹੋ ਜਾਣ। ਬਸ ਇਨਸਾਨ ਦੀ ਸੁਸਾਇਟੀ ਭੀ ਖੁਰਦ ਬੁਰਦ ਹੀ ਸਮਝੋ। ਇਕ ਦੂਜੇ ਨੂੰ ਵੱਢ ਕੇ ਖਾ ਜਾਣ, ਇਕ ਦੂਜੇ ਨੂੰ ਖੋਹਣੋਂ ਖਸੋਟਣੋਂ ਤਾਂ ਹੁਣ ਭੀ ਨਹੀਂ ਹਟਦੇ। ਆਦਮੀ ਆਦਮੀ ਨੂੰ ਲੁਛਦਾ ਹੈ, ਇਕ ਘਰਾਣਾ ਦੂਜੇ ਘਰਾਣੇ ਨੂੰ ਸਮੇਟਦਾ ਹੈ, ਇਕ ਕੌਮ (nation) ਦੂਜੀ ਕੌਮ ਨੂੰ ਖਾ ਰਹੀ ਹੈ, ਇਕ ਦੇਸ਼ ਦੂਜੇ ਦੇਸ਼ ਨੂੰ ਲੁੱਟ ਰਿਹਾ ਹੈ। ਜੇ ਕੋਈ ਆਪਣੇ ਟੱਬਰ ਨੂੰ ਪਾਲਦਾ ਹੈ ਤਾਂ ਦੂਜੇ ਗੁਆਂਢੀ ਘਰਾਣੇ ਨੂੰ ਨ੍ਹੀਂ ਲੁਝਦਾ ਅਤੇ ਇਹੋ ਲੋਚਦਾ ਹੈ ਕਿ ਇਕਦੂੰ ਵਾਢਿਓਂ ਸਭਨਾਂ ਦੇ ਗਲ ਗੂਠਾ ਆ ਜਾਵੇ। ਜੇ ਕੋਈ ਪੁਰਸ਼ ਨਿਜ ਦੇਸ਼ ਦੇ ਦੇਸ਼ ਹਿਤੈਸ਼ੀ ਹੋਣ ਦੀਆਂ ਟਾਹਰਾਂ ਮਾਰਦਾ ਹੈ ਤਾਂ ਪਰਾਏ ਦੇਸ਼ ਵਾਸੀਆਂ ਉੱਤੇ ਦੰਦ ਪੀਹ ਰਿਹਾ ਹੈ। ਜੇ ਕਿਸੇ ਇਕ ਕੰਪਨੀ ਅਥਵਾ ਸੁਸਾਇਟੀ ਵੱਲੋਂ ਕੋਈ ਕਾਰਖ਼ਾਨਾ ਖੁਲ੍ਹਦਾ ਹੈ ਤਾਂ ਦੂਸਰੀ ਸੁਸਾਇਟੀ ਵੱਲੋਂ ਉਸ ਦੇ ਸਫ਼ਨ ਸਫ਼ਾ ਕਰਨ ਦੇ ਮਸਾਲੇ ਓਦੋਂ ਹੀ ਤਿਆਰ ਹੋ ਜਾਂਦੇ ਹਨ। ਵਿਉਪਾਰ ਦੇ ਮਾਮਲੇ ਵਿਚ, ਵਣਜ ਵਿਊਹਾਰ ਦੇ ਧੰਦੇ ਵਿਚ, ਜ਼ਿਮੀਂਦਾਰੇ, ਸ਼ਾਹੂਕਾਰੇ, ਤਖਾਣੇ, ਹਰ ਪ੍ਰਕਾਰ ਦੀ ਕਿਰਤ ਬਿਰਤ ਅੰਦਰ, ਜਿਥੇ ਦੇਖੋ ਓਥੇ ਮਾਣਸ ਮਾਣਸ ਦੀ ਸੰਘੀ ਘੁੱਟਿਆ ਲੋੜਦਾ ਹੈ। ਗੱਲ ਕੀ ਸੁਸਾਇਟੀ ਸੁਸਾਇਟੀ ਨਾਲ ਅਤੇ ਇਕ ਸੁਸਾਇਟੀ ਦਾ ਇਕ-ਇਕ ਆਦਮੀ ਇਕ ਦੂਜੇ ਨਾਲ ਪਿਆ ਖਹਿ ਖਹਿ ਮਰਦਾ ਹੈ ਅਤੇ ਧ੍ਰਿਗ ਜੀਵਨ ਕਰਮ ਕਰੇਂਦਾ ਫਿਰਦਾ ਹੈ ਅਤੇ ਫੇਰ ਆਪ ਆਦਮੀ ਨੂੰ (Social Bëing) ਸੱਦਦੇ ਹੋ। ਹੁਣ,

ਮੈਨੂੰ ਦੱਸੋ ਕਿ ਅਜਿਹੇ (Social Being) ਹੋਣ ਕਰ ਇਨਸਾਨ ਦਾ ਹੈਵਾਨ ਨਾਲੋਂ ਕੀ ਵਾਧਾ ਹੋਇਆ ? ਸਗੋਂ ਜੇ (Social Being) ਹੋਣ ਦੇ ਏਹੋ ਅਰਥ ਹਨ ਤਾਂ ਇਨਸਾਨ ਨਾਲੋਂ ਸਗੋਂ ਹੈਵਾਨ ਵਧੇਰਾ (Social Being) ਹੈ।

**ਵੱਡਾ ਡਾਕਟਰ** : (ਘਬਰਾ ਕੇ) ਅਜੀ ਹੈਵਾਨ ਨੂੰ ਆਪ ਕਿਸ ਤਰ੍ਹਾਂ (Social Being) ਬਣਾ ਸਕਦੇ ਹੋ। ਇਹ ਤਾਂ ਆਮ ਮਸ਼ਹੂਰ ਕਹਾਵਤ ਹੈ ਕਿ ਇਨਸਾਨ (Social Being) ਹੈ ਅਤੇ ਕਹਾਵਤ ਭੀ ਬੜੇ-ਬੜੇ ਅਕਲਮੰਦਾਂ ਅਤੇ ਫ਼ਿਲਾਸਫ਼ਰਾਂ ਦੀ ਹੈ। ਆਪ ਨੇ ਸਭ ਦਾਨਵਾਂ ਦਾ ਕਿਹਾ, ਇਕ ਫੋਰੇ ਵਿਚ ਰੱਦ ਕਰ ਦਿੱਤਾ। ਐਸਾ ਵੱਧ ਕੇ ਪੈਰ ਨਹੀਂ ਮਾਰਨਾ ਚਾਹੀਏ, ਸਾਰੇ ਇਨਸਾਨ ਹੀ ਆਪ ਨੇ ਹੈਵਾਨ ਬਣਾ ਦਿੱਤੇ।

**ਸਿੰਘ** : ਖਿਮਾ ਕਰਨਾ, ਅਤੇ ਜ਼ਰਾ ਧੀਰਜ ਤੇ ਸਮਾਈ ਨਾਲ ਗੱਲ ਕਰੋ। ਕਿਰਪਾ ਕਰਕੇ ਮੈਨੂੰ ਜਣਾ ਦਿਓ ਕਿ ਕਿਸ ਬਿਧ ਇਨਸਾਨ ਨੂੰ ਹੈਵਾਨ ਨਾਲੋਂ ਵਧੀਆ ਅਤੇ ਵਧੇਰੇ ਵਡਿਆਈ ਦਾ ਪਾਤਰ ਮੰਨਿਆ ਜਾਵੇ।

**ਵੱਡਾ ਡਾਕਟਰ** : ਅਜੀ, ਇਨਸਾਨ ਬਸ ਇਨਸਾਨ ਹੀ ਹੈ, ਹੈਵਾਨ ਕਦੇ ਇਨਸਾਨ ਦੇ ਬਰਾਬਰ ਹੋ ਸਕਦਾ ਹੈ। ਇਨਸਾਨ ਦੇ ਪਦ (ਲਫ਼ਜ਼) ਤੋਂ ਹੀ ਇਨਸਾਨੀਅਤ ਟਪਕਦੀ ਹੈ, ਜ਼ਿਆਦਾ ਹੋਰ ਆਖਣ ਦੀ ਲੋੜ ਨਹੀਂ।

**ਸਿੰਘ** : ਕਿਉਂ ਜੀ, ਇਨਸਾਨ ਦੇ ਪਦ ਅੰਦਰ ਹੀ ਜੇ ਇਨਸਾਨੀਅਤ ਟਪਕਦੀ ਹੈ ਤਾਂ ਜੇ ਇਹ ਪਦ ਪਸ਼ੂ ਪ੍ਰਥਾਇ ਘਟਾਇਆ ਜਾਏ ਤਾਂ ਫੇਰ ਕਿਹੜੀ ਉਹ (ਆਪ ਦੀ ਕਲਪੀ) ਇਨਸਾਨੀਅਤ ਟਪਕਣੋਂ ਹਟ ਜਾਏਗੀ।

**ਵੱਡਾ ਡਾਕਟਰ** : ਅਜੀ, ਆਪ ਕੁਛ ਮਖ਼ੌਲ ਕਰਦੇ ਹੋ, ਕਦੇ ਇਨਸਾਨ ਦਾ ਪਦ ਪਸ਼ੂ ਪ੍ਰਥਾਇ ਘਟ ਸਕਦਾ ਹੈ ਅਤੇ ਕਦੇ ਇਨਸਾਨੀਅਤ ਪਸ਼ੂ ਦੇ ਅੰਦਰ ਆ ਸਕਦੀ ਹੈ।

**ਸਿੰਘ** : ਜ਼ਰਾ ਘਬਰਾਓ ਨਹੀਂ, ਅਤੇ ਸਹਿਜ ਨਾਲ ਮੈਨੂੰ ਦੱਸ ਦਿਓ ਕਿ ਉਕਤ ਆਦਮੀ ਦੀ ਕਲਪੀ ਇਨਸਾਨੀਅਤ ਕੋਈ ਅਗੰਮ ਤੋਂ ਉਤਰ ਕੇ ਆਉਂਦੀ ਹੈ ਅਥਵਾ ਸਚਮੁੱਚ ਹੀ ਕਿਸੇ ਥਾਉਂ ਮੌਜੂਦ ਹੁੰਦੀ ਹੈ ?

**ਵੱਡਾ ਡਾਕਟਰ** : ਬਸ, ਇਨਸਾਨੀਅਤ ਸਿਰਫ਼ ਇਨਸਾਨ ਵਿਚ ਹੀ ਹੋ ਸਕਦੀ ਹੈ, ਉਸ ਤੋਂ ਬਾਹਰ ਨਹੀਂ।

**ਸਿੰਘ** : ਕਿਰਪਾ ਕਰਕੇ ਇਹ ਭੀ ਦੱਸ ਦਿਓ ਕਿ ਇਨਸਾਨ ਪਦ ਵਿਚ ਹੁੰਦੀ ਹੈ, ਯਾ ਕਿਸੇ ਹੋਰ ਨਿਗਰ ਪਿੰਜਰ ਅੰਦਰ ਅਤੇ ਕੀ ਹੋ ਸਕਦੀ ਹੀ ਹੈ ਅਥਵਾ ਸਚਮੁੱਚ ਹੁੰਦੀ ਹੈ ?

**ਵੱਡਾ ਡਾਕਟਰ** : ਇਨਸਾਨ ਰੂਪੀ ਪੰਜਾਂ ਤੱਤਾਂ ਦੇ ਪੁਤਲੇ ਅੰਦਰ ਹੀ ਇਨਸਾਨੀਅਤ ਹੋ ਸਕਦੀ ਹੈ, ਹੋ ਸਕਦੀ ਕਿਆ ਹੁੰਦੀ ਹੈ। ਇਸ ਇਨਸਾਨੀਅਤ ਦੇ ਔਸਾਫ ਹੋਣ ਦੇ ਕਾਰਨ ਹੀ ਇਨਸਾਨ ਇਨਸਾਨ ਕਹਾਉਂਦਾ ਹੈ ਅਤੇ ਇਨ੍ਹਾਂ ਔਸਾਫਾਂ ਦੇ ਕਾਰਨ ਹੀ ਇਨਸਾਨ ਨੂੰ ਹੈਵਾਨ ਉੱਤੇ ਫ਼ਜ਼ੀਲਤ ਹੈ।

**ਸਿੰਘ** : ਅੱਛਾ ਹੁਣ ਆਪ ਦਾ ਮਤਲਬ ਸਾਫ਼ ਹੋ ਗਿਆ ਕਿ ਇਨਸਾਨੀਅਤ ਵਾਲੇ ਔਸਾਫ ਜਿਸ ਪੰਜਾਂ ਤੱਤਾਂ ਦੇ ਪੁਤਲੇ ਅੰਦਰ ਹੋਣ, ਉਸ ਪੰਜਾਂ ਤੱਤਾਂ ਦੇ ਪੁਤਲੇ ਦਾ ਨਾਉਂ ਇਨਸਾਨ ਹੈ, ਅਤੇ ਇਨ੍ਹਾਂ ਹੀ ਔਸਾਫਾਂ ਅਰਥਾਤ ਗੁਣਾਂ ਕਰਕੇ ਉਸ ਪੁਤਲੇ ਨੂੰ

ਇਨਸਾਨ ਕਹੀਦਾ ਹੈ ਅਤੇ ਇਨ੍ਹਾਂ ਹੀ ਔਸਾਫਾਂ ਦੇ ਕਾਰਨ ਉਸ ਪੁਤਲੇ ਨੂੰ ਹੈਵਾਨ ਨਾਲੋਂ ਫ਼ਜ਼ੀਲਤ ਅਰਥਾਤ ਵਡਿਆਈ ਹੈ।

**ਵੱਡਾ ਡਾਕਟਰ** : ਹਾਂ, ਮੇਰਾ ਐਨ ਇਹੋ ਮਤਲਬ ਹੈ।

**ਸਿੰਘ** : ਤਦ ਜਾਣੋ ਉਸ ਪੰਜਾਂ ਤੱਤਾਂ ਦੇ ਪੁਤਲੇ ਨੂੰ ਕੋਈ ਵਡਿਆਈ ਨਹੀਂ, ਜੋ ਹੈ, ਸੋ ਉਨ੍ਹਾਂ ਗੁਣਾਂ ਨੂੰ ਹੈ।

**ਵੱਡਾ ਡਾਕਟਰ** : ਉਨ੍ਹਾਂ ਗੁਣਾਂ ਦੇ ਕਾਰਨ ਹੀ ਓਹ ਪੁਤਲਾ ਇਨਸਾਨ ਕਹਾਉਂਦਾ ਹੈ, ਜੇ ਉਹ ਗੁਣ ਨਾ ਹੋਣ ਤਾਂ ਉਸ ਨੂੰ ਇਨਸਾਨ ਕਉਣ ਕਹੇ।

**ਸਿੰਘ** : ਅਰਥਾਤ ਉਹਨਾਂ ਗੁਣਾਂ ਤੋਂ ਭਿੰਨ, ਓਸ ਪੁਤਲੇ ਨੂੰ ਕੋਈ ਵਡਿਆਈ ਨਹੀਂ। ਉਨ੍ਹਾਂ ਗੁਣਾਂ ਸਹਿਤ ਤਾਂ ਉਹ ਪੁਤਲਾ ਭੀ ਵਡਿਆਈ ਯੋਗ ਅਰਥਾਤ ਵਡਿਆਈ ਦਾ ਪਾਤਰ ਹੈ।

**ਵੱਡਾ ਡਾਕਟਰ** : ਠੀਕ, ਹੁਣ ਆਪ ਦੀ ਸਮਝ ਵਿਚ ਅਸਲ ਗੱਲ ਆਈ।

**ਸਿੰਘ** : ਹੁਣ ਬੱਸ, ਇਹੋ ਗੱਲ ਵਿਚਾਰਨੀ ਰਹਿ ਗਈ ਕਿ ਉਹ ਇਨਸਾਨੀਅਤ ਵਾਲੇ ਗੁਣ ਕਿਹੜੇ ਹਨ ? ਅਤੇ ਕਿਉਂ ਵਿਸ਼ੇਸ਼ ਸਤਿਕਾਰ ਸਨਮਾਨ ਅਥਵਾ ਵਡਿਆਈ ਦੇ ਯੋਗ ਹਨ ? ਕਿਉਂਕਿ ਇਹ ਗੱਲ ਤਾਂ ਨਿਰਣੇ ਹੋ ਗਈ ਕਿ ਇਨਸਾਨ ਦਾ ਪੁਤਲਾ ਅਰਥਾਤ ਪੰਜ ਭੂਤਕ ਸਰੀਰ ਇਨਸਾਨੀਅਤ ਦੇ ਗੁਣਾਂ ਤੋਂ ਭਿੰਨ ਕੋਈ ਵਡਿਆਈ ਨਹੀਂ ਰੱਖਦਾ ਅਤੇ ਵਡਿਆਈ ਹੈ ਤਾਂ ਕੇਵਲ ਉਨ੍ਹਾਂ ਗੁਣਾਂ ਨੂੰ ਹੀ ਹੈ।

**ਵੱਡਾ ਡਾਕਟਰ** : ਅਤੇ ਉਨ੍ਹਾਂ ਗੁਣਾਂ ਕਰਕੇ ਇਨਸਾਨ ਦੇ ਪੁਤਲੇ ਨੂੰ ਭੀ ਤਾਂ ਹੈ।

**ਸਿੰਘ** : ਹਾਂ, ਗੁਣਾਂ ਕਰ ਕੇ ਹੀ, ਐਵੇਂ ਤਾਂ ਨਹੀਂ ?

**ਵੱਡਾ ਡਾਕਟਰ** : ਇਹ ਬੇਸ਼ਕ ਠੀਕ ਹੈ, ਐਵੇਂ ਨਹੀਂ।

**ਸਿੰਘ** : ਅਰਥਾਤ ਅਸਲ ਵਡਿਆਈ ਉਨ੍ਹਾਂ ਗੁਣਾਂ ਨੂੰ ਹੈ ਅਤੇ ਜੇ ਏਸ ਪੁਤਲੇ ਨੂੰ ਹੈ ਭੀ, ਤਾਂ ਕੇਵਲ ਉਨ੍ਹਾਂ ਗੁਣਾਂ ਨੂੰ ਮੁੱਖ ਰੱਖ ਕੇ ਯਾ ਸੰਯੁਕਤ ਉਨ੍ਹਾਂ ਗੁਣਾਂ ਦੇ ਹੈ।

**ਵੱਡਾ ਡਾਕਟਰ** : ਐਨ ਠੀਕ।

**ਸਿੰਘ** : ਅਤੇ ਇਨ੍ਹਾਂ ਗੁਣਾਂ ਤੋਂ ਸੁੰਨ ਉਹ ਪੁਤਲਾ ਐਵੇਂ ਇਕ ਮਿੱਟੀ ਦਾ ਹੀ ਪੁਤਲਾ ਹੈ, ਕਿਉਂਕਿ ਜਦ ਤਾਈਂ ਉਹ ਗੁਣ ਏਸ ਦੇ ਅੰਦਰ ਸਮਾਉਂਦੇ ਹਨ ਤਦ ਤੀਕਰ ਤਾਂ ਇਹ ਪੁਤਲਾ ਭੀ ਸੁਭਾਗਾ ਹੈ ਅਤੇ ਜਦ ਉਹ ਗੁਣ ਇਸ ਪੁਤਲੇ ਰੂਪੀ ਦਾਇਰੇ (ਆਕਾਰ) ਤੋਂ ਬਾਹਰ ਨਿਕਲ ਜਾਂਦੇ ਹਨ, ਤਦ ਉਹ ਛੂਟਰ ਮਾਟੀ ਦੀ ਨਿਆਈਂ ਨਿਰਾ ਮਿੱਟੀ ਦਾ ਹੀ ਪੁਤਲਾ ਅਰਥਾਤ ਫੋਕਾ ਅਤੇ ਮਲ ਮੂਤਰ ਦਾ ਭਰਿਆ ਹੋਇਆ ਕਾਰੰਗਾ ਹੀ ਰਹਿ ਜਾਂਦਾ ਹੈ ਜੋ ਕਿ ਅੰਤ ਨੂੰ ਮਿੱਟੀ (ਧਰਤੀ) ਹੇਠ ਦੱਬ ਕੇ ਅਥਵਾ ਅਗਨੀ ਨਾਲ ਦਗਧ ਹੋ ਕੇ ਸੁਆਹ ਖੇਹ ਹੋ ਜਾਂਦਾ ਹੈ। ਬਸ ਓੜਕ ਛਾਰ ਦੀ ਢੇਰੀ ਛਾਰ ਹੀ ਹੋ ਜਾਂਦੀ ਹੈ।

**ਵੱਡਾ ਡਾਕਟਰ** : ਇਸ ਵਿਚ ਜ਼ਰਾ ਭੀ ਫ਼ਰਕ ਨਹੀਂ।

**ਸਿੰਘ** : ਤਾਂ ਤੇ ਸਿੱਧ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਨਾਲੋਂ (ਜਿਸ ਨੂੰ ਆਪ ਕਾਗਜ਼ੀ ਆਕਾਰ ਕਹਿੰਦੇ ਹੋ) ਆਦਮੀ ਦੇ ਮਿੱਟੀ ਦੇ ਮਲ ਮੂਤਰ ਭਰੇ ਆਕਾਰ

ਨੂੰ ਕੋਈ ਵਿਸ਼ੇਸ਼ਤਾ ਅਤੇ ਵਡਿਆਈ ਨਾ ਹੋਈ।

**ਵੱਡਾ ਡਾਕਟਰ** : ਆਦਮੀਅਤ ਅਰਥਾਤ ਇਨਸਾਨੀਅਤ ਦੇ ਗੁਣਾਂ ਕਰਕੇ ਅਰਥਾਤ ਉਨ੍ਹਾਂ ਗੁਣਾਂ ਨੂੰ ਮੁੱਖ ਰੱਖ ਕੇ ਤਾਂ ਆਦਮੀ ਦਾ ਆਕਾਰ ਵਡਿਆਈ ਯੋਗ ਹੈ ਨਾ ? ਕਿਉਂਕਿ, ਉਹ ਆਦਮੀਆਂ ਵਾਲੇ ਗੁਣ ਇਸ ਵਿਚ ਟਿਕਦੇ ਅਤੇ ਵਸਦੇ ਹਨ, ਇਸ ਗੱਲ ਨੂੰ ਤਾਂ ਆਪ ਭੀ ਮੰਨ ਚੁੱਕੇ ਹੋ।

**ਸਿੰਘ** : ਏਸੇ ਤਰ੍ਹਾਂ ਗੁਰੂ ਵਾਲੇ ਗੁਣਾਂ ਕਰਕੇ (ਅਰਥਾਤ ਉਨ੍ਹਾਂ ਗੁਣਾਂ ਨੂੰ ਮੁੱਖ ਰੱਖ ਕੇ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਵਡਿਆਈ ਯੋਗ ਹੈ, ਕਿਉਂਕਿ ਉਹ ਗੁਰੂ ਵਾਲੇ ਗੁਣ ਇਸ ਵਿਚ ਸ਼ੁਸ਼ੋਭਤ (ਵਿਦਮਾਨ) ਹਨ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਆਦਮੀ ਦੇ ਆਕਾਰ ਨਾਲੋਂ ਅਤਯੰਤ ਵਿਸ਼ੇਸ਼ ਵਡਿਆਈ ਦੇ ਯੋਗ ਹੈ, ਕਿਉਂਕਿ ਉਹ ਗੁਰੂ ਵਾਲੇ ਗੁਣ ਆਪ ਦੀ ਆਦਮੀਅਤ (ਇਨਸਾਨੀਅਤ) ਦੇ ਗੁਣਾਂ ਨਾਲੋਂ ਅਤਯੰਤ ਵਿਸ਼ੇਸ਼ ਅਧਿਭੁਤ, ਅਸਥਿਰ, ਅਮਰ ਅਤੇ ਅਟਲ ਹਨ। ਐਥੇ ਤੀਕਰ ਕਿ ਅਸਲੀਅਤ ਅੰਦਰ ਇਨ੍ਹਾਂ ਗੁਰੂ ਵਾਲੇ ਗੁਣਾਂ ਤੋਂ ਭਿੰਨ ਕਿਨ੍ਹਾਂ ਹੋਰ ਗੁਣਾਂ ਨੂੰ ਗੁਣ ਹੀ ਨਹੀਂ ਕਹਿ ਸਕਦੇ। ਸੋ ਜਿਨ੍ਹਾਂ ਨੂੰ ਆਪ ਆਦਮੀਅਤ (ਇਨਸਾਨੀਅਤ) ਵਾਲੇ ਗੁਣ ਕਹਿੰਦੇ ਹੋ, ਇਹਨਾਂ ਦੀ ਤਾਂ ਅਸਲੀਅਤ ਹੀ ਕੋਈ ਨਹੀਂ। ਜੈਸੀ ਕਿ ਆਦਮੀ ਦੇ ਆਕਾਰ ਦੀ ਕੋਈ ਅਸਲੀਅਤ ਨਹੀਂ ਤੈਸੇ ਹੀ ਆਦਮੀਅਤ ਦੇ ਗੁਣਾਂ ਦੀ ਭੀ ਅਸਲੀਅਤ ਕੋਈ ਨਹੀਂ, ਪਰੰਤੂ ਗੁਰੂ ਰੂਪੀ ਗੁਣਾਂ ਦੀ ਤੱਤ ਅਸਲੀਅਤ ਅਤੇ ਅਪਾਰ ਮਹਿਮਾ ਦੇ ਪ੍ਰਭਾਵ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਦੀ ਅਸਲੀਅਤ ਭੀ ਸਦੀਵੀ ਅਮਰ ਵਿਵਸਥਾ ਵਾਲੇ ਗੁਣਾਂ ਅਤੇ ਅਟੱਲਤਾ ਨੂੰ ਪ੍ਰਾਪਤ ਹੈ। ਏਸੇ ਕਰਕੇ ਹੀ ਏਸ ਪਵਿੱਤਰ ਆਕਾਰ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦ੍ਰਿਸ਼ਟਮਾਨ ਸਰੂਪ (ਆਕਾਰ) ਦੀ ਅਪਾਰ ਮਹਿਮਾ ਹੈ। ਜਿਸ ਮਹਿਮਾ ਅਤੇ ਵਡਿਆਈ ਨੂੰ ਆਨ (ਆਦਮੀ ਆਦਿਕ ਦੇ) ਆਕਾਰਾਂ ਦੀ ਵਡਿਆਈ ਇਕ ਤਿਲ ਮਾਤਰ ਵੀ ਪੁੱਜ ਨਹੀਂ ਸਕਦੀ, ਏਥੋਂ ਤਾਈਂ ਕਿ ਇਸ ਪਵਿੱਤਰ ਆਕਾਰ ਨੂੰ ਆਦਮੀ ਦੇ ਆਨ ਆਕਾਰਾਂ ਨਾਲ ਤੁੱਲਤਾ ਦੇਣੀ ਹੀ ਮਹਾਂ ਅਪਰਾਧ ਹੈ।

**ਵੱਡਾ ਡਾਕਟਰ** : ਪਰ ਜੇ ਆਦਮੀ ਦੇ ਆਕਾਰ ਅੰਦਰ ਓਹੋ ਜੇਹੇ ਗੁਣ ਹੋਣ।

**ਸਿੰਘ** : ਤਦ ਸਚਮੁੱਚ ਓਹ ਆਦਮੀ ਪੂਜਨੀਕ ਹੈ ਅਤੇ ਧੰਨਤਾ ਦੇ ਯੋਗ ਹੈ! ਸਫਲ ਹੈ ਓਹ ਅਤੇ ਉਸਦਾ ਜਾਮਾ ਅਤੇ ਉਸ ਦਾ ਜਨਮ!!

**ਵੱਡਾ ਡਾਕਟਰ** : ਕੀ ਆਪ ਖ਼ਿਆਲ ਕਰਦੇ ਹੋ ਕਿ ਆਦਮੀ ਦੇ ਅੰਦਰ ਗੁਣ ਹੈ ਨਹੀਂ ?

**ਸਿੰਘ** : ਜਿਨ੍ਹਾਂ ਗੁਣਾਂ ਨੂੰ ਆਮ ਤੌਰ ਤੇ ਆਪ ਲੋਕ ਗੁਣ ਦੱਸਦੇ ਹੋ ਓਹ ਹਰਗਿਜ਼ ਗੁਣ ਨਹੀਂ। [ਏਥੇ ਪਹਿਲਾ (ਅਰਥਾਤ ਛੋਟਾ) ਡਾਕਟਰ ਬੋਲ ਉਠਿਆ ਅਤੇ ਵੱਡੇ ਡਾਕਟਰ ਨੂੰ ਸੌਹੇਂ ਹੋ ਕੇ ਆਖਣ ਲੱਗਾ ਕਿ :]

**ਛੋਟਾ ਡਾਕਟਰ** : ਜਿਨ੍ਹਾਂ ਗੁਣਾਂ ਨੂੰ ਤੁਸੀਂ ਲਈ ਫਿਰਦੇ ਹੋ, ਏਹ ਸਚਮੁੱਚ ਕੋਈ ਗੁਣ ਨਹੀਂ, ਐਵੇਂ ਭਰਮ ਹੀ ਹੈ ਪਰ ਕਿਉਂ ਜੀ ? (ਸਿੰਘ ਨੂੰ ਸੌਹੇਂ ਹੋ ਕੇ) ਓਹ ਅਸਲੀ ਗੁਣ ਅੰਸ ਮਾਤਰ ਤਾਂ ਆਦਮੀ ਦੇ ਕਾਇਆਂ ਰੂਪੀ ਆਕਾਰ ਅੰਦਰ ਹਨ ਨਾ, ਜੈਸਾ ਕਿ ਪਹਿਲਾਂ

ਆਪਣੀ ਦੋਹਾਂ ਦੀ ਗੋਸ਼ਟ ਵਿਚ ਸਿੱਧ ਹੋ ਚੁੱਕਾ ਹੈ ਕਿਉਂਕਿ ਚਾਹੇ ਉਹ ਗੁਪਤ ਹੀ ਹਨ ਅਤੇ ਪ੍ਰਗਟ ਨਹੀਂ, ਪਰ ਫੇਰ ਭੀ ਤਾਂ ਅਸਲੀਅਤ ਉਹਨਾਂ ਦੀ ਅੰਸ਼ ਮਾਤਰ ਤਾਂ ਜ਼ਰੂਰ ਆਦਮੀ ਦੇ ਕਾਇਆਂ ਰੂਪੀ ਆਕਾਰ ਅੰਦਰ ਟਿਕਦੀ ਹੈ, ਭਾਵੇਂ ਗੁਪਤ ਅਵਸਥਾ ਵਿਚ ਹੀ ਟਿਕਦੀ ਹੈ, ਪਰ ਟਿਕਦੀ ਤਾਂ ਹੈ ਨਾ, ਅਤੇ ਟਿਕਦੀ ਭੀ ਮਨੁਸ਼ ਮਾਤਰ ਦੇ ਆਕਾਰ ਅੰਦਰ ਹੈ, ਇਸ ਲਈ ਮਨੁਸ਼ ਦਾ ਜਾਮਾ ਅਰਥਾਤ ਕਾਇਆਂ ਰੂਪੀ ਆਕਾਰ ਕਾਗਜ਼ੀ ਆਕਾਰ ਨਾਲੋਂ ਸੁਲੱਖਣਾ ਅਤੇ ਸ੍ਰੇਸ਼ਟ ਹੀ ਹੈ, ਕਿਉਂਕਿ ਸਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਪਵਿੱਤਰ ਆਕਾਰ ਦੇ ਹੋਰਸ ਸਭ ਕਾਗਜ਼ੀ ਆਕਾਰਾਂ ਅੰਦਰ ਤਾਂ ਨਹੀਂ ਨਾ ਉਹਨਾਂ ਪਵਿੱਤਰ ਅਸਲੀ ਗੁਣਾਂ ਦੀ ਅੰਸ਼ ਟਿਕਦੀ ?

**ਸਿੰਘ** : (ਛੋਟੇ ਡਾਕਟਰ ਨੂੰ ਸੌਹੇਂ ਹੋ ਕੇ) ਇਹ ਆਪ ਦਾ ਬੜਾ ਸੁੰਦਰ ਸਵਾਲ ਹੈ। ਇਸ ਵਿਚ ਰੰਚਕ ਸੰ ੇਹ ਨਹੀਂ ਕਿ ਅੰਸ ਮਾਤਰ ਓਹ ਗੁਣ ਆਪਣੇ ਅਸਲੀ ਸਰੂਪ ਵਿਚ ਆਦਮੀ ਦੇ ਕਾਇ ਮਾਂ ਰੂਪੀ ਆਕਾਰ ਅੰਦਰ ਹੀ ਟਿਕਦੇ ਅਤੇ ਵਸਦੇ ਹਨ ਪਰ ਉਨ੍ਹਾਂ ਗੁਣਾਂ ਦੀ ਅੰਸ਼ ਦਾ ਆਦਮੀ ਦੀ ਕਾਇਆਂ ਅੰਦਰ ਹੋਣਾ ਯਾ ਨਾ ਹੋਣਾ ਬਰਾਬਰ ਹੀ ਹੈ ਜਦ ਤਾਈਂ ਕਿ ਉਹ ਗੁਣ ਪ੍ਰਗਟ ਪ੍ਰਤੱਖ ਨਾ ਹੋਣ। ਓਹਨਾਂ ਦੇ ਪ੍ਰਗਟ ਦਸ਼ਾ ਵਿਚ ਆਏ ਬਿਨਾਂ ਅਰਥਾਤ ਪ੍ਰਤੱਖ ਹੋਏ ਬਿਨਾਂ ਉਸ ਆਦਮੀ ਨੂੰ ਜਿਸ ਦੀ ਕਾਇਆਂ ਰੂਪੀ ਆਕਾਰ ਅੰਦਰ ਉਹ ਗੁਣ ਅੰਸ਼ ਮਾਤਰ ਸਦੀਵ ਹੀ ਗੁਪਤ ਵਿਵਸਥਾ ਵਿਖੇ ਰਹਿਣ, ਓਹਨਾਂ ਗੁਣਾਂ ਦੀ ਅੰਸ਼ ਦੇ ਹੋਣ ਦਾ ਅਰਥਾਤ ਕਾਇਆਂ ਰੂਪੀ ਆਕਾਰ ਦੇ ਅੰਦਰ ਗੁਪਤ ਪਈ ਰਹਿਣ ਦਾ ਲਾਭ ਅਤੇ ਫ਼ਖ਼ਰ (ਵਡਿਆਈ) ਕੀ ? ਜਦ ਕਿ ਓਹ ਪਵਿੱਤਰ ਅੰਸ਼ ਐਵੇਂ ਅਕਾਰਥ ਹੀ ਇਸ (ਆਦਮੀ) ਦੀ ਕਾਇਆਂ ਰੂਪੀ ਆਕਾਰ ਵਿਚੋਂ ਘੁਮ ਘੁਮਾ ਕੇ ਚਲੀ ਜਾਂਦੀ ਹੈ ਅਤੇ ਫੇਰ ਉਸ ਲਈ ਇਸ (ਆਦਮੀ) ਦੀ ਕਾਇਆਂ ਅੰਦਰ ਆਉਣ ਦਾ ਅਵਸਰ ਹੱਥ ਆਉਣਾ ਅਸੰਭਵ ਹੋ ਜਾਂਦਾ ਹੈ। ਗੁਪਤ ਦਸ਼ਾ ਵਿਖੇ ਤਾਂ ਇਹ ਅੰਸ਼ ਘਟ-ਘਟ ਵਿਖੇ ਵਿਆਪ ਰਹੀ ਹੈ। ਕੀ ਆਦਮੀ ਦਾ ਘਟ, ਅਤੇ ਕੀ ਪੰਛੀ ਪਸ਼ੂ ਆਦਿਕਾਂ ਦਾ ਘਟ, ਕੋਈ ਘਟ ਅਰਥਾਤ ਸਰੀਰ (Body) ਰੂਪੀ ਆਕਾਰ ਇਸ ਅੰਸ਼ ਤੋਂ ਊਰਾ (ਖ਼ਾਲੀ) ਨਹੀਂ। ਸਭ ਘਟਾਂ ਦੇ ਅੰਦਰ ਏਹ ਅੰਸ਼ ਗੁਪਤ ਵਰਤਦੀ ਹੈ। ਜੇ ਹੋਰ ਜੂਨ ਜਾਤੀ ਦੇ ਜਾਨਵਰਾਂ ਦੇ ਘਟਾਂ ਅੰਦਰ ਏਹ ਅੰਸ਼ ਗੁਪਤ ਹੀ ਵਰਤਦੀ ਰਹੀ ਅਤੇ ਪ੍ਰਗਟ ਨਾ ਹੋਈ ਤਾਂ ਦੱਸੋ ਮਨੁੱਖ ਜਾਤੀ ਦੀ ਹੋਰ ਜਾਤੀ ਦੇ ਜਨੌਰਾਂ ਨਾਲੋਂ ਵਿਸ਼ੇਸ਼ਤਾ ਕੀ ? ਅਤੇ ਆਦਮੀ (ਮਨੁੱਖ) ਦੇ ਕਾਇਆਂ ਰੂਪੀ ਆਕਾਰ ਨੂੰ ਹੋਰਸ ਜਨੌਰਾਂ ਦੇ ਆਕਾਰਾਂ ਨਾਲੋਂ ਕੀ ਵਧੀਕ ਵਡਿਆਈ ਹੈ ? ਸਗੋਂ ਮਨੁੱਖ ਦੇ ਜਾਮੇ ਅਤੇ ਜਨਮ ਨੂੰ ਅਨੇਕ ਵਾਰ ਧਿਰਕਾਰ (ਲਾਹਣਤ) ਹੈ ਕਿ ਆਪਣੇ ਆਪ ਨੂੰ ਸਰਬ ਪ੍ਰਕਾਰ ਦੇ ਹੋਰਸ ਜਾਤੀ ਦੇ ਜੰਤਾਂ ਨਾਲੋਂ ਸ੍ਰੇਸ਼ਟ ਜੰਤ 'ਅਸ਼ਰਫੁਲ ਮਖਲੂਕਾਤ' ਅਤੇ ਸਮਝਦਾਰ ਇਨਸਾਨ ਸਮਝਦਾ ਹੋਇਆ ਭੀ ਆਨ ਜੰਤਾਂ ਵਤ ਇਸ ਅਮੋਲਕ ਰਤਨ ਪਦਾਰਥ ਤੋਂ ਘੁਥਾ ਹੀ ਰਹੇ ਅਤੇ ਘੁਥਾ ਹੀ ਚਲਿਆ ਜਾਏ। ਤਾਂ ਤੇ ਸ੍ਰੇਸ਼ਟਤਾ ਅਤੇ ਸਫਲਤਾ ਮਨੁੱਖ ਜਾਮੇ ਅਤੇ ਜਨਮ ਦੀ ਕੇਵਲ ਇਸੇ ਗੱਲ ਵਿਚ ਹੈ ਕਿ ਘਟ ਨੂੰ ਖੋਜ ਕੇ ਉਸ ਗੁਪਤ ਪਦਾਰਥ ਨੂੰ ਲੱਭੇ ਅਤੇ ਪ੍ਰਗਟ ਕਰੇ ਕਿਉਂਕਿ

ਇਹ ਮਨੁੱਖ ਜਨਮ ਵਾਲਾ ਅਉਸਰ ਫੇਰ ਹੱਥ ਨਹੀਂ ਔਣਾ। ਬਸ, ਇਸ ਗੁਪਤ ਅਮੋਲਕ ਪਦਾਰਥ ਦੇ ਲਾਧੇ ਬਿਨਾਂ ਮਨੁੱਖਾ ਜਨਮ ਦਾ ਇਹ ਅਉਸਰ ਐਵੇਂ ਆਵਾਗਉਣ ਹੀ ਜਾਏਗਾ। ਅਜਿਹੇ ਅਜਾਈਂ ਜਾਣ ਵਾਲੇ ਆਦਮੀ ਦੇ ਆਕਾਰ ਜਿਹੇ ਹੀ ਹੋਰ ਸਭ ਆਕਾਰ ਹਨ, ਜੇ ਇਸ ਵਿਚ ਓਹ ਗੁਣ ਪ੍ਰਗਟ ਨਹੀਂ ਹੋਏ। ਕਿਉਂਕਿ ਗੁਪਤ ਦਸ਼ਾ ਅੰਦਰ ਤਾਂ ਉਹ ਗੁਣਾਂ ਮਈ ਸਰਬ ਵਿਆਪਕ ਅਕਾਲੀ ਸਰੂਪ (ਜੋਤ) ਸਾਰੇ ਵਿਆਪਕ ਹੈ : ਜਲਾਂ, ਥਲਾਂ, ਦੀਪਾਂ, ਲੋਆਂ, ਆਕਾਰਾਂ, ਮੰਡਲਾਂ, ਖੰਡਾਂ ਅਤੇ ਬ੍ਰਹਮੰਡਾਂ ਵਿਖੇ ਬਰਾਜਮਾਨ ਹੈ। ਜੇਹੇ ਹੋਰ ਕਾਗਜ਼ਾਂ ਦੇ ਭਾਰ ਪਏ ਹਨ ਤੇਹੇ ਇਨ੍ਹਾਂ ਆਦਮੀਆਂ ਦੇ ਆਕਾਰ ਭੀ ਪਏ ਆਵਾ-ਗਵਨ ਵਿਖੇ ਰੁਲਦੇ ਫਿਰਦੇ ਹਨ। ਬਿਨਾਂ ਗੁਣ ਸਭੇ ਆਕਾਰ ਐਵੇਂ ਛਾਰ ਦੀ ਢੇਰੀ ਹਨ। ਕਿਸੇ ਲੇਖੇ ਨਹੀਂ, ਨਿਰੇ ਨਿਕੰਮੇ ਹਨ, ਪਰੰਤੂ ਧੰਨ ਹਨ ਓਹ ਕਾਗਜ਼ ਰੂਪੀ ਪਵਿੱਤਰ ਆਕਾਰ ਜਿਥੇ ਉਹ ਗੁਣ ਪ੍ਰਗਟ ਹੋਏ ਅਤੇ ਧੰਨ ਹਨ ਉਹ ਮਾਨਵੀ ਆਕਾਰ ਰੂਪੀ ਘਟ (ਹਿਰਦੇ) ਜਿਥੇ ਆਣ ਕੇ ਉਹ ਗੁਣ ਵੁਠੇ।

**ਛੋਟਾ ਡਾਕਟਰ** : ਬੇਸ਼ਕ, ਉਹਨਾਂ ਅਸਲੀ ਗੁਣਾਂ ਤੋਂ ਬਿਨਾਂ ਇਹਨਾਂ ਦ੍ਰਿਸ਼ਮਾਨ ਦਿਖਾਵੇ ਦੇ ਨਕਲੀ ਗੁਣਾਂ ਵਾਲੇ ਆਕਾਰ ਕਿਸੇ ਲੇਖੇ ਨਹੀਂ, ਓਹ ਆਕਾਰ ਚਾਹੇ ਆਦਮੀ ਦੇ ਹੋਣ ਚਾਹੇ ਕਾਗਜ਼ਾਂ ਦੇ।

**ਵੱਡਾ ਡਾਕਟਰ** : (ਛੋਟੇ ਡਾਕਟਰ ਨੂੰ ਸੌਹੇਂ ਹੋ ਕੇ) ਏਹ ਤਾਂ ਆਪ ਆਪਣੀ ਜ਼ਬਾਨੀ ਮੰਨ ਚੁੱਕੇ ਹੋ ਕਿ ਆਦਮੀ ਦੇ ਨਿਰੇ ਕਾਰੰਗੇ ਰੂਪੀ ਆਕਾਰ ਨੂੰ ਕੋਈ ਵਡਿਆਈ ਨਹੀਂ।

**ਵੱਡਾ ਡਾਕਟਰ** : ਪਰ ਆਦਮੀਅਤ (ਇਨਸਾਨੀਅਤ) ਵਾਲੇ ਗੁਣਾਂ ਸਹਿਤ ਤਾਂ ਆਦਮੀ ਅਰਥਾਤ ਇਨਸਾਨ ਦਾ ਆਕਾਰ ਵਡਿਆਈ ਯੋਗ ਹੈ, ਇਸ ਗੱਲ ਨੂੰ ਤਾਂ ਆਪਦੇ ਪਰਸਨਲ ਅਸਿਸਟੈਂਟ (ਸਿੰਘ ਹੋਰੀਂ) ਭੀ ਮੰਨਦੇ ਹਨ। ਆਪ ਐਵੇਂ ਨਿਕੰਮੀ ਰਿਆਇਤ ਏਹਨਾਂ ਦੀ ਕਰਦੇ ਹੋ ਅਤੇ ਇਹਨਾਂ ਦੇ ਧੀਂਗੋ ਧੀਂਗੀਂ ਦੇ ਪਰਸਨਲ ਅਸਿਸਟੈਂਟ ਬਣਦੇ ਹੋ, ਬੜਾ ਹੈਰਾਨ ਤਾਂ ਮੈਂ ਇਸ ਗੱਲ ਤੋਂ ਹੋ ਰਿਹਾ ਹਾਂ ਕਿ ਆਦਮੀ ਨੂੰ ਆਪ ਐਵੇਂ ਨਕਲੀ ਦਿਖਾਵੇ ਦੇ ਗੁਣਾਂ ਵਾਲਾ ਹੀ ਦੱਸਦੇ ਹੋ।

**ਸਿੰਘ** : ਨਕਲੀ ਕੀ ! ਆਦਮੀ ਦੇ ਗੁਣਾਂ ਦੀ ਅਸਲੀਅਤ ਜੋ ਆਪ ਨੂੰ ਜਾਪਦੀ ਹੈ, ਐਵੇਂ ਆਪ ਨੂੰ ਵਹਿਮ ਚਿਮੜਿਆ ਹੋਇਆ ਹੈ ਅਰ ਭੁਲੇਖਾ ਲੱਗਾ ਹੋਇਆ ਹੈ।

**ਵੱਡਾ ਡਾਕਟਰ** : ਕਿਆ ਆਦਮੀ ਦੇ ਗੁਣਾਂ ਦੀ ਕੋਈ ਅਸਲੀਅਤ (reality) ਹੀ ਨਹੀਂ ?

**ਸਿੰਘ** : ਜੇ ਹੈ ਤਾਂ ਭਲਾ ਦੱਸੋ ?

**ਵੱਡਾ ਡਾਕਟਰ** : ਬੇਸ਼ਕ ਆਦਮੀ ਦੇ ਗੁਣ ਅਸਲੀ (real) ਹਨ, ਆਪ ਦੇ ਕਹੇ ਤੇ ਬੇਅਸਲ (unreal) ਨਹੀਂ ਬਣ ਸਕਦੇ।

**ਸਿੰਘ** : ਭਲਾ ਗੁਣਾਂ ਦੇ ਅਸਲੀ ਹੋਣ ਦੀ ਆਪ ਦੇ ਪਾਸ ਕੀ ਪਛਾਣ ਹੈ ਅਤੇ ਅਸਲੀ ਗੁਣਾਂ ਦੀ ਆਪ ਤਾਰੀਫ਼ (definition) ਕੀ ਕਰਦੇ ਹੋ ?

**ਵੱਡਾ ਡਾਕਟਰ** : ਅਸਲੀ ਗੁਣਾਂ ਦੀ ਮੁੱਖ ਪਛਾਣ ਇਹ ਹੈ ਕਿ ਉਹ ਸੱਚੀ (true, real or genuine) ਹਸਤੀ (existence) ਵਾਲੇ ਹੁੰਦੇ ਹਨ।

ਸਿੰਘ : ਸੱਚੀ ਹਸਤੀ (true or real existence) ਤੋਂ ਆਪ ਦਾ ਕੀ ਭਾਵ ਹੈ ?

ਵੱਡਾ ਡਾਕਟਰ : ਸੱਚੀ ਹਸਤੀ ਉਹ ਹੈ ਜੋ ਝੂਠੀ ਖ਼ਿਆਲੀ ਵਹਿਮੀ ਹਸਤੀ (untrue imaginary or fictitious existence) ਨਾ ਹੋਵੇ ਅਤੇ ਜਿਸ ਦੀ ਅਸਲੀਅਤ ਅਥਵਾ ਬੁਨਿਆਦ (reality or foundation) ਹੋਵੇ।

ਸਿੰਘ : ਇਹ ਤਾਂ ਮੁੜ ਘਿੜ ਕੇ ਆਪ ਓਥੇ ਹੀ ਗੇੜਾ ਖਾਈ ਜਾਂਦੇ ਹੋ, ਕਿਸੇ ਠੀਕ ਰਸਤੇ ਤੁਰੋ।

ਵੱਡਾ ਡਾਕਟਰ : ਮੈਂ ਤਾਂ ਆਪਣੇ ਜਾਣੇ ਠੀਕ ਹੀ ਜਾਨਾ ਹਾਂ ਏਦੂੰ ਵਧ ਕੇ ਹੋਰ ਮੈਂ ਕੀ ਦੱਸ ਸਕਦਾ ਹਾਂ। ਭਲਾ ਆਪ ਹੀ ਅਛੂੰ ਨਿਖਾਰ ਦਿਓ ਕਿ ਸੱਚੀ ਹਸਤੀ ਹੋਰ ਕਿਸ ਨੂੰ ਆਖਦੇ ਹਨ ?

ਸਿੰਘ : ਸੱਚੀ ਹਸਤੀ ਦੀ ਮੁੱਖ ਪਛਾਣ ਇਹ ਹੈ ਕਿ ਉਹ ਆਪਣੇ ਨਿਜ ਸਰੂਪ (ਜ਼ਾਤ) ਵਿਚ ਆਪੋਂ ਹੀ ਅਸਥਿਤ ਅਰਥਾਤ ਕਾਇਮ-ਅਲਜ਼ਾਤ (self existent) ਹੁੰਦੀ ਹੈ।

ਵੱਡਾ ਡਾਕਟਰ : ਕੀ ਆਦਮੀ ਦੇ ਗੁਣ ਐਸੀ ਹਸਤੀ ਵਾਲੇ ਨਹੀਂ।

ਸਿੰਘ : ਕਦਾਚਿਤ ਨਹੀਂ (ਹਰਗਿਜ਼ ਨਹੀਂ)।

ਵੱਡਾ ਡਾਕਟਰ : ਭਲਾ ਕਿਸ ਤਰ੍ਹਾਂ ?

ਸਿੰਘ : ਆਪਣੀ ਜ਼ਾਤ ਵਿਚ ਆਪੇ ਕਾਇਮ ਹਸਤੀ ਓਹ ਹੁੰਦੀ ਹੈ ਜਿਸ ਦਾ ਅਗਾਹਾਂ ਹੋਰ ਕੋਈ ਆਸਰਾ (support) ਨਾ ਹੋਵੇ, ਪਰੰਤੂ ਆਪ ਦਾ 'ਆਦਮੀ ਦੇ ਗੁਣ' ਰੂਪੀ ਪਦ (phrase) ਉਚਾਰਨਾ ਹੀ ਦੱਸਦਾ ਹੈ ਕਿ ਆਪ ਦੇ ਕਲਪਤ ਗੁਣਾਂ ਦਾ ਆਸਰਾ 'ਆਦਮੀ' ਹੈ, ਸੋ ਜੇ ਤਾਂ ਆਪ ਉਕਤ ਕਲਪੇ ਗੁਣਾਂ ਨੂੰ ਆਦਮੀ ਰੂਪੀ ਆਸਰੇ ਤੋਂ ਭਿੰਨ ਮੰਨਦੇ ਹੋ ਤਦ ਤਾਂ ਆਪ ਦੇ ਗੁਣ ਅਸਲੀ ਕੋਈ ਨਹੀਂ ਅਤੇ ਜੇ ਉਹ ਗੁਣ ਆਪ ਦੇ ਮੰਨਣ ਅੰਦਰ ਅਰਥਾਤ ਉਕਤ ਆਸਰੇ ਤੋਂ ਭਿੰਨ ਨਹੀਂ ਤਦ ਸਚਮੁੱਚ ਉਹ ਗੁਣ ਅਸਲੀ ਹਨ ਅਰਥਾਤ ਜੇ ਤਾਂ ਆਪ ਦੇ ਉਚੇਰੇ 'ਆਦਮੀ ਦੇ ਗੁਣ' ਰੂਪੀ ਪਦ (phrase) ਤੋਂ ਭਾਵ 'ਆਦਮੀ' ਰੂਪੀ ਗੁਣ ਹੈ, ਤਦ ਤਾਂ ਆਪ ਦੇ ਕਲਪੇ ਗੁਣ ਅਸਲ ਹੋ ਸਕਦੇ ਹਨ, ਪਰੰਤੂ ਜੇ ਇਸ ਤੋਂ ਭਿੰਨ ਆਪ ਦਾ ਕੋਈ ਹੋਰ ਭਾਵ ਹੈ ਤਦ ਆਪ ਦੇ ਕਲਪੇ ਗੁਣਾਂ ਦੀ ਕੋਈ ਅਸਲੀਅਤ ਨਹੀਂ ਹੋ ਸਕਦੀ।

ਵੱਡਾ ਡਾਕਟਰ : ਆਦਮੀ ਦੇ ਤਾਂ ਉਹ ਗੁਣ ਹਨ, ਜੇ ਆਦਮੀ ਅਤੇ ਗੁਣ ਇਕ ਮਿਕ ਕਰ ਦਿੱਤੇ ਜਾਣ ਤਾਂ ਗੁਣ ਤਾਂ ਫੇਰ ਕੋਈ ਨਾ ਰਿਹਾ।

ਸਿੰਘ : ਤਾਂ ਫਿਰ ਆਦਮੀ ਦਾ ਹੀ ਅਭਾਵ ਕਰ ਦਿਓ।

ਵੱਡਾ ਡਾਕਟਰ : ਇਸ ਸੂਰਤ ਵਿਚ ਫੇਰ ਗੁਣ ਕੀਹਦੇ ਰਹਿਣਗੇ ?

ਸਿੰਘ : ਆਪ ਕੀਹਦੇ ਰੱਖਣਾ ਚਾਹੁੰਦੇ ਹੋ ?

ਵੱਡਾ ਡਾਕਟਰ : (ਖਿਝ ਕੇ) ਆਦਮੀ ਦੇ ਹੋਰ ਕੀਹਦੇ ? ਆਦਮੀ ਦੇ ਗੁਣਾਂ ਦਾ ਤਾਂ ਜ਼ਿਕਰ ਹੀ ਚੱਲ ਰਿਹਾ ਹੈ।

ਸਿੰਘ : ਜਿਵੇਂ ਰੱਖਣੇ ਹਨ ਰੱਖ ਲਓ। ਕਿਵੇਂ ਰੱਖੋ ਭੀ।

ਵੱਡਾ ਡਾਕਟਰ : ਇਉਂ ਤਾਂ ਕਿਵੇਂ ਭੀ ਨਹੀਂ ਰਹਿੰਦੇ। ਕਿਉਂਕਿ ਗੁਣ ਕੇਵਲ ਆਦਮੀ ਦੇ ਹੀ ਆਸਰੇ ਹਨ।

**ਸਿੰਘ** : ਤਦ ਫੇਰ ਐਉਂ ਕਹੋ ਕਿ ਇਨ੍ਹਾਂ ਦਾ ਆਪਣਾ **ਆਲੰਭ** ਆਸਰਾ ਅਰਥਾਤ ਅਸਲਾ ਕੋਈ ਨਹੀਂ।

**ਵੱਡਾ ਡਾਕਟਰ** : ਕੋਈ ਕਿਉਂ ਨਹੀਂ, ਆਸਰਾ ਤਾਂ ਇਨ੍ਹਾਂ ਦਾ ਚੰਗਾ ਭਲਾ ਹੈ।

**ਸਿੰਘ** : ਉਹ ਕੇਹੜਾ ?

**ਵੱਡਾ ਡਾਕਟਰ** : ਖ਼ੁਦ ਆਦਮੀ।

**ਸਿੰਘ** : ਆਦਮੀ ਨੂੰ ਉਨ੍ਹਾਂ ਗੁਣਾਂ ਤੋਂ ਭਿੰਨ ਸਰੂਪ ਸਮਝਦੇ ਹੋ ਕਿ ਓਹੋ ਸਰੂਪ ਹੀ ਆਦਮੀ ਦਾ ਹੈ ਜੋ ਗੁਣਾਂ ਦਾ ?

**ਵੱਡਾ ਡਾਕਟਰ** : ਇਸ ਦੇ ਨਿਰਣੇ ਦੀ ਏਥੇ ਕੀ ਲੋੜ ਹੈ ?

**ਸਿੰਘ** : ਗੁਣਾਂ ਦੇ ਅਸਲੇ (ਅਸਲੀਅਤ) ਦੇ ਪਰਖਣ ਵਾਲੇ ਨਿਰਣੇ ਦੀ ਜੋ ਲੋੜ ਪਈ।

**ਵੱਡਾ ਡਾਕਟਰ** : ਅਸਲਾ ਤਾਂ ਮੈਂ ਆਪ ਨੂੰ ਦੱਸ ਦਿੱਤਾ ਕਿ ਉਨ੍ਹਾਂ ਦਾ ਹੈ।

**ਸਿੰਘ** : ਪਰ ਅਸਲੇ ਨੂੰ ਹੁਣ ਪਰਖਣਾ ਜੋ ਹੋਇਆ।

**ਵੱਡਾ ਡਾਕਟਰ** : ਆਪ ਦੇ ਪਰਖਣ ਦਾ ਢੰਗ ਹੀ ਕੁਝ ਅਜੀਬ ਹੈ।

**ਸਿੰਘ** : ਆਪ ਹੋਰ ਕਿਸ ਤਰ੍ਹਾਂ ਪਰਖਣਾ ਲੋੜਦੇ ਹੋ ?

**ਵੱਡਾ ਡਾਕਟਰ** : ਬਸ, ਜਿਸ ਚੀਜ਼ ਦਾ ਅਸਲਾ ਹੋਵੇ ਉਹ ਚੀਜ਼ ਅਸਲ ਹੈ ਅਤੇ ਜਿਸ ਦਾ ਕੋਈ ਅਸਲਾ ਨਾ ਹੋਵੇ ਉਹ ਬੇ-ਅਸਲ ਹੈ। ਸੋ ਇਹ ਮੈਂ ਆਪ ਨੂੰ ਦੱਸ ਹੀ ਦਿੱਤਾ ਕਿ ਗੁਣਾਂ ਦਾ ਅਸਲਾ ਜ਼ਰੂਰ ਹੈ। ਸੋ ਗੁਣਾਂ ਦੇ ਅਸਲੇ ਦੇ ਹੋਣ ਦਾ ਸਬੂਤ ਗੁਣਾਂ ਦੀ ਅਸਲੀਅਤ ਪਰਖਣ ਹਿਤ ਕਾਫ਼ੀ ਪਰਖ ਹੈ।

**ਸਿੰਘ** : ਪਰੰਤੂ ਨਿਰਾ ਉਸ ਅਸਲੇ ਦੇ ਹੋਣ (mere assumption) ਵਾਲਾ ਹੁੰਗਾਰਾ ਭਰ ਦੇਣ ਦਾ ਕੀ ਸੁਬੇਹਤਾ ਹੈ ਜਦ ਤਾਈਂ ਉਸ ਅਸਲੇ ਨੂੰ ਨਾ ਪਰਖ ਲਿਆ ਜਾਏ।

**ਵੱਡਾ ਡਾਕਟਰ** : ਇਹ ਤਾਂ ਬਾਲ ਵਿਚੋਂ ਖਾਲ ਨਿਕਾਲਣ ਵਾਲੀ ਗੱਲ ਹੈ। ਭਲਾ, ਹੁਣ ਅਸਲੇ ਨੂੰ ਆਪ ਕਿਕੂੰ ਪਰਖੋਗੇ ?

**ਸਿੰਘ** : ਦੋ ਤਰੀਕਿਆਂ ਨਾਲ, ਇਕ ਤਾਂ ਇਉਂ ਪਰਖਣਾ ਹੈ, ਕਿ ਸਚਮੁੱਚ ਉਸ ਅਸਲੇ ਦਾ ਕੋਈ ਅਸਲੀ ਵਜੂਦ ਹੈ ਭੀ ਕਿ ਐਵੇਂ ਕਲਪਨਾ ਹੀ ਹੈ। ਦੂਜੇ ਇਉਂ ਕਿ ਜੇ ਭਲਾ ਉਸ ਅਸਲੇ ਦਾ ਕੋਈ ਵਜੂਦ ਹੈ ਤਦ ਕੀ ਉਸ ਦਾ ਸਰੂਪ ਗੁਣਾਂ ਦੇ ਸਰੂਪ ਤੋਂ ਭਿੰਨ ਤਾਂ ਨਹੀਂ।

**ਵੱਡਾ ਡਾਕਟਰ** : ਪਹਿਲੀ ਗੱਲ ਤਾਂ ਸਾਫ਼ ਹੈ, ਇਸ ਦੇ ਪਰਖਣ ਦੀ ਕੋਈ ਲੋੜ ਨਹੀਂ ਕਿਉਂਕਿ ਆਦਮੀ ਪ੍ਰਤੱਖ ਮੌਜੂਦ ਹੈ, ਪਰੰਤੂ ਦੂਜੀ ਗੱਲ ਵਿਚ ਕੁਛ ਗੁੰਝਲ ਹੈ, ਸੋ ਇਕ ਅਣਹੋਈ ਜਿਹੀ ਗੱਲ ਜਾਪਦੀ ਹੈ।

**ਸਿੰਘ** : ਅਣਹੋਈ ਕਿਸ਼ ਤਰ੍ਹਾਂ ?

**ਵੱਡਾ ਡਾਕਟਰ** : ਐਹੋ ਹੀ ! ਕਿ ਗੁਣਾਂ ਦਾ ਸਰੂਪ ਆਦਮੀ ਦੇ ਸਰੂਪ ਜੇਹਾ ਹੀ ਹੋਵੇ।

**ਸਿੰਘ** : ਤਾਂ ਕੀ ਆਪ ਨੂੰ ਭਿੰਨ ਭਾਸਦਾ ਹੈ ?

**ਵੱਡਾ ਡਾਕਟਰ** : ਭਿੰਨ ਤਾਂ ਸਾਫ਼ ਹੀ ਹੈ।

**ਸਿੰਘ** : ਤਦ ਤਾਂ ਇਹ ਗੱਲ ਭੀ ਸਾਫ਼ ਹੈ ਕਿ ਓਹਦੇ ਗੁਣਾਂ ਦਾ ਅਸਲਾ ਕੋਈ ਨਹੀਂ ਕਿਉਂਕਿ ਕਿਸੇ ਚੀਜ਼ ਦਾ ਸਰੂਪ ਆਪਣੇ ਅਸਲੇ ਤੋਂ ਭਿੰਨ ਨਹੀਂ ਹੁੰਦਾ ਸਗੋਂ ਐਨ ਅਸਲੇ ਜੇਹਾ ਹੀ ਹੁੰਦਾ ਹੈ।

**ਵੱਡਾ ਡਾਕਟਰ** : ਐਨ ਓਹੋ ਜੇਹੇ ਸਰੂਪ ਵਾਲੀ ਚੀਜ਼ ਤਾਂ ਬਸ ਕੇਵਲ ਓਹੋ ਹੀ ਹੋ ਸਕਦੀ ਹੈ।

**ਸਿੰਘ** : ਬਸ ਏਹੋ ਹੀ ਉਸ ਦੀ ਅਸਲ ਹਸਤੀ ਦੇ ਹੋਣ ਦਾ ਸਬੂਤ ਹੈ।

**ਵੱਡਾ ਡਾਕਟਰ** : ਪਰ ਮੇਰੇ ਨਿਕਟ ਜੋ ਗੁਣਾਂ ਦੀ ਅਸਲ ਹਸਤੀ ਦੀ ਤਾਰੀਫ਼ (definition) ਮੰਨੀ ਹੋਈ ਹੈ, ਉਹ ਇਉਂ ਨਹੀਂ, ਹੋਰੂੰ ਹੀ ਹੈ।

**ਸਿੰਘ** : ਭਲਾ ਹੋਰੂੰ ਕਿਵੇਂ ਆਪ ਮੰਨਦੇ ਹੋ, ਆਪ ਨੇ ਪਹਿਲਾਂ ਹੀ ਕਿਉਂ ਨਾ ਦੱਸ ਦਿੱਤਾ ?

**ਵੱਡਾ ਡਾਕਟਰ** : ਬਸ, ਏਸ ਤੋਂ ਵਧ ਕੇ ਆਦਮੀ ਦੇ ਗੁਣਾਂ ਦੀ ਅਸਲੀ ਹਸਤੀ ਦੀ ਪਛਾਣ ਕੀ ਹੋ ਸਕਦੀ ਹੈ ਕਿ ਉਹ ਗੁਣ ਸਚਮੁੱਚ ਆਦਮੀ ਦੇ ਅੰਦਰ ਹਨ, ਆਦਮੀ ਦੇ ਅੰਦਰ ਗੁਣਾਂ ਦਾ ਹੋਣਾ ਹੀ ਗੁਣਾਂ ਦੀ ਅਸਲ ਹਸਤੀ ਦੀ ਪੂਰੀ ਪਛਾਣ ਹੈ।

**ਸਿੰਘ** : ਚਾਹੇ ਉਹ ਗੁਣ ਬੁਰੇ ਹੋਣ ਚਾਹੇ ਅੱਛੇ ਹੋਣ ?

**ਵੱਡਾ ਡਾਕਟਰ** : ਆਦਮੀ ਦੇ ਗੁਣ ਬੁਰੇ ਹੁੰਦੇ ਹੀ ਨਹੀਂ, ਅੱਵਲ ਤਾਂ 'ਗੁਣ' ਦਾ ਪਦ ਹੀ ਦੱਸਦਾ ਹੈ ਕਿ ਉਹ ਕਦਰ ਕੀਮਤ (worth and value) ਵਾਲੀ ਅੱਛੀ ਵਸਤੂ ਹੀ ਹੁੰਦੇ ਹਨ।

**ਸਿੰਘ** : ਜਿਸ ਭਾਵ (sense) ਵਿਚ ਗੁਣਾਂ (qualities) ਦੀ ਵਿਆਖਿਆ (expound) ਕਰਨ ਦਾ ਆਪ ਦਾ ਹੁਣ ਦਾ ਵਤੀਰਾ (method) ਹੈ, ਉਸ ਅਨੁਸਾਰ ਕੀ ਆਪ ਗੁਣਾਂ ਦੀ ਕੋਈ ਪਾਰਖੂ ਅੰਸ਼ (distinguishing elements) ਭੀ ਮੰਨਦੇ ਹੋ ਕਿ ਨਹੀਂ ?

**ਵੱਡਾ ਡਾਕਟਰ** : ਬਸ, ਗੁਣਾਂ ਦੀ ਪਾਰਖੂ ਅੰਸ਼ (distinguishing elements) ਏਹੋ ਹੀ ਹੈ ਕਿ ਇਨ੍ਹਾਂ ਕਰਕੇ ਆਦਮੀ ਦੀ ਪਰਖ ਹੁੰਦੀ ਹੈ।

**ਸਿੰਘ** : ਗੁਣਾਂ ਦੀ ਪਰਖ ਕੋਈ ਨਹੀਂ ?

**ਵੱਡਾ ਡਾਕਟਰ** : ਪਰਖ ਏਦੂੰ ਵਧ ਕੇ ਹੋਰ ਕੀ ਹੋਣੀ ਸੀ ਕਿ ਏਹ ਆਦਮੀ ਦੇ ਗੁਣ ਹਨ।

**ਸਿੰਘ** : ਕੀ ਆਪ ਇਸ ਗੱਲ ਨੂੰ ਨਹੀਂ ਮੰਨਦੇ ਕਿ ਕਈ ਆਦਮੀ ਘੱਟ ਗੁਣਾਂ ਵਾਲੇ ਹੁੰਦੇ ਹਨ ਅਤੇ ਕਈ ਵੱਧ ਗੁਣਾਂ ਵਾਲੇ। ਕਈ ਆਦਮੀ ਅੱਛੇ (ਭਲੇ) ਗੁਣਾਂ ਵਾਲੇ ਹੁੰਦੇ ਹਨ ਅਤੇ ਕਈ ਬੁਰੇ (ਭੈੜੇ) ਗੁਣਾਂ ਵਾਲੇ। ਮੇਰੇ ਖ਼ਿਆਲ ਵਿਚ ਆਪ ਇਸ ਗੱਲ ਨੂੰ ਮੰਨਣੋਂ ਮੁੱਕਰ ਨਹੀਂ ਸਕਦੇ ਕਿਉਂਕਿ ਜਿਥੇ ਆਪ ਆਦਮੀ ਦੇ ਗੁਣਾਂ ਲਈ ਕਦਰ ਕੀਮਤ (worth and value) ਵਾਲੇ ਪਦ ਵਰਤਦੇ ਹੋ ਉਥੇ ਆਦਮੀ ਦੇ ਗੁਣਾਂ ਦੀ ਪਰਖ ਮੰਨਣੀ ਪਊ !

**ਵੱਡਾ ਡਾਕਟਰ** : ਇਸ ਵਿਚ ਕੋਈ ਸ਼ੱਕ ਨਹੀਂ ਕਿ ਆਦਮੀ ਅੱਛੇ ਗੁਣਾਂ ਵਾਲੇ ਵੀ ਹੁੰਦੇ ਹਨ ਅਤੇ ਬੁਰੇ ਗੁਣਾਂ ਵਾਲੇ ਭੀ। ਅਤੇ ਵੱਖੋ-ਵੱਖ ਆਦਮੀਆਂ ਦੇ ਅੰਦਰ ਇਕ ਦੂਜੇ ਤੋਂ ਘੱਟ ਵੱਧ ਗੁਣ ਭੀ ਹੋਇਆ ਕਰਦੇ ਹਨ ਪਰੰਤੂ ਉਹਨਾਂ ਗੁਣਾਂ ਦੇ ਮਾੜੇ ਅੱਛੇ ਅਥਵਾ ਘੱਟ ਵੱਧ ਹੋਣ ਕਰਕੇ ਏਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਆਦਮੀ ਵਿਚ ਗੁਣ ਹੀ ਨਹੀਂ।

ਸਿੰਘ : ਅੱਛਾ, ਏਹ ਭੀ ਖ਼ੂਬ ਕਹੀ! ਮਾਨੋ ਬੁਰੇ ਗੁਣਾਂ ਨੂੰ ਭੀ ਆਪ ਹੁਣ ਗੁਣ ਸਮਝਣ ਲੱਗ ਪਏ ਹੋ, ਜਦ ਕਿ ਆਪ ਪਹਿਲਾਂ ਕਹਿ ਚੁੱਕੇ ਹੋ ਕਿ ਗੁਣ ਬੁਰੇ ਹੁੰਦੇ ਹੀ ਨਹੀਂ।

**ਵੱਡਾ ਡਾਕਟਰ** : (ਭਮੱਤਰ ਕੇ) ਨਹੀਂ, ਮੇਰਾ ਮਤਲਬ ਗੁਣਾਂ ਨੂੰ ਬੁਰੇ ਕਹਿਣ ਦਾ ਹੁਣ ਭੀ ਨਹੀਂ। ਕੇਵਲ ਭਾਵ ਏਹ ਹੈ ਕਿ ਕਈ ਆਦਮੀਆਂ ਵਿਚ ਅੱਛੇ ਗੁਣ ਹੁੰਦੇ ਹਨ ਅਤੇ ਕਈ ਆਦਮੀਆਂ ਵਿਚ ਘੱਟ ਅੱਛੇ ਹੁੰਦੇ ਹਨ।

ਸਿੰਘ : ਤਾਂ ਕੀ ਆਦਮੀ ਦਾ ਬੁਰੇ ਗੁਣਾਂ ਵਾਲਾ ਹੋਣਾ ਸੰਭਵ ਹੀ ਨਹੀਂ ?

**ਵੱਡਾ ਡਾਕਟਰ** : ਇਸ ਗੱਲ ਤੋਂ ਕਦੇ ਇਨਕਾਰ ਹੋ ਸਕਦਾ ਹੈ ?

ਸਿੰਘ : ਆਦਮੀ ਦੇ ਗੁਣਾਂ ਦੇ ਬੁਰਾ ਹੋਣ ਵਿਚ ਆਪ ਨੂੰ ਕਿਉਂ ਇਨਕਾਰ ਹੈ ?

**ਵੱਡਾ ਡਾਕਟਰ** : ਇਨਕਾਰ ਤਾਂ ਇਸ ਵਿਚ ਭੀ ਕੋਈ ਨਹੀਂ ਪਰ ਏਹ ਤਾਂ ਨਹੀਂ ਨਾ ਹੋ ਸਕਦਾ ਕਿ ਬੁਰੇ ਗੁਣਾਂ ਦੇ ਹੋਣ ਕਰ ਬੁਰੇ ਗੁਣਾਂ ਵਾਲੇ ਆਦਮੀ ਨੂੰ ਆਦਮੀ ਹੀ ਨਾ ਕਿਹਾ ਜਾਵੇ।

ਸਿੰਘ : ਨਾਉਂ ਤਾਂ ਆਪ ਨੇ ਜੋ ਧਰਨਾ ਹੈ ਤਾਂ ਜੀ ਸਦਕੇ ਬੁਰੇ ਗੁਣਾਂ ਵਾਲੇ ਦਾ ਭੀ ਆਦਮੀ ਹੀ ਨਾਉਂ ਧਰ ਲਵੋ। ਪਰ ਅਜਿਹੇ ਨਾਮ ਧਰੀਕ ਨਾਮ ਮਾਤਰ ਦੇ ਆਦਮੀ ਦੀ ਵਡਿਆਈ ਅਤੇ ਵਿਸ਼ੇਸ਼ਤਾ ਹੀ ਕੀ ?

**ਵੱਡਾ ਡਾਕਟਰ** : ਪਰ ਫੇਰ ਭੀ ਉਹ ਇਨਸਾਨ ਹੈ ਹੈਵਾਨ ਤਾਂ ਨਹੀਂ ਹੋ ਸਕਦਾ।

ਸਿੰਘ : ਖਾਸੀ ਕਹੀ! ਜੇ ਬੁਰੇ ਗੁਣਾਂ ਵਿਚ ਭੀ ਇਨਸਾਨੀਅਤ ਹੈ ਤਾਂ ਜਿਸ ਨੂੰ ਆਪ ਬੁਰੇ ਗੁਣਾਂ ਦੇ ਕਾਰਨ ਹੈਵਾਨ ਮੰਨਦੇ ਹੋ, ਉਸ ਹੈਵਾਨ ਨੂੰ ਭੀ ਇਨਸਾਨ ਕਿਉਂ ਨਹੀਂ ਮੰਨ ਲੈਂਦੇ, ਕਿਉਂਕਿ ਕਿਸੇ ਦੇ ਆਕਾਰ ਨੂੰ ਤਾਂ ਕੋਈ ਵਡਿਆਈ ਹੀ ਨਹੀਂ। ਏਹ ਤਾਂ ਆਪ ਪਹਿਲਾਂ ਹੀ ਮੰਨ ਚੁੱਕੇ ਹੋ, ਰਹਿ ਗਏ ਗੁਣ! ਸੋ ਗੁਣ ਚਾਹੇ ਕੇਹੇ ਜੇਹੇ ਹੀ ਹੋਣ, ਸਭਨਾਂ ਕਰਕੇ ਹੀ ਇਨਸਾਨੀਅਤ ਵਾਲੀ ਵਡਿਆਈ ਹੋ ਸਕਦੀ ਹੈ। ਭਾਵੇਂ ਚੰਗੇ ਭਾਵੇਂ ਮੰਦੇ। ਸੋ ਅਨੇਕਾਂ ਹਾਲਤਾਂ ਵਿਚ (ਨਜ਼ੀਰਾਂ ਅੰਦਰ) ਆਦਮੀਆਂ ਨਾਲੋਂ ਪਸ਼ੂਆਂ ਅੰਦਰ ਅੱਛੇ ਗੁਣ ਹੁੰਦੇ ਹਨ। ਨਾ ਭੀ ਹੋਣ ਤਦ ਭੀ ਪਸ਼ੂਆਂ ਦਾ ਨਾਉਂ ਆਦਮੀ ਅਤੇ ਹੈਵਾਨ ਦਾ ਨਾਉਂ ਇਨਸਾਨ ਧਰ ਲੈਣਾ ਕੋਈ ਐਬ ਨਹੀਂ। ਕਿਉਂਕਿ ਬੁਰੇ ਚੰਗੇ ਗੁਣਾਂ ਦੀ ਤਾਂ ਹੁਣ ਪਰਖ ਹੀ ਮਿਟ ਗਈ।

**ਵੱਡਾ ਡਾਕਟਰ** : ਅਸਲ ਬਾਤ ਇਹ ਹੈ ਕਿ ਇਨਸਾਨੀਅਤ ਤਾਂ ਅੱਛੇ ਗੁਣਾਂ ਕਰਕੇ ਹੀ ਹੋ ਸਕਦੀ ਹੈ ਅਤੇ ਅੱਛੇ ਗੁਣਾਂ ਵਾਲਾ ਆਦਮੀ ਹੀ ਇਨਸਾਨ ਕਹੇ ਜਾਣ ਦੇ ਯੋਗ ਹੈ ਪਰ ਹੈਵਾਨ ਫੇਰ ਭੀ ਹੈਵਾਨ ਹੈ, ਇਨਸਾਨ ਕਦੇ ਨਹੀਂ ਹੋ ਸਕਦਾ, ਚਾਹੇ ਇਨਸਾਨ ਵਾਲੇ ਗੁਣ ਉਸ ਵਿਚ ਕਿਉਂ ਨਾ ਹੋਣ।

ਸਿੰਘ : ਆਪ ਦੇ ਪਿਛਲੇ ਹਠ ਨੂੰ ਭਲਾ ਜੇ ਏਥੇ ਹੀ ਰਹਿਣ ਦਿੱਤਾ ਜਾਵੇ ਤਦ ਭੀ ਆਪ ਇਤਨੀ ਗੱਲ ਜੋ ਮੰਨੇ ਹੋ ਕਿ ਇਨਸਾਨ ਅੱਛੇ ਗੁਣਾਂ ਵਾਲੇ ਆਦਮੀ ਦਾ ਨਾਉਂ ਹੀ ਹੋ ਸਕਦਾ ਹੈ, ਸੋ ਹੁਣ ਮੈਨੂੰ ਏਤਨੀ ਗੱਲ ਤਾਂ ਕਿਰਪਾ ਕਰਕੇ ਦੱਸ ਦਿਉ ਕਿ ਬੁਰੇ ਗੁਣਾਂ ਵਾਲੇ ਆਦਮੀ ਨੂੰ ਤਾਂ ਇਨਸਾਨ ਨਹੀਂ ਨਾ ਕਹਿਣਾ ਚਾਹੀਦਾ ?

ਵੱਡਾ ਡਾਕਟਰ : ਹਾਂ, ਉਹ ਇਨਸਾਨ ਕਹੇ ਜਾਣ ਦੇ ਯੋਗ ਨਹੀਂ, ਪਰ ਉਸ ਨੂੰ ਹੈਵਾਨ ਭੀ ਨਹੀਂ ਨਾ ਕਹਿਣਾ ਚਾਹੀਦਾ।

ਸਿੰਘ : ਅੱਛਾ ਨਹੀਂ ਕਹਿੰਦੇ, ਅਸੀਂ ਹੈਵਾਨ ਕਹਿ ਕੇ ਕੀ ਲੈਣਾ ਹੈ, ਓਸ ਨੂੰ ਤਾਂ ਐਵੇਂ ਨਾਮ ਮਾਤਰ ਆਦਮੀ ਕਹਿ ਛੱਡੋ! ਇਸ ਗੱਲ ਦਾ ਤਾਂ ਛੱਡੋ ਖਹਿੜਾ, ਪਰ ਹੁਣ ਐਥੇ ਆਓ ਕਿ ਕੇਵਲ ਅੱਛੇ ਗੁਣਾਂ ਵਾਲੇ ਆਦਮੀ ਦਾ ਨਾਮ ਇਨਸਾਨ ਹੈ।

ਵੱਡਾ ਡਾਕਟਰ : ਹਾਂ, ਬੇਸ਼ਕ ਇਹ ਤਾਂ ਹੁਣ ਐਨ ਠੀਕ ਹੈ ਕਿ ਅੱਛੇ ਗੁਣਾਂ ਵਾਲਾ ਆਦਮੀ ਹੀ ਇਨਸਾਨ ਹੈ।

ਸਿੰਘ : ਪਰ ਅੱਛੇ ਗੁਣਾਂ ਦੇ ਪਰਖਣ ਦੀ ਕਸਵੱਟੀ ਆਪ ਦੇ ਪਾਸ ਕੀ ਹੈ ?

ਵੱਡਾ ਡਾਕਟਰ : ਬਸ, ਅੱਛੇ ਗੁਣ ਉਹ ਹਨ ਜੋ ਆਦਮੀ ਲਈ ਲਾਭਦਾਇਕ ਹੋਣ।

ਸਿੰਘ : ਲਾਭ ਦਾ ਆਪ ਕੀ ਸਰੂਪ ਮੰਨਦੇ ਹੋ ਅਰਥਾਤ ਆਦਮੀ ਦਾ ਲਾਭ ਆਪ ਕੇਹੜੀ ਗੱਲ ਵਿਚ ਜਾਣਦੇ ਹੋ।

ਵੱਡਾ ਡਾਕਟਰ : ਲਾਭ, ਬਸ ਓਸੇ ਗੱਲ ਵਿਚ ਹੈ ਜੋ ਆਦਮੀ ਦੇ ਕੰਮ ਆਵੇ।

ਸਿੰਘ : ਆਦਮੀ ਦੇ ਕੰਮ ਕਿਹੜੇ ਹਨ ?

ਵੱਡਾ ਡਾਕਟਰ : ਕਈ ਪ੍ਰਕਾਰ ਦੇ ਕੰਮ ਹੁੰਦੇ ਹਨ ਕੋਈ ਇਕ ਕੰਮ ਥੋੜਾ ਹੈ।

ਸਿੰਘ : ਨਾ ਮੈਨੂੰ ਕੇਵਲ ਓਹੋ ਕੰਮ ਦੱਸੋ ਜਿਸ ਵਿਚ ਆਦਮੀ ਦਾ ਲਾਭ (ਭਲਾ) ਹੈ।

ਵੱਡਾ ਡਾਕਟਰ : ਏਹ ਆਪ ਨੂੰ ਕੀ ਦੱਸੀਏ ਕੋਈ ਆਦਮੀ ਕਿਸੇ ਕੰਮ ਅੰਦਰ ਲਾਭ (ਭਲਾ) ਸਮਝਦਾ ਹੈ, ਕੋਈ ਕਿਸੇ ਅੰਦਰ, ਆਪਣੇ ਆਪਣੇ ਅਨੁਮਾਨ (point of view) ਅਨੁਸਾਰ ਹੈ।

ਸਿੰਘ : ਤਦ ਭਲੇ ਕੰਮ ਦੀ ਕੋਈ ਪਰਖ ਨਾ ਹੋਈ। ਚੋਰ ਚੋਰੀ ਕਰਨ ਨੂੰ ਹੀ ਭਲਾ (ਅੱਛਾ) ਅਨੁਮਾਨ ਕਰਦੇ ਹਨ। ਠੱਗ ਠੱਗੀ ਕਰਨ ਨੂੰ ਹੀ ਅੱਛਾ ਸਮਝਦੇ ਹਨ, ਜੇ ਆਪੋ-ਆਪਣੇ ਅਨੁਮਾਨ ਉੱਤੇ ਹੀ ਭਲੇ ਕੰਮ ਦੀ ਪਛਾਣ ਰਹਿਣ ਦੇਈਏ ਤਾਂ ਆਪ ਦੀ ਭਲਿਆਈ ਦਾ ਨਾਮ ਨਿਸ਼ਾਨ ਭੀ ਨਹੀਂ ਰਹਿਣਾ ਅਤੇ ਨਾ ਹੀ ਅੱਛੇ ਆਦਮੀ ਦੀ ਪਰਖ ਹੀ ਆਪ ਨੂੰ ਲੱਭਣੀ ਹੈ।

ਵੱਡਾ ਡਾਕਟਰ : ਆਪ ਤਾਂ ਹੁਣ ਅਚਾਰ ਵਿਦਿਯਾ (ਇਲਮੇ ਇਖ਼ਲਾਕ, ethics) ਦਾ ਛੇੜ, ਛੇੜ ਬੈਠੇ, ਮੈਂ ਤਾਂ ਕੇਵਲ ਆਪ ਨੂੰ ਏਤਨਾ ਹੀ ਦੱਸ ਸਕਦਾ ਹਾਂ ਕਿ ਲਾਭਦਾਇਕ ਕੰਮ ਉਹ ਹੁੰਦਾ ਹੈ ਜੋ ਸੰਸਾਰ ਵਿਚ ਇਨਸਾਨ ਲਈ ਕੰਮ ਆਵੇ।

ਸਿੰਘ : ਅਤੇ ਅੱਗੇ ਲਈ ਆਵੇ ਭਾਵੇਂ ਨਾ ਆਵੇ ?

ਵੱਡਾ ਡਾਕਟਰ : ਅੱਗਾ ਭੀ ਕੋਈ ਚੀਜ਼ ਹੈ ਅਤੇ ਅੱਗੇ ਨੂੰ ਕੰਮ ਆਉਣ ਵਾਲੇ ਭੀ ਕੋਈ ਕੰਮ ਹੁੰਦੇ ਹਨ ?

ਸਿੰਘ : ਉਹ ਕੰਮ ਹੀ ਕਾਹਦੇ ਹਨ ਜੋ ਅੱਗੇ ਲਈ ਕੰਮ ਨਾ ਆਉਣ। ਤਾਂ ਹੀ ਤਾਂ ਸਾਰੇ ਸੰਸਾਰਕ ਕੰਮ ਗੁਣ ਬਿਹੂਣ ਹਨ, ਕਿਸੇ ਲੇਖੇ ਨਹੀਂ, ਜੋ ਅੱਗੇ ਨੂੰ ਕੰਮ ਤਾਂ ਕੀ ਆਉਣੇ ਸੀ ਸਗੋਂ ਅੱਗਾ ਹੀ ਵਿਸਾਰ ਦਿੰਦੇ ਹਨ, ਅੱਗੇ ਦਾ ਅਨੁਮਾਨ ਨਹੀਂ ਆਉਣ ਦਿੰਦੇ। ਉਹ ਕੰਮ ਕਿਸ ਲੇਖੇ ਹਨ, ਜਿਹੜੇ ਐਥੇ ਦੇ ਐਥੇ ਹੀ ਛੱਡ ਜਾਣੇ ਹਨ ਅਤੇ ਅੱਗੇ

ਨੂੰ ਕੰਮ ਨਹੀਂ ਆਉਣੇ। ਅਤੇ ਉਹ ਆਦਮੀ ਹੀ ਕੀ ਹੈ ਜਿਸ ਦੇ ਅੰਦਰ ਆਪਣਾ ਅੱਗਾ ਸਵਾਰਨ ਦੇ ਗੁਣ ਨਹੀਂ। ਅਜਿਹਾ ਗੁਣ ਬਿਹੂਣ ਆਦਮੀ ਸ੍ਰਿਸ਼ਟੀ ਤੇ ਆਇਆ ਜੇਹਾ ਨਾ ਆਇਆ, ਜੇ ਆਇਆ ਤਾਂ ਬਿਨਾਂ ਅੱਗਾ ਅਤੇ ਅੱਗੇ ਵਾਲੇ ਗੁਣ ਬੁਝਣ ਦੇ ਪਸ਼ੂ ਢੋਰ ਗਵਾਰ ਹੀ ਹੈ! ਕਿਸ ਲੇਖੇ ਹੈਨ ਉਸ ਦੀ ਅਕਲ, ਸਮਝ, ਬੁੱਧੀ ਆਦਿਕ ਗੁਣ। ਜਿਸ ਅਕਲ ਨੇ ਆਪਣਾ ਅੱਗਾ ਨਹੀਂ ਚਿਤਵਿਆ ਅਤੇ ਨਾ ਹੀ ਅੱਗਾ ਸਵਾਰਨ ਦੇ ਗੁਣ ਚਿਤਵੇ, ਉਸ ਅਕਲ ਦੇ ਆਦਮੀ ਨੂੰ ਬੇਅਕਲ ਕਹਿਣਾ ਹੀ ਠੀਕ ਹੈ। ਜਿਸ ਸਮਝ ਨੇ ਇਹ ਨਹੀਂ ਸਮਝਿਆ ਕਿ ਅੱਗਾ ਕੀ ਹੈ, ਉਸ ਸਮਝ ਦੇ ਮਾਲਕ ਆਦਮੀ ਦਾ ਆਪਣੇ ਆਪ ਨੂੰ ਸਮਝਦਾਰ ਸਦੌਣਾ ਹੀ ਨਿਰੀ ਬੇ-ਸਮਝੀ ਹੈ, ਜਿਸ ਬੁੱਧੀ ਨੇ ਅੱਗਾ ਨਿਰਣੇ ਨਹੀਂ ਕੀਤਾ ਉਹ ਬੁੱਧੀ ਨਹੀਂ, ਕਬੁੱਧੀ ਹੈ। ਅਜਿਹੇ ਗੁਣਾਂ ਦਾ ਮਾਲਕ ਜੋ ਆਦਮੀ ਹੈ, ਨਿਰਾ ਅਵਗੁਣਾਂ ਦੀ ਹੀ ਗਠੜੀ ਬੰਨ੍ਹੀ ਬੈਠਾ ਹੈ, ਗੁਣ ਉਸ ਅੰਦਰ ਰੰਚਕ ਭੀ ਨਹੀਂ। ਬਸ ਜੋ, ਇਨ੍ਹਾਂ ਗੁਣਾਂ ਕਰਕੇ ਹੀ ਆਪ ਨੇ ਆਦਮੀ ਦੀ ਐਡੀ ਵਡਿਆਈ ਕਰਨ ਦਾ ਜ਼ੋਰ ਲਾਇਆ ਸੀ ਤਦ ਤਾਂ ਆਪ ਨਿਰੇ ਭਰਮ ਭੁਲਾਵੇ ਵਿਚ ਹੀ ਫਿਰਦੇ ਹੋ।

**ਵੱਡਾ ਡਾਕਟਰ** : ਭਰਮ ਭੁਲਾਵਾ ਕਿਉਂ ?

**ਸਿੰਘ** : ਅਵਗੁਣਾਂ ਨੂੰ ਜੋ ਗੁਣ ਸਮਝੀ ਬੈਠੇ ਹੋ ਅਤੇ ਅਸਲ ਗੁਣਾਂ ਦੀ ਆਪ ਨੂੰ ਸਾਰ ਨਹੀਂ, ਇਸ ਤੇ ਵੱਧ ਹੋਰ ਕੀ ਭਰਮ ਭੁਲਾਵਾ ਹੋ ਸਕਦਾ ਹੈ।

**ਵੱਡਾ ਡਾਕਟਰ** : ਕੀ ਅਸਲ ਗੁਣ ਦਰਅਸਲ ਆਪ ਦੇ ਨਿਕਟ ਕੋਈ ਹਨ ਭੀ ?

**ਸਿੰਘ** : ਪਹਿਲਾਂ ਆਪ ਇਹ ਮੰਨੋ ਕਿ ਆਦਮੀ ਵਾਲੇ ਆਪ ਦੇ ਕਲਪੇ ਗੁਣ ਨਿਰੇ ਅਵਗੁਣ ਹਨ ਅਥਵਾ ਨਕਲੀ (unreal) ਗੁਣ ਹਨ, ਅਸਲੀ ਗੁਣ ਨਹੀਂ।

**ਵੱਡਾ ਡਾਕਟਰ** : ਅਸਲ ਗੱਲ ਇਹ ਹੈ ਕਿ ਮੈਂ ਤਾਂ ਸਚਮੁੱਚ ਮਨ ਬਚ ਕਰਮ ਕਰਕੇ ਇਹਨਾਂ ਗੁਣਾਂ ਨੂੰ ਆਦਮੀ ਦੇ ਅਸਲੀ ਗੁਣ ਸਮਝੀ ਬੈਠਾ ਹਾਂ। ਜਦ ਤੀਕ ਇਹਨਾਂ ਦੇ ਮੁਕਾਬਲੇ ਵਿਚ ਏਹਨਾਂ ਤੋਂ ਵਧੀਕ ਗੁਣ ਨਾ ਸਾਬਤ ਹੋ ਜਾਣ, ਓਦੋਂ ਤਾਈਂ ਮੈਨੂੰ ਭਲਾ ਇਹ ਕਦ ਨਿਸਚਿਤ ਹੋ ਸਕਦਾ ਹੈ ਕਿ ਇਹ ਮੇਰੇ ਕਲਪੇ ਗੁਣ ਐਵੇਂ ਮੇਰੇ ਮਨ ਦੀ ਕਲਪਨਾ ਹੀ ਹੈ ਅਤੇ ਇਹਨਾਂ ਦੀ ਕੋਈ ਅਸਲੀਅਤ ਨਹੀਂ।

**ਛੋਟਾ ਡਾਕਟਰ** : ਆਪ ਨੂੰ ਭਲੀ ਬਿਧ ਸਾਬਤ ਹੋ ਚੁੱਕਾ ਹੈ ਕਿ ਆਪ ਦੇ ਕਲਪੇ ਗੁਣ ਆਦਮੀ ਦੇ ਅਸਲੀ ਗੁਣ ਨਹੀਂ ਅਤੇ ਆਪ ਆਪਣੇ ਹੁਦਰੋਂ ਇਸ ਗੱਲ ਨੂੰ ਉੱਕਾ ਹੀ ਨਹੀਂ ਸਾਬਤ ਕਰ ਸਕੇ ਕਿ ਆਦਮੀ ਦੇ ਗੁਣਾਂ ਦੀ ਕੋਈ ਅਸਲੀਅਤ ਹੈ ਭੀ, ਸਗੋਂ ਪੈਰ-ਪੈਰ ਤੇ ਆਪ ਆਪਣੇ ਸਬੂਤ ਅੰਦਰ ਜੁਚ ਹੁੰਦੇ ਰਹੇ ਹੋ। ਨਾ ਹੀ ਆਪ ਰੰਚਕ ਮਾਤਰ ਆਪਣੇ ਪਾਸੋਂ ਉਕਤ ਗੁਣਾਂ ਦੇ ਅਸਲ ਹੋਣ ਦੀ ਕੋਈ ਦਲੀਲ ਦੇ ਸਕੇ ਅਤੇ ਨਾ ਹੀ ਉਕਤ ਗੁਣਾਂ ਦੇ ਸਿੰਘ ਹੋਰਾਂ ਵੱਲੋਂ ਨਕਲੀ ਸਾਬਤ ਹੋਣ ਦੇ ਵਿਰੁੱਧ ਆਪ ਕੋਈ ਦਮ ਮਾਰ ਸਕੇ ਹੋ ਅਤੇ ਨਾ ਕੋਈ ਨਿੱਗਰ ਅੜਿੱਕਾ ਅੱਗੇ ਡਾਹ ਸਕੇ ਹੋ, ਐਵੇਂ ਉਖੜੇ ਕੁਹਾੜੇ ਹੀ ਮਾਰਦੇ ਰਹੇ ਹੋ। ਸੋ ਹੁਣ ਆਪ ਦਾ ਇਹ ਕਹਿਣਾ ਕਿ ਸਚਮੁੱਚ ਮਨ ਬਚ ਕਰਮ ਕਰਕੇ ਆਪ ਉਕਤ ਆਦਮੀ ਦੇ ਗੁਣਾਂ ਨੂੰ ਅਸਲੀ ਗੁਣ ਸਮਝੀ


www.sikhbookclub.com

ਬੈਠੇ ਹੋ, ਨਿਰਾ ਹਠ ਹੈ ਅਤੇ ਸੱਚ ਉੱਤੇ ਸੁਆਹ ਪਾ ਕੇ ਪਾਣੀ ਫੇਰ ਦੇਣਾ ਹੈ। ਜਦ ਆਪ ਨੱਕੋ ਨੱਕ ਹਾਰ ਕੇ ਭੀ ਆਪਣੇ ਹਠ ਉੱਤੇ ਅਜੇ ਤੀਕਰ ਲੱਕ ਬੰਨ੍ਹੀ ਖੜੇ ਹੋ ਤਦ ਅੱਗੇ ਨੂੰ ਆਪ ਤੇ ਕੀ ਭਦਰਕਾਰੀ ਹੈ ਕਿ ਇਨ੍ਹਾਂ ਸਿੰਘ ਹੋਰਾਂ ਦੇ ਦਿਖਾਏ ਅਸਲੀ ਗੁਣਾਂ ਦੇ ਸਬੂਤ ਉੱਤੇ ਆਪ ਪ੍ਰਤੀਤ ਕਰ ਜਾਓਗੇ ਅਤੇ ਆਪਣੇ ਹਠ ਨੂੰ ਛੱਡ ਦੇਵੋਂਗੇ।

**ਵੱਡਾ ਡਾਕਟਰ** : ਮੇਰਾ ਹਠ ਆਪ ਕਿਸ ਬਿਧ ਕਹਿ ਸਕਦੇ ਹੋ।

**ਛੋਟਾ ਡਾਕਟਰ** : ਇਹ ਹੋਰ ਭੀ ਸੱਚ ਦਾ ਖ਼ੂਨ ਕਰਨ ਵਾਲੀ ਗੱਲ ਹੈ। ਕੀ ਆਪ ਸਾਬਤ ਕਰ ਸਕੇ ਹੋ ਕਿ ਆਪ ਦੇ ਕਲਪੇ ਗੁਣ ਆਦਮੀ ਦੇ ਅਸਲੀ ਗੁਣ ਹਨ ?

**ਵੱਡਾ ਡਾਕਟਰ** : ਜੇ ਮੈਂ ਨਹੀਂ ਕਰ ਸਕਿਆ ਤਾਂ ਇਹ (ਸਿੰਘ ਹੋਰੀਂ) ਕੇਹੜਾ ਸਾਬਤ ਕਰ ਸਕੇ ਹਨ ਕਿ ਉਕਤ ਗੁਣ ਅਸਲੀ ਨਹੀਂ ?

**ਛੋਟਾ ਡਾਕਟਰ** : ਅਜੇ ਕੋਈ ਕਸਰ ਭੀ ਰਹੀ ਹੈ ?

**ਵੱਡਾ ਡਾਕਟਰ** : ਮੇਰੇ ਅੰਤਸ਼ ਕਰਣ (conscience) ਨੂੰ ਅਜੇ ਤੀਕਰ ਨਿਸਚਿਤ ਨਹੀਂ ਹੋਇਆ।

**ਛੋਟਾ ਡਾਕਟਰ** : ਆਪ ਦਾ ਅੰਤਸ਼ ਕਰਣ (conscience) ਆਪ ਨੂੰ ਧੋਖਾ ਦੇ ਰਿਹਾ ਹੈ, ਅਥਵਾ ਆਪ ਆਪਣੇ ਅੰਤਸ਼ ਕਰਣ (conscience) ਦੇ ਅੰਨ੍ਹੇ-ਵਾਹ ਪਿਛਲੱਗ (blind follower) ਹੋ। ਇਹ ਅੰਤਸ਼ ਕਰਣ ਹੀ ਹੈ ਜੋ ਇਨਸਾਨ ਨੂੰ ਭਰਮ ਦੇ ਚੱਕਰ ਵਿਚ ਭੁਲਾਈ ਫਿਰਦਾ ਹੈ। ਏਥੇ ਹੀ ਦੇਖ ਲਵੋ ਕਿ ਇਨਸਾਨ ਅੰਦਰ ਕਿਤਨੇ ਕੁ ਅਸਲੀ ਗੁਣ ਹਨ ਕਿਉਂਕਿ ਜਿਤਨੇ ਭੀ ਇਨਸਾਨ ਸ੍ਰਿਸ਼ਟੀ ਉੱਤੇ ਹਨ ਸਭ ਦੇ ਅੰਤਸ਼ ਕਰਣ ਅੱਡੋ-ਅੱਡ ਹਨ, ਇਕ ਦਾ ਦੂਜੇ ਨਾਲ ਨਹੀਂ ਮਿਲਦਾ। ਕਿਸੇ ਦਾ ਕਾਨਸ਼ੈਂਸ ਕਿਸੇ ਗੱਲ ਨੂੰ ਮੰਨਦਾ ਹੈ ਕਿਸੇ ਦਾ ਕਿਸੇ ਨੂੰ। ਗੱਲ ਕੀ ਜਿਤਨੇ ਆਦਮੀ ਸ੍ਰਿਸ਼ਟੀ ਉੱਤੇ ਹਨ ਓਨੇ ਹੀ ਕਾਨਸ਼ੈਂਸ ਬੁਝ ਲਵੋ, ਤਾਂ ਤੇ ਏਹ ਬੁਝਣਾ ਇਨਸਾਨ ਦੀ ਜ਼ਾਤ ਵਿਚ ਅਤੀ ਕਠਿਨ ਹੋ ਰਿਹਾ ਹੈ ਕਿ ਅਸਲੀ ਕਾਨਸ਼ੈਂਸ ਕੇਹੜਾ ਹੈ, ਇਹੋ ਹੀ ਇਸ ਅਮਰ ਦਾ ਪੱਕਾ ਸਬੂਤ ਹੈ ਕਿ ਆਦਮੀ ਅੰਦਰ ਅਸਲੀ ਗੁਣ ਹੈ ਨਹੀਂ।

**ਵੱਡਾ ਡਾਕਟਰ** : ਭਲਾ ਆਪ ਹੀ ਦੱਸੋ ਕਿ ਆਪ ਦੀ ਕਾਨਸ਼ੈਂਸ ਭੀ ਇਸ ਗੱਲ ਨੂੰ ਮੰਨਦੀ ਹੈ ਕਿ ਆਦਮੀ ਅੰਦਰ ਕੋਈ ਗੁਣ ਨਹੀਂ ?

**ਛੋਟਾ ਡਾਕਟਰ** : ਮੇਰੀ ਅਜਿਹੀ ਭੈੜੀ ਕਾਨਸ਼ੈਂਸ ਨਹੀਂ ਕਿ ਸੱਚ ਦੇ ਸਾਹਮਣੇ ਨਿਖੜੰਮਾ ਹਠ ਬੰਨ੍ਹ ਬੈਠਾਂ, ਚਾਹੇ ਮੇਰੀ ਕਾਨਸ਼ੈਂਸ ਅੰਦਰ ਭੀ ਆਪ ਵਾਂਗੂੰ ਸਗੋਂ ਆਪ ਤੋਂ ਭੀ ਵਧ ਕੇ ਭਰਮ ਪਹਾੜ ਪਿਆ ਹੋਇਆ ਸੀ ਪਰ ਜਦੋਂ ਇਸ ਦੇ ਸਾਹਮਣੇ ਸੱਚ ਪ੍ਰਗਟ ਹੋਇਆ, ਉਸ ਨੂੰ ਫੜੱਕ ਮੰਨ ਲਿਆ, ਬਹੁਤੇ ਅੜਿੱਕੇ ਮੜਿੱਕੇ ਡਾਹੁਣੇ ਹੀ ਨਹੀਂ ਮਿਲੇ, ਮੈਂ ਆਪਣੀ ਕਾਨਸ਼ੈਂਸ ਦਾ ਧੰਨਵਾਦ (thanks) ਅਦਾ ਕਰਦਾ ਹਾਂ, ਜਿਸ ਨੇ ਮੈਨੂੰ ਕੁੜਾਵਾ ਹਠ ਨਹੀਂ ਬੰਨ੍ਹਣ ਦਿੱਤਾ ਅਤੇ ਸੱਚ ਨੂੰ ਗ੍ਰਹਿਣ ਕਰਾ ਦਿੱਤਾ।

**ਵੱਡਾ ਡਾਕਟਰ** : ਆਪ ਨੇ ਹੁਣ ਸੱਚ ਗ੍ਰਹਿਣ ਕਰ ਲਿਆ ਹੈ ?

**ਛੋਟਾ ਡਾਕਟਰ** : ਬਸ, ਇਹੋ ਕਿ ਜਿਨ੍ਹਾਂ ਗੁਣਾਂ ਅੰਦਰ ਸੰਸਾਰ ਖੇਲ ਰਿਹਾ ਹੈ, ਇਹ ਕੋਈ ਗੁਣ ਨਹੀਂ।

**ਵੱਡਾ ਡਾਕਟਰ** : ਕੀ ਆਦਮੀ ਦੇ ਗੁਣ ਭੀ ਕੋਈ ਗੁਣ ਨਹੀਂ ?

**ਛੋਟਾ ਡਾਕਟਰ** : ਜਿਸ ਨੂੰ ਆਪ ਆਦਮੀ ਆਖਦੇ ਹੋ ਇਹ ਆਦਮੀ ਕੁਛ ਨਹੀਂ, ਇਸ ਦੇ ਗੁਣ ਤਾਂ ਕੀ ਹੋਣੇ ਸੀ।

**ਵੱਡਾ ਡਾਕਟਰ** : ਭਲੇ ਇਹ ਕਦੇ ਹੋ ਸਕਦਾ ਹੈ ?

**ਛੋਟਾ ਡਾਕਟਰ** : ਹੋ ਕਿਉਂ ਨਹੀਂ ਸਕਦਾ, ਆਪ ਆਪਣੀ ਜ਼ਬਾਨੀ ਸਭ ਕੁਛ ਮੰਨ ਚੁੱਕੇ ਹੋ !

**ਵੱਡਾ ਡਾਕਟਰ** : ਕਿਸ ਤਰ੍ਹਾਂ, ਮੈਂ ਕਦੋਂ ਮੰਨਿਆ ਸੀ ?

**ਛੋਟਾ ਡਾਕਟਰ** : ਆਪ ਇਹ ਮੰਨ ਚੁੱਕੇ ਹੋ ਕਿ ਨਾ ਕਿ ਅੱਗਾ ਉੱਗਾ ਕੁਛ ਨਹੀਂ।

**ਵੱਡਾ ਡਾਕਟਰ** : ਹਾਂ, ਇਹ ਮੈਂ ਹੁਣ ਭੀ ਮੰਨਦਾ ਹਾਂ ਕਿ ਅੱਗਾ ਉੱਗਾ ਕੁਛ ਨਹੀਂ, ਕੀ ਕਿਸੇ ਨੇ ਦੇਖਿਆ ਹੈ ?

**ਛੋਟਾ ਡਾਕਟਰ** : ਏਹ ਤਾਂ ਆਪ ਜਾਣਦੇ ਹੋ ਕਿ ਆਪ ਨੇ ਰਹਿਣਾ ਨਹੀਂ ਅਤੇ ਮਰ ਜਾਣਾ ਹੈ ਕਿਉਂਕਿ ਆਪ ਨੇ ਆਪਣੇ ਵਰਗੇ ਆਦਮੀ ਬਥੇਰੇ ਮਰਦੇ ਦੇਖੇ ਹੋਣਗੇ।

**ਵੱਡਾ ਡਾਕਟਰ** : ਏਹ ਤਾਂ ਸਮੂਹ ਸੱਚ (Universal Truth) ਹੈ।

**ਛੋਟਾ ਡਾਕਟਰ** : ਮਰ ਕੇ ਫੇਰ ਭੀ ਆਪ ਕੁਛ ਰਹੋਗੇ ?

**ਵੱਡਾ ਡਾਕਟਰ** : ਫੇਰ ਕੀ ਰਹਿਣਾ ਸੀ।

**ਛੋਟਾ ਡਾਕਟਰ** : ਕੁਛ ਨਹੀਂ ਨਾ ਰਹਿੰਦਾ ?

**ਵੱਡਾ ਡਾਕਟਰ** : ਕਿਸੇ ਨੇ ਦੇਖਿਆ ਹੈ ਰਹਿੰਦਾ ਹੈ ਕਿ ਨਹੀਂ ਰਹਿੰਦਾ ?

**ਛੋਟਾ ਡਾਕਟਰ** : ਪਰ ਆਪ ਨੂੰ ਕੀ ਦੀਂਹਦਾ ਹੈ ?

**ਵੱਡਾ ਡਾਕਟਰ** : ਹੁਣ ਤਾਂ ਇਹੋ ਦੀਹਦਾ ਹੈ ਕਿ ਕੁਛ ਭੀ ਨਹੀਂ ਰਹਿਣਾ।

**ਛੋਟਾ ਡਾਕਟਰ** : ਤਾਂ ਆਪ ਇਸ ਗੱਲ ਤੋਂ ਮੁਕਰਨ ਦੇ ਤਰਲੇ ਕਿਉਂ ਮਾਰਦੇ ਹੋ ਕਿ ਆਦਮੀ ਹੀ ਕੁਛ ਨਹੀਂ।

**ਵੱਡਾ ਡਾਕਟਰ** : ਅੱਗੇ ਨੂੰ ਹੀ ਕੁਛ ਨਹੀਂ, ਹੁਣ ਤਾਂ ਹੈ।

**ਛੋਟਾ ਡਾਕਟਰ** : ਜਿਸ ਨੇ ਅੱਗੇ ਨੂੰ ਹੀ ਕੁਛ ਨਹੀਂ ਰਹਿਣਾ, ਭਲਾ ਓਹ ਹੁਣ ਕੀ ਖ਼ਾਕ ਕੁਛ ਹੋ ਸਕਦਾ ਹੈ। ਭਲਾ, ਜੇ ਕੁਛ ਹੈ ਭੀ ਤਾਂ ਅਜਿਹਾ ਹੋਣਾ ਯਾ ਨਾ ਹੋਣਾ ਬਰਾਬਰ ਹੀ ਹੈ। ਜਿਸ ਚੀਜ਼ ਨੇ ਅੰਤ ਨੂੰ ਨਹੀਂ ਹੋਣਾ ਹੈ, ਉਸ ਦਾ ਵਜੂਦ ਹੀ ਅਣਹੋਇਆ ਭਰਮ ਮਾਤਰ ਸਮਝੋ।

**ਵੱਡਾ ਡਾਕਟਰ** : ਜਿਤਨਾ ਚਿਰ ਹੋਣਾ ਹੈ ਉਤਨਾ ਚਿਰ ਹੀ ਸਹੀ ਪਰ ਇਹ ਤਾਂ ਨਹੀਂ ਨਾ ਕਹਿ ਸਕਦੇ ਕਿ ਹੁਣ ਹੈ ਹੀ ਨਹੀਂ।

**ਸਿੰਘ** : ਭਲਾ ਹੁਣ ਭੀ ਕੀ ਹੈ ?

**ਵੱਡਾ ਡਾਕਟਰ** : ਆਦਮੀ ਬਣਿਆ ਤਣਿਆ ਹੁਣ ਮੌਜੂਦ ਹੈ।

**ਸਿੰਘ** : ਆਪ ਭੀ ਤਾਂ ਆਪਣੇ ਆਪ ਨੂੰ ਆਦਮੀ ਹੀ ਸਦਾਉਂਦੇ ਹੋਵੋਗੇ ਨਾ ?

**ਵੱਡਾ ਡਾਕਟਰ** : ਨਹੀਂ ਹੋਰ, ਆਦਮੀ ਨਹੀਂ ਤਾਂ ਮੈਂ ਕਿਤੇ ਡੰਗਰ ਹਾਂ ?

**ਸਿੰਘ** : ਮੈਨੂੰ ਤਾਂ ਦਿਸਦੇ ਨਹੀਂ ਕਿ ਆਪ ਆਦਮੀ ਹੋ।

**ਵੱਡਾ ਡਾਕਟਰ** : ਭਲਾ ਕੁਛ ਮਖ਼ੌਲ ਕਰਦੇ ਹੋ ?

**ਸਿੰਘ** : ਮਖ਼ੌਲ ਤਾਂ ਆਪ ਕਰਦੇ ਹੋ ਜਿਹੜੇ ਐਵੇਂ ਹੀ ਕੁਛ ਨਾ ਕੁਛ ਬਣੇ ਬੈਠੇ ਹੋ ਅਤੇ ਆਪਣੇ ਆਪ ਨੂੰ ਅੰਨ੍ਹੇ ਵਾਲਾ ਜੱਫਾ ਪਾਈ ਬੈਠੇ ਹੋ।

**ਵੱਡਾ ਡਾਕਟਰ** : ਕਿਆ ਮੈਂ ਕੁਛ ਨਹੀਂ ?

**ਸਿੰਘ** : ਬਸ ਏਹੋ 'ਮੈਂ' 'ਮੂੰ' ਹੀ ਹੈ ਅਤੇ ਇਹ ਭੀ ਕੁਛ ਨਹੀਂ।

**ਵੱਡਾ ਡਾਕਟਰ** : ਮੈਂ ਸਾਫ਼ ਆਪ ਨੂੰ ਆਦਮੀ ਦਿਸ ਰਿਹਾ ਹਾਂ। ਫੇਰ ਆਪ ਮੱਲੋ-ਮੱਲੀ ਆਪਣੇ ਆਪ ਆਪਣੀ ਅੱਖੀਂ ਘੱਟਾ ਪਾਉਂਦੇ ਹੋ।

**ਸਿੰਘ** : ਆਪ ਦਾ ਕਿਹੜਾ ਥਾਉਂ ਆਦਮੀ ਦਾ ਹੈ ?

**ਵੱਡਾ ਡਾਕਟਰ** : (ਆਪਣੇ ਸਰੀਰ ਉੱਤੇ ਹੱਥ ਪਸਾਰ ਕੇ) ਆਹ ਸਾਰਾ ਸਰੀਰ ਹੀ ਦੇਖੋ ਤਾਂ ਮੈਂ ਆਦਮੀ ਹਾਂ।

**ਸਿੰਘ** : ਇਹ ਤਾਂ ਆਪ ਦਾ ਮੜ੍ਹਾ ਸਰੀਰ ਹੀ ਹੈ ਜਿਸ ਨੂੰ ਕਿ ਆਪ ਅੱਗੇ ਭੀ ਮੰਨ ਚੁੱਕੇ ਹੋ ਕਿ ਸਰੀਰ ਰੂਪੀ ਆਕਾਰ ਕਰਕੇ ਆਦਮੀ ਮੰਨਣ ਯੋਗ ਨਹੀਂ।

**ਵੱਡਾ ਡਾਕਟਰ** : ਏਸ ਮੜ੍ਹੇ ਸਰੀਰ ਵਿਚ ਜੋ ਕੁਛ ਹੈ, ਉਹ ਤਾਂ ਆਦਮੀ ਹੈ।

**ਸਿੰਘ** : ਇਹ ਭਲੀ ਕਹੀ ! ਮੜ੍ਹੇ ਸਰੀਰ ਦੇ ਅੰਦਰ ਆਦਮੀ ਵੜਿਆ ਹੋਇਆ ਹੈ। ਆਦਮੀ ਨਾ ਹੋਇਆ ਕੋਈ ਘਰਘੁੱਲਾ ਹੋਇਆ, ਜਿਹੜਾ ਅੰਦਰ ਵੜ ਕੇ ਲੁਕ ਰਿਹਾ ਹੈ। ਆਪ ਨੂੰ ਇਸ ਦੇ ਅੰਦਰ ਕੁਛ ਦਿਸਦਾ ਭੀ ਹੈ ਕਿ ਐਵੇਂ ਕਹੀ ਜਾਂਦੇ ਹੋ ?

**ਵੱਡਾ ਡਾਕਟਰ** : ਦਿਸਦਾ ਕਿਉਂ ਨਹੀਂ, ਸਾਫ਼ ਹੈ, ਦੇਖੋ ਇਹ ਉਸ ਦੀਆਂ ਅੱਖਾਂ ਹਨ, ਇਹ ਮੂੰਹ ਹੈ, ਇਹ ਨੱਕ ਹੈ, ਸਾਰਾ ਚਿਹਰਾ (face) ਉਸ ਦਾ ਆਪ ਦੇ ਸਾਹਮਣੇ ਹੈ, ਕੋਈ ਲੁਕੀ ਛੁਪੀ ਗੱਲ ਤਾਂ ਨਹੀਂ।

**ਸਿੰਘ** : ਇਹ ਤਾਂ ਜੋ ਕੁਛ ਆਪ ਨੇ ਦਿਖਾਇਆ ਹੈ, ਉਸ ਮੜ੍ਹੇ ਸਰੀਰ ਦੇ ਹੀ ਅੰਗ ਹਨ, ਜਿਸ ਨੂੰ ਆਪ ਆਦਮੀ ਤੋਂ ਭਿੰਨ ਮੰਨ ਚੁੱਕੇ ਹੋ।

**ਵੱਡਾ ਡਾਕਟਰ** : ਮੜ੍ਹਾ ਸਰੀਰ ਤਾਂ ਇਕ ਮੁਰਦਾ ਖਲੜ ਹੁੰਦਾ ਹੈ, ਇਹ ਜਿਉਂਦਾ ਜਾਗਦਾ ਆਦਮੀ ਮੈਂ ਆਪ ਨੂੰ ਦਿਸਦਾ ਹਾਂ।

**ਸਿੰਘ** : ਉਹ ਤਾਂ ਪਹਿਲਾਂ ਆਪ ਇਸ ਖਲੜ ਦੇ ਅੰਦਰ ਵੜਿਆ ਹੋਇਆ ਦੱਸਦੇ ਸੀ, ਹੁਣ ਅੰਦਰੋਂ ਬਾਹਰ ਕਿਕੂੰ ਨਿਕਲ ਆਇਆ ?

**ਵੱਡਾ ਡਾਕਟਰ** : ਅੰਦਰ ਇਸ ਦੀ ਸ਼ਕਤੀ ਹੈ ਜਿਸ ਕਰਕੇ ਸੁਰਜੀਤ ਹੈ।

**ਸਿੰਘ** : ਤਦ ਉਸ ਸ਼ਕਤੀ ਦਾ ਨਾਉਂ ਆਪ ਨੇ ਆਦਮੀ ਧਰਿਆ ਹੈ ਜਾਂ ਇਸ ਬਾਹਰਲੇ ਸੁਰਜੀਤ ਸਰੀਰ ਦਾ ?

**ਵੱਡਾ ਡਾਕਟਰ** : ਓਸ ਸ਼ਕਤੀ ਅਤੇ ਇਸ ਸੁਰਜੀਤ ਸਰੀਰ ਦਾ ਨਾਉਂ ਰਲ-ਮਿਲ ਕੇ ਆਦਮੀ ਹੈ।

**ਸਿੰਘ** : ਪਰ ਆਦਮੀ ਦਾ ਅਸਲਾ (essence) ਤਾਂ ਆਪ ਉਸੇ ਸ਼ਕਤੀ ਅੰਦਰ ਹੀ ਮੰਨਦੇ ਹੋ ਨਾ ?

**ਵੱਡਾ ਡਾਕਟਰ** : ਅਸਲਾ (essence) ਤਾਂ ਬੇਸ਼ਕ ਆਦਮੀ ਦੀ ਓਹੋ ਸ਼ਕਤੀ ਹੀ ਹੈ ਜਿਸ ਕਰਕੇ

ਆਦਮੀ ਤੁਰ ਸਕਦਾ ਹੈ, ਬੋਲ ਸਕਦਾ ਹੈ, ਗੱਲ ਕੀ ਆਦਮੀ ਦੀ ਸਾਰੀ ਚੇਤੰਨਤਾ ਦੀ ਅੰਸ਼ ਉਸ ਸ਼ਕਤੀ ਕਰਕੇ ਹੀ ਹੈ।

**ਸਿੰਘ** : ਅਸਲ ਇਉਂ ਜਾਣੋਂ ਕਿ ਚੇਤੰਨਤਾ ਦੀ ਅੰਸ਼ ਉਸ ਸ਼ਕਤੀ ਅੰਦਰ ਹੀ ਹੈ, ਇਸ ਸ਼ਕਤੀ ਬਿਹੂਣ ਆਦਮੀ ਐਵੇਂ ਮੁਰਦਾ ਹੀ ਹੈ, ਏਵੇਂ ਹੀ ਹੈ ਨਾ ?

**ਵੱਡਾ ਡਾਕਟਰ** : ਬੇਸ਼ਕ ਤਾਹੀਂ ਤਾਂ ਓਸ ਸ਼ਕਤੀ ਦਾ ਨਾਉਂ ਚੈਤੰਨ ਸ਼ਕਤੀ ਆਖਿਆ ਕਰਦੇ ਹਨ।

**ਸਿੰਘ** : ਆਪ ਭੀ ਤਾਂ ਚੈਤੰਨ ਸ਼ਕਤੀ ਹੀ ਮੰਨਦੇ ਹੋ।

**ਵੱਡਾ ਡਾਕਟਰ** : ਮੈਂ ਕੇਹੜਾ ਮੁਕਰਦਾ ਹਾਂ।

**ਸਿੰਘ** : ਉਹ ਚੈਤੰਨ ਸ਼ਕਤੀ ਆਪ ਨੂੰ ਦਿਸਦੀ ਭੀ ਹੈ।

**ਵੱਡਾ ਡਾਕਟਰ** : ਦਿਸਦਾ ਤਾਂ ਕੁਛ ਨਹੀਂ ਐਵੇਂ ਮਿਥਿਆ ਨਹੀਂ ਕਹਿਣਾ।

**ਸਿੰਘ** : ਜੇਹੜੀ ਚੀਜ਼ ਦਿਸਦੀ ਨਾ ਹੋਵੇ ਉਸਦਾ ਨਾਉਂ ਆਪ ਨੇ ਮਿਥਿਆ ਅਰਥਾਤ 'ਕੁਛ ਨਹੀਂ' ਧਰਿਆ ਹੋਇਆ ਹੈ, ਤਾਂ ਤੇ ਆਪ ਦਾ ਕਲਪਿਆ ਆਦਮੀ ਭ਼ੀ ਕੁਛ ਨਹੀਂ ਅਤੇ ਆਪ ਭੀ ਕੁਛ ਨਹੀਂ, ਐਵੇਂ ਆਪ ਦੀ ਕਲਪਨਾ ਹੀ ਹੈ।

**ਵੱਡਾ ਡਾਕਟਰ** : ਬਸ ਜਿਸ ਦੇ ਵੱਲ ਆਪ 'ਆਪ' ਦੀ ਜ਼ਮੀਰ (ਪੜਨਾਉਂ, pronoun) ਫੇਰਦੇ ਹੋ ਅਤੇ ਮੈਂ 'ਮੈਂ' ਦੀ ਜ਼ਮੀਰ ਫੇਰਦਾ ਹਾਂ, ਜੋ ਕੁਛ ਹੈ, ਓਹੀ ਕੁਛ ਮੈਂ ਹਾਂ। ਓਹੀ ਮੇਰੀ ਚੈਤੰਨ ਸੱਤਿਆ ਹੈ, ਓਸ ਨੂੰ ਹੀ ਆਦਮੀ ਕਹਿਣਾ ਠੀਕ ਹੈ।

**ਸਿੰਘ** : ਮਨ (mind) ਤਾਂ ਉਹ ਕਿਤੇ ਚੈਤੰਨ ਸੱਤਿਆ ਨਹੀਂ ?

**ਵੱਡਾ ਡਾਕਟਰ** : ਮਨ (mind)..... (ਸੋਚ ਕੇ) ਨਹੀਂ, ਮਨ ਨਹੀਂ ਹੋ ਸਕਦਾ, ਕਿਉਂਕਿ ਮਨ ਤਾਂ ਮੇਰਾ ਹੈ ਨਾ, ਅਰਥਾਤ ਓਹ ਚੀਜ਼ ਹੈ ਜਿਸ ਵੱਲ 'ਮੇਰੀ' ਜ਼ਮੀਰ ਫਿਰਦੀ ਹੈ, ਮੈਂ ਦੀ ਜ਼ਮੀਰ ਤਾਂ ਨਹੀਂ ਨਾ ਇਧਰ ਫਿਰਦੀ, ਦੂਜੇ ਮਨ ਵਿਚ ਸੋਚਣ ਦੀ ਹੀ ਤਾਕਤ ਹੈ, ਹੋਰ ਚੈਤੰਨ ਸੱਤਿਆ ਨਹੀਂ।

**ਸਿੰਘ** : ਤਦ ਕੀ ਸੋਚਣ ਨੂੰ ਆਪ ਕੋਈ ਸੱਤਿਆ ਨਹੀਂ ਮੰਨਦੇ ?

**ਵੱਡਾ ਡਾਕਟਰ** : ਸੱਤਿਆ ਤਾਂ ਹੈ, ਪਰ ਚੈਤੰਨ ਸੱਤਿਆ ਨਹੀਂ।

**ਸਿੰਘ** : ਚੈਤੰਨ ਸੱਤਿਆ ਕਿਹੜੀ ਹੁੰਦੀ ਹੈ।

**ਵੱਡਾ ਡਾਕਟਰ** : ਜਿਸ ਕਰਕੇ ਸਾਰੇ ਸਰੀਰ ਅੰਦਰ ਜਾਨ (life) ਕਾਇਮ ਹੈ, ਕਿਉਂਕਿ ਮਨ ਜੇ ਸੋਚਣੋਂ ਹਟ ਭੀ ਜਾਏ ਤਦ ਏਹ ਤਾਂ ਨਹੀਂ ਨਾ ਕਹਿ ਸਕਦੇ ਕਿ ਆਦਮੀ ਮੁਰਦਾ ਹੋ ਗਿਆ।

**ਸਿੰਘ** : ਚਿਤ ਨੂੰ ਆਪ ਕਿਤੇ ਚੈਤੰਨ ਸੱਤਿਆ ਤਾਂ ਨਹੀਂ ਕਹਿੰਦੇ ?

**ਵੱਡਾ ਡਾਕਟਰ** : ਨਹੀਂ ਜੀ, ਚਿਤ ਬੁਧ ਸਮਝ ਆਦਿਕ ਸਭ ਮਨ ਜੇਹੇ ਸਮਝ ਲਵੋ, ਚੈਤੰਨ ਸੱਤਿਆ ਇਨ੍ਹਾਂ ਸਭਨਾਂ ਤੋਂ ਪਰੇ ਹੈ।

**ਸਿੰਘ** : ਪ੍ਰਾਣਾਂ ਨੂੰ ਹੀ ਆਪ ਚੈਤੰਨ ਸੱਤਿਆ ਤਾਂ ਨਹੀਂ ਸਮਝੀ ਬੈਠੇ ? ਕਿਉਂਕਿ ਜੇ ਇਹ ਖੜ੍ਹ ਜਾਣ ਤਦ ਤਾਂ ਸਰੀਰ ਭੀ ਖੜ ਜਾਂਦਾ ਹੈ। ਓਹਨਾਂ ਨਾਲ ਹੀ ਜਾਨ ਜਿੰਦ ਕਾਇਮ ਹੈ।

**ਵੱਡਾ ਡਾਕਟਰ** : ਹੈ ਤਾਂ ਠੀਕ ! ਪਰ ਪ੍ਰਾਣ ਤਾਂ ਆਪੋਂ ਬੋਲ ਨਹੀਂ ਸਕਦੇ। ਬੋਲਣ ਦੀ ਸ਼ਕਤੀ ਤੋਂ ਸੁੰਨ ਹਨ। ਇਸ ਕਰਕੇ ਇਹ ਭੀ ਓਹ ਚੈਤੰਨ ਸੱਤਿਆ ਨਹੀਂ ਹੋ ਸਕਦੇ।

**ਸਿੰਘ** : ਫੇਰ ਭੀ ਉਹ ਚੈਤੰਨ ਸੱਤਿਆ ਆਪ ਦੇ ਨਿਕਟ ਕੇਹੜੀ ਹੋਈ ?

**ਵੱਡਾ ਡਾਕਟਰ** : ਬਸ, ਏਹ ਬੋਲਦਾ ਪੁਰਸ਼ ਹੀ ਸਮਝੋ।

**ਸਿੰਘ** : ਇਸ ਦਾ ਸਰੂਪ ਆਪ ਨੂੰ ਦਿਸਦਾ ਭੀ ਹੈ ?

**ਵੱਡਾ ਡਾਕਟਰ** : ਕੂੜ ਨਹੀਂ ਕਹਿਣਾ, ਦਿਸਦਾ ਤਾਂ ਕੁਛ ਨਹੀਂ, ਅਨੁਮਾਨ ਹੀ ਅਨੁਮਾਨ ਹੈ।

**ਸਿੰਘ** : ਅਤੇ ਜੋ ਚੀਜ਼ ਦਿਸੇ ਕੁਛ ਨਾ, ਉਸ ਦਾ ਹੋਣਾ ਨਾ ਹੋਣਾ ਆਪ ਦੇ ਕਥਨ ਅਨੁਸਾਰ ਬਰਾਬਰ ਹੀ ਹੈ ਕਿਉਂਕਿ ਹੈ ਆਪ ਓਸੇ ਚੀਜ਼ ਨੂੰ ਮੰਨਦੇ ਹੋ ਜੇਹੜੀ ਆਪ ਨੂੰ ਦਿਸੇ, ਤਾਂ ਤੇ ਆਪਦਾ ਆਦਮੀ ਹੈ ਹੂ ਕੁਛ ਨਹੀਂ, ਅਤੇ ਉਸਦੇ ਗੁਣ ਤਾਂ ਕੀ ਹੋਣੇ ਸੀ ਜਦ ਓਹ ਆਪ ਜੜ੍ਹੋਂ ਹੀ ਹੈ ਨਹੀਂ।

**ਵੱਡਾ ਡਾਕਟਰ** : ਹੈ ਤਾਂ ਬੜੇ ਅਸਚਰਜ ਵਾਲੀ ਗੱਲ ਕਿ ਜਿਸ ਦੇ ਜ਼ੋਰ ਨਾਲ ਸਾਰੇ ਸਰੀਰ ਦਾ ਚਰਖਾ ਚਲਦਾ ਹੋਵੇ ਅਤੇ ਜਿਸ ਦੇ ਅਧੀਨ ਮਨ ਬੁਧ ਚਿਤ ਆਦਿਕ ਸਾਰੀਆਂ ਸ਼ਕਤੀਆਂ ਹੋਣ ਉਸ ਦਾ ਅਸਲ ਮਾਲਕ ਸਰੂਪ ਦਿਸੇ ਨਾ, ਅਤੇ ਅਨੁਮਾਨ ਏਹ ਗੱਲ ਜ਼ਰੂਰ ਦੱਸਦਾ ਹੈ ਕਿ ਉਹ ਸਰੂਪ ਹੈ ਜ਼ਰੂਰ, ਕਿਉਂਕਿ ਓਹ ਹੋਵੇ ਨਾ ਤਾਂ ਮੈਂ ਬੋਲਾਂ ਹੀ ਕਿਥੋਂ ?

**ਸਿੰਘ** : ਤਦ ਐਵੇਂ ਹੀ ਆਦਮੀ ਦੇ ਗੁਣਾਂ ਉੱਤੇ ਜ਼ੋਰ ਦਿੰਦੇ ਫਿਰਦੇ ਹੋ। ਜਿਸ ਆਦਮੀ ਨੂੰ ਆਪਣੇ ਸਰੂਪ ਦਾ ਹੀ ਪਤਾ ਨਹੀਂ ਕਿ ਮੈਂ ਕੀ ਹਾਂ ਅਤੇ ਐਵੇਂ ਹੀ ਫੋਕਾ ਅਨੁਮਾਨ ਮਾਤਰ ਹੀ ਹੋਵੇ ਉਹ ਭੀ ਐਨੀਆਂ ਟੱਕਰਾਂ ਮਾਰੀਆਂ ਪਿਛੋਂ, ਫੇਰ ਉਸ ਦੇ ਇਤਰ ਗੁਣ ਕਿਸ ਲੇਖੇ ਹਨ ?

**ਛੋਟਾ ਡਾਕਟਰ** : ਸਗੋਂ ਅਵਗੁਣ ਹਨ, ਕਿਉਂਕਿ ਏਹਨਾਂ ਹੀ ਗੁਣਾਂ ਦੇ ਚੱਕਰ ਵਿਚ ਪੈ ਕੇ ਇਨਸਾਨ ਆਪਣੇ ਅਸਲ ਸਰੂਪ ਤੋਂ ਭੁੱਲਿਆ ਫਿਰਦਾ ਹੈ ਅਤੇ ਏਹਨਾਂ ਦੇ ਹੀ ਭਰਮ ਜਾਲ ਕਰਕੇ ਇਨਸਾਨ ਨੂੰ ਆਪਣੇ ਸਰੂਪ ਦਾ ਅਨੁਮਾਨ ਮਾਤਰ ਭੀ ਨਹੀਂ ਹੋਣਾ ਪਾਉਂਦਾ, ਜੇ ਹੁੰਦਾ ਤਾਂ ਬੜਾ ਔਖਾ, ਜੈਸਾ ਕਿ ਹੁਣ ਆਪ (ਵੱਡੇ ਡਾਕਟਰ ਨੂੰ ਸੌਹੇਂ) ਨਾਲ ਐਨੀਆਂ ਟੱਕਰਾਂ ਮਾਰ ਕੇ ਮਸਾਂ-ਮਸਾਂ ਆਪ ਨੂੰ ਏਤਨਾ ਹੀ ਮਨਾਇਆ ਹੈ, ਉਹ ਭੀ ਅਨੁਮਾਨ ਮਾਤਰ ਕਿ ਆਪ ਉਹ ਕੁਛ ਨਹੀਂ ਹੋ ਜੋ ਆਪਣੇ ਭਾਸ ਅੰਦਰ ਆਪਣੇ ਆਪ ਨੂੰ ਭਾਸ ਰਹੇ ਹੋ। ਬਸ, ਜੋ ਕੁਛ ਆਪ ਦੀ ਦ੍ਰਿਸ਼ਟੀ ਅੰਦਰ ਆਮ ਤੌਰ ਤੇ ਭਾਸ ਰਿਹਾ ਹੈ, ਨਿਰਾ ਭਰਮ ਭੁਲਾਵਾ ਹੀ ਹੈ। ਜੋ ਆਪ ਨੂੰ ਗੁਣ ਭਾਸਦੇ ਹਨ, ਓਹ ਨਿਰੇ ਅਵਗੁਣ ਹੀ ਹਨ।

**ਵੱਡਾ ਡਾਕਟਰ** : ਅਸਚਰਜ ਗਤੀ ਹੈ ! ਬੜਾ ਹਨੇਰ ਹੈ ! ਆਦਮੀ ਨੂੰ ਆਪਣਾ ਆਪ ਹੀ ਨਹੀਂ ਦਿਸਦਾ ! ਕੀ ਆਪ ਨੂੰ (ਛੋਟੇ ਡਾਕਟਰ ਨੂੰ ਸੌਹੇਂ) ਆਪਣਾ ਸਰੂਪ ਦਿਸਣ ਲੱਗ ਪਿਆ ਹੈ ?

**ਛੋਟਾ ਡਾਕਟਰ** : ਨਹੀਂ, ਦਿਸਦਾ ਤਾਂ ਮੈਨੂੰ ਭੀ ਕੁਛ ਨਹੀਂ ! ਮੈਨੂੰ ਭੀ ਮਸਾਂ ਹੁਣ ਤਾਈਂ ਅਨੁਮਾਨ ਮਾਤਰ ਹੀ ਉਸ ਸਰੂਪ ਦਾ ਹੋਯਾ ਹੈ, ਪਰ ਜਿਸਨੂੰ ਦੇਖਣਾ ਕੁਹਿੰਦੇ ਹਨ ਦੇਖਣਾ !


www.sikhbookclub.com

ਅਰਥਾਤ ਸਾਂਗੋ ਪਾਂਗ ਦੇਖਣਾ, ਅਜਿਹਾ ਦੇਖਣਾ ਅਜੇ ਬਹੁਤ ਦੂਰ ਹੈ।

**ਵੱਡਾ ਡਾਕਟਰ** : ਕੀ ਕਿਵੇਂ ਉਸਨੂੰ ਦੇਖ ਭੀ ਸਕੀਦਾ ਹੈ ਕਿ ਨਹੀਂ ?

**ਛੋਟਾ ਡਾਕਟਰ** : ਕਿਉਂ ਨਹੀਂ, ਓਹੋ ਜਿਹੇ ਗੁਣ ਸਾਡੇ ਅੰਦਰ ਹੋਵਣ ਤਾਂ ਅਸੀਂ ਓਸੇ ਨੂੰ ਦੇਖ ਸਕੀਏ।

**ਵੱਡਾ ਡਾਕਟਰ** : ਅਜਿਹੇ ਗੁਣ ਕਿਥੋਂ ਪ੍ਰਾਪਤ ਹੋਣ ?

**ਛੋਟਾ ਡਾਕਟਰ** : ਓਹ ਗੁਣ ਇਹ (ਸਿੰਘ ਹੋਰੀਂ) ਦੱਸਦੇ ਹਨ ਕਿ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੋ ਸਕਦੇ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਗੁਣਾਂ ਦਾ ਹੀ ਪੁੰਜ ਅਥਵਾ ਖ਼ਜ਼ਾਨਾ ਹਨ।

**ਵੱਡਾ ਡਾਕਟਰ** : ਤਦ ਤਾਂ ਸਚਮੁੱਚ ਓਹ ਗੁਣ ਹੀ ਅਸਲ ਗੁਣ ਹਨ, ਉਨ੍ਹਾਂ ਬਿਨਾਂ ਆਦਮੀ ਦੇ ਇਤਰ ਗੁਣ ਤਾਂ ਕਿਸੇ ਕੰਮ ਨਹੀਂ।

**ਸਿੰਘ** : (ਵੱਡੇ ਡਾਕਟਰ ਨੂੰ) ਹੁਣ ਆਪ ਦੱਸੋ ਕਿ ਜਦ ਆਪ ਆਦਮੀ ਨੂੰ ਅਜਿਹੇ ਅਣਹੋਏ ਗੁਣਾਂ ਦੇ ਹੁੰਦਿਆਂ ਭੀ ਏਨੀ ਵਡਿਆਈ ਦੇਂਦੇ ਸੋ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਕਿਤਨੀ ਕੁ ਵਡਿਆਈ ਇਨ੍ਹਾਂ ਅਸਲੀ ਗੁਣਾਂ ਦੇ ਕਾਰਨ ਹੋਣੀ ਚਾਹੀਦੀ ਹੈ ?

**ਵੱਡਾ ਡਾਕਟਰ** : ਬੇਸ਼ਕ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਗੁਣਾਂ ਦਾ ਹੀ ਪੁੰਜ ਹਨ ਤਦ ਤਾਂ ਆਦਮੀ ਨਾਲੋਂ ਕਈ ਗੁਣਾਂ ਅਧਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਨਮਾਨ ਯੋਗ ਹਨ।

**ਸਿੰਘ** : ਸੋ ਆਦਮੀ ਦਾ ਸਨਮਾਨ ਕਰਨਾ ਤਾਂ ਬੁਤ ਪ੍ਰਸਤੀ ਹੋ ਸਕਦਾ ਹੈ ਕਿਉਂਕਿ ਇਸ ਵਿਚ ਕੋਈ ਗੁਣ ਨਹੀਂ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਕਰਨ ਨੂੰ ਬੁਤ ਪ੍ਰਸਤੀ ਕਹਿਣਾ ਹੀ ਨਿਰਾ ਅਗਿਆਨ ਹੈ। ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਐਨ ਈਸ਼ਰ ਪ੍ਰਸਤੀ (God Worship) ਹੈ।

**ਵੱਡਾ ਡਾਕਟਰ** : (ਹੈਰਾਨ ਜਿਹਾ ਹੋ ਕੇ) ਈਸ਼ਰ ਪ੍ਰਸਤੀ (God Worship) ਕਿਸ ਤਰ੍ਹਾਂ ਜੀ ? ਇਹ ਗੱਲ ਤਾਂ ਮੰਨੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਬੁਤ ਪ੍ਰਸਤੀ ਨਹੀਂ।

**ਸਿੰਘ** : ਇਸ ਭੇਦ ਨੂੰ ਛੋਟੇ ਡਾਕਟਰ ਹੋਰੀਂ ਅੱਛੀ ਤਰ੍ਹਾਂ ਜਾਣਦੇ ਹਨ।

**ਛੋਟਾ ਡਾਕਟਰ** : ਬੇਸ਼ਕ, ਇਹ ਤਾਂ ਮੈਨੂੰ ਨਿਸਚਿਤ ਹੋ ਗਿਆ ਹੈ ਕਿ ਅਜਿਹੇ ਗੁਣਾਂ ਦਾ ਸਨਮਾਨ ਕਰਨਾ ਜਿਨ੍ਹਾਂ ਦਾ ਪੁੰਜ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਦੇ ਹੋ, ਐਨ ਈਸ਼ਰ ਪ੍ਰਸਤੀ ਹੈ ਪਰ ਆਪ ਦਾ ਅਰਥਾਤ ਸਿੱਖਾਂ ਦਾ ਜੋ ਤਰੀਕਾ ਸਨਮਾਨ ਕਰਨ ਦਾ ਹੈ ਓਸ ਤੋਂ ਕੁਛ ਬੁਤ ਪ੍ਰਸਤੀ ਟਪਕਦੀ ਹੈ, ਕਿਉਂਕਿ ਗੁਣਾਂ ਦਾ ਸਨਮਾਨ ਤਾਂ ਇਸ ਤੋਂ ਵਧ ਕੇ ਹੋਰ ਤਰੀਕੇ ਨਾਲ ਨਹੀਂ ਹੋ ਸਕਦਾ ਕਿ ਉਨ੍ਹਾਂ ਗੁਣਾਂ ਨੂੰ ਮੰਨਿਆ ਜਾਏ।

**ਵੱਡਾ ਡਾਕਟਰ** : ਹਾਂ, ਮੇਰਾ ਭੀ ਇਹੋ ਖ਼ਿਆਲ ਹੈ ਕਿ ਗੁਣਾਂ ਦਾ ਮੰਨਣਾ ਹੀ ਗੁਣਾਂ ਦਾ ਸਨਮਾਨ ਹੈ।

**ਸਿੰਘ** : ਇਸ ਵਿਚ ਤਾਂ ਰੰਚਕ ਭੀ ਸੰਦੇਹ ਨਹੀਂ ਕਿ ਮੰਨਣ ਦਾ ਨਾਉਂ ਹੀ ਸਨਮਾਨ ਕਰਨਾ ਹੈ ਪਰ ਮੰਨਣ ਦਾ ਸਰੂਪ ਆਪ ਕੀ ਮੰਨਦੇ ਹੋ ?

**ਵੱਡਾ ਡਾਕਟਰ** : ਮੰਨਣਾ ਕਿਸੇ ਵਸਤੂ ਦਾ ਉਸ ਵਸਤੂ ਉੱਤੇ ਭਰੋਸਾ (belief or faith) ਲਿਆਉਣਾ ਹੈ।

**ਸਿੰਘ** : ਬਸ, ਗੁਣਾਂ ਉਪਰ ਭਰੋਸਾ ਰੱਖਣਾ ਹੀ ਗੁਣਾਂ ਦਾ ਸਨਮਾਨ ਹੋਇਆ ?

**ਵੱਡਾ ਡਾਕਟਰ** : ਭਰੋਸੇ ਤੋਂ ਵਧ ਕੇ ਕੀ ਸਨਮਾਨ ਹੋ ਸਕਦਾ ਹੈ ?

**ਸਿੰਘ** : ਭਰੋਸੇ ਦੇ ਕੀ ਲੱਛਣ ਹਨ, ਕੀ ਭਰੋਸੇ ਨੂੰ ਗੁਣਾਂ ਉੱਤੇ ਲਿਆ ਕੇ ਮਨ ਹੀ ਮਨ ਅੰਦਰ ਰੱਖਿਆ ਜਾਣਾ ਚਾਹੀਦਾ ਹੈ ?

**ਛੋਟਾ ਡਾਕਟਰ** : ਨਹੀਂ, ਕੇਵਲ ਏਹੋ ਹੀ ਨਹੀਂ, ਗੁਣਾਂ ਉਪਰ ਭਰੋਸਾ ਲਿਆ ਕੇ ਫੇਰ ਉਹਨਾਂ ਅਨੁਸਾਰ ਅਮਲ ਕਰਨਾ ਭੀ ਚਾਹੀਦਾ ਹੈ, ਐਵੇਂ ਨਿਰਾ ਭਰੋਸਾ ਕਿਸ ਕੰਮ ਹੈ।

**ਸਿੰਘ** : (ਛੋਟੇ ਡਾਕਟਰ ਨੂੰ) ਆਪ ਵੱਡੇ ਡਾਕਟਰ ਹੋਰਾਂ ਨੂੰ ਕੀ ਮੰਨਦੇ ਹੋ ?

**ਛੋਟਾ ਡਾਕਟਰ** : ਆਪਣਾ ਅਫ਼ਸਰ।

**ਸਿੰਘ** : ਕੀ ਆਪ ਦਾ ਇਤਨਾ ਭਰੋਸਾ ਹੀ ਬਥੇਰਾ ਹੈ ਕਿ ਆਪ ਆਪਣੇ ਮਨ ਅੰਦਰ ਹੀ ਇਹਨਾਂ ਨੂੰ ਆਪਣਾ ਅਫ਼ਸਰ ਮੰਨ ਛੱਡੋ ?

**ਛੋਟਾ ਡਾਕਟਰ** : ਨਹੀਂ, ਇਨ੍ਹਾਂ ਨੂੰ ਆਪਣਾ ਅਫ਼ਸਰ ਮੰਨ ਕੇ ਅਰਥਾਤ ਇਨ੍ਹਾਂ ਉੱਤੇ ਅਫ਼ਸਰ ਵਾਲਾ ਭਰੋਸਾ ਜਮਾ ਕੇ ਇਹਨਾਂ ਦੇ ਅਫ਼ਸਰੀ ਵਾਲੇ ਗੁਣਾਂ ਉੱਤੇ ਚੱਲਣਾ ਭੀ ਮੇਰਾ ਫ਼ਰਜ਼ ਹੈ, ਅਰਥਾਤ ਆਪਣੀ ਅਫ਼ਸਰੀ ਦੀ ਹੈਸੀਅਤ ਵਿਚ ਇਨ੍ਹਾਂ ਵੱਲੋਂ ਜੋ ਆਗਿਆ ਭੀ ਮੈਨੂੰ ਹੋਵੇ, ਉਸ ਨੂੰ ਸਿਰ ਮੱਥੇ ਤੇ ਮੰਨ ਕੇ ਉਸ ਆਗਿਆ ਅਨੁਸਾਰ ਅਮਲ ਕਰਨਾ ਮੇਰਾ ਐਨ ਧਰਮ ਹੈ, ਸਗੋਂ ਐਸਾ ਕੀਤੇ ਬਿਨਾਂ ਮੇਰਾ ਇਨ੍ਹਾਂ ਦੇ ਉਪਰ ਅਫ਼ਸਰੀ ਵਾਲਾ ਭਰੋਸਾ ਰੱਖਣਾ ਨਾ ਰੱਖਣਾ ਬਰਾਬਰ ਹੈ, ਐਸਾ ਕੀਤੇ ਬਿਨਾਂ ਮੇਰੇ ਅੰਦਰ ਦਾ ਭਰੋਸਾ ਪ੍ਰਗਟ ਹੀ ਨਹੀਂ ਹੋ ਸਕਦਾ। ਭਰੋਸਾ ਲਿਆਉਣ ਦਾ ਸਬੂਤ ਹੀ ਏਹੋ ਹੈ ਕਿ ਇਨ੍ਹਾਂ ਦੀ ਆਗਿਆ ਅਨੁਸਾਰ ਅਮਲ ਕੀਤਾ ਜਾਵੇ।

**ਸਿੰਘ** : ਪਰ ਇਹ ਕੀ ਜ਼ਰੂਰੀ ਹੈ ਕਿ ਹਰ ਵੇਲੇ ਇਹ ਆਪ ਨੂੰ ਆਗਿਆ ਕਰੀ ਹੀ ਰੱਖਣ ਅਤੇ ਹਰ ਵੇਲੇ ਆਪ ਉਕਤ ਆਗਿਆ ਅਨੁਸਾਰ ਅਮਲ ਕਰੀ ਹੀ ਜਾਓ। ਕਈ ਅਵਸਰ (ਸਮੇਂ) ਐਸੇ ਭੀ ਤਾਂ ਆ ਬਿਛਦੇ ਹੋਣਗੇ, ਕਿ ਜਦੋਂ ਆਪ ਇਹਨਾਂ ਨੂੰ ਮਿਲਦੇ ਹੋਵੋਗੇ, ਤਦ ਜਾਂਦੇ ਸਾਰ ਇਨ੍ਹਾਂ ਵੱਲੋਂ ਆਪ ਨੂੰ ਤਾਬੜ ਤੋੜ ਆਗਿਆ ਹੀ ਤਾਂ ਨਹੀਂ ਮਿਲ ਜਾਂਦੀ ਹੋਵੇਗੀ, ਅਤੇ ਆਪ ਤਤਕਾਲ ਉਸ ਉਪਰ ਅਮਲ ਹੀ ਤਾਂ ਨਹੀਂ ਕਰਨ ਲੱਗ ਪੈਂਦੇ ਹੋਵੋਗੇ, ਤਾਂ ਅਜਿਹੇ ਅਵਸਰਾਂ ਅੰਦਰ ਆਪ ਇਨ੍ਹਾਂ ਨੂੰ ਆਪਣਾ ਅਫ਼ਸਰ ਕਰਕੇ ਮੰਨਣ ਵਾਲੇ ਭਰੋਸੇ ਨੂੰ ਕਿਵੇਂ ਪ੍ਰਗਟ ਕਰਦੇ ਹੋਵੋਗੇ ? ਕੀ ਉਸ ਭਰੋਸੇ ਨੂੰ ਆਪਣੇ ਮਨ ਦੇ ਅੰਦਰ ਰੱਖ ਕੇ ਚੁੱਪ ਗੜੁੱਪ ਹੀ ਆ ਖੜੋਇਆ ਕਰਦੇ ਹੋਵੋਗੇ ਅਤੇ ਉਸ ਆਗਿਆ ਵਾਲੇ ਅਵਸਰ ਦੀ ਉਡੀਕ ਮੋਨੀ ਬਣ ਕੇ ਕਰਿਆ ਕਰਦੇ ਹੋਵੋਗੇ ?

**ਛੋਟਾ ਡਾਕਟਰ** : (ਹੱਸ ਕੇ) ਨਹੀਂ, ਮੈਂ ਆਪ ਦਾ ਅਸਲ ਮਤਲਬ ਸਮਝ ਗਿਆ, ਮੈਂ ਇਨ੍ਹਾਂ ਨੂੰ ਮਿਲਣ ਸਮੇਂ ਪ੍ਰਿਥਮ ਆਉਣ ਸਾਰ ਹੀ ਇਨ੍ਹਾਂ ਦਾ ਅਦਬ ਸਨਮਾਨ ਯਥਾ ਯੋਗ ਕਰਦਾ ਹਾਂ।

**ਸਿੰਘ** : ਓਹ ਕਿਸ ਤਰ੍ਹਾਂ, ਮਨ ਹੀ ਮਨ ਅੰਦਰ ਅਥਵਾ ਪ੍ਰਗਟ ਇਸ਼ਾਰਿਆਂ ਦੁਆਰਾ ?

**ਛੋਟਾ ਡਾਕਟਰ** : (ਹੱਸ ਕੇ) ਮਨ ਹੀ ਮਨ ਅੰਦਰ ਹੀ ਨਹੀਂ ਬਲਕਿ ਮੈਂ ਆਪਣੇ ਹੱਥ ਦੀ ਹਰਕਤ ਦੁਆਰਾ ਆਪਣੀ ਟੋਪੀ ਨੂੰ ਸਿਰੋਂ ਉਤਾਰ ਕੇ ਇਨ੍ਹਾਂ ਦਾ ਅਦਬ ਸਨਮਾਨ ਕਰਦਾ ਹਾਂ ਅਤੇ ਮੂੰਹੋਂ ਭੀ ਅਦਬ ਸਨਮਾਨ ਦੇ ਪਦ ਉਚਾਰਨ ਕਰਦਾ ਹਾਂ ਜੈਸੇ ਕਿ ਅਸਾਡਾ (ਅੰਗਰੇਜ਼ਾਂ ਦਾ) ਰਿਵਾਜ ਹੈ।

**ਸਿੰਘ** : ਕੀ ਆਪ ਆਪਣੇ ਇਸ ਅਦਬ ਸਨਮਾਨ ਦੇ ਕਰਤਬ ਨੂੰ ਬੁਤ ਪ੍ਰਸਤੀ ਸਮਝਦੇ ਹੋ ?

**ਛੋਟਾ ਡਾਕਟਰ** : ਆਮ ਤੌਰ ਤੇ ਤਾਂ ਨਹੀਂ ਐਸਾ ਸਮਝਿਆ ਜਾਂਦਾ।

**ਸਿੰਘ** : ਤਦ ਸਿੱਖਾਂ ਦੇ ਅਦਬ ਸਨਮਾਨ ਨੂੰ ਕਿਉਂ ਬੁਤ ਪ੍ਰਸਤੀ ਸਮਝਿਆ ਜਾਵੇ। ਫ਼ਰਕ ਤਾਂ ਕੇਵਲ ਅਦਬ ਸਨਮਾਨ ਦੇ ਤਰੀਕੇ ਦਾ ਹੀ ਹੈ ਨਾ, ਅਤੇ ਏਹ ਫਰਕ ਹੋਣਾ ਭੀ ਜ਼ਰੂਰ ਚਾਹੀਦਾ ਹੈ। ਆਪ ਲੋਕਾਂ ਦਾ ਆਪਦੇ ਦੇਸ਼ ਦੇ ਰਿਵਾਜ ਅਨੁਸਾਰ ਵੱਖ-ਵੱਖ ਗੁਣਾਂ ਵਾਲੇ ਪੁਰਸ਼ਾਂ ਨੂੰ ਅਦਬ ਸਨਮਾਨ ਕਰਨ ਦਾ ਢੰਗ ਵੀ ਵੱਖੋ-ਵੱਖ ਹੈ ਅਰਥਾਤ ਘਟ ਹੁੱਦੇ ਵਾਲੇ ਅਫ਼ਸਰ ਦਾ ਏਤਨਾ ਸਨਮਾਨ ਨਹੀਂ, ਜਿਤਨਾ ਵੱਧ ਹੁੱਦੇ ਵਾਲੇ ਦਾ ਹੈ। ਸਿੱਖ ਸੰਸਾਰ ਭਰ ਵਿਚੋਂ ਸਭ ਤੋਂ ਵਧੀਕ ਸਨਮਾਨ ਯੋਗ ਅਰਥਾਤ ਸਨਮਾਨ ਦਾ ਪਾਤਰ ਜੋ ਸਮਝਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਦੇ ਹਨ ਕਿਉਂਕਿ ਅਜਿਹੇ ਗੁਣਾਂ ਵਾਲਾ ਗੁਣੀ ਸਰੂਪ ਹੋਰ ਕੋਈ ਹੈ ਨਹੀਂ (ਜੈਸਾ ਕਿ ਗੋਸ਼ਟ ਅੰਦਰ ਸਾਬਤ ਹੋ ਚੁੱਕਾ ਹੈ) ਫੇਰ ਅਜਿਹੇ ਸਰਬ ਸ਼੍ਰੋਮਣੀ ਅਤੇ ਪਰਮ ਪ੍ਰਤਿਸ਼ਟਾ ਯੋਗ ਸ੍ਰੇਸ਼ਟ ਸਰੂਪ ਦਾ ਸਨਮਾਨ ਭੀ ਸਰਬ ਪ੍ਰਕਾਰ ਦੇ ਸਨਮਾਨਾਂ ਨਾਲੋਂ ਅਤਯੰਤ ਸ੍ਰੇਸ਼ਟ ਅਤੇ ਵਿਲੱਖਣ ਹੋਣਾ ਲੋੜੀਂਦਾ ਹੈ। ਜਦ ਕਿ ਕੂੜਾਵੇ ਤ੍ਰੈਗੁਣਾਂ ਆਕਾਰਾਂ ਵਾਲੇ ਅਲਪੱਗ ਵਜੂਦਾਂ ਨੂੰ ਸੰਸਾਰ ਵਿਖੇ ਝੁਕ ਝੁਕ ਕੇ ਸਲਾਮਾਂ ਹੁੰਦੀਆਂ ਹਨ ਤਦ ਸੱਚੇ ਗੁਣਾਂ ਦੇ ਸਰੂਪ ਦੇ ਸਨਮਾਨ ਹਿਤ ਤਾਂ ਬਿੰਦ-ਬਿੰਦ ਅਤੇ ਚੁਖ-ਚੁਖ ਕਰ ਕੇ ਤਨ ਮਨ ਧਨ ਵਾਰਨੇ ਬਲਿਹਾਰਨੇ ਕਰ ਦੇਣੇ ਯੋਗ ਹਨ, ਨਾ ਕੇਵਲ ਸਿੱਖਾਂ ਨੂੰ ਕਿੰਤੂ ਸਰਬ ਸੰਸਾਰੀਆਂ ਨੂੰ। ਸਗੋਂ ਹੋਰਸ ਸੰਸਾਰੀਆਂ ਨੂੰ ਸਨਮਾਨ ਦਾ ਪਾਤਰ ਬਣਾਉਣਾ—ਭਾਵੇਂ ਉਹ ਸੰਸਾਰਕ ਗੁਣਾਂ ਕਰਕੇ ਕਿਤਨੇ ਹੀ ਉੱਚੇ ਕਿਉਂ ਨਾ ਬਣੇ ਫਿਰਨ—ਪੂਰੀ ਅਤੇ ਪੱਕੀ ਬੁਤ ਪ੍ਰਸਤੀ ਕਰਨਾ ਹੈ, ਕਿਉਂਕਿ ਚਾਹੇ ਕਿਤਨਾ ਹੀ ਵੱਡੇ ਤੋਂ ਵੱਡਾ ਸੰਸਾਰੀ ਹੋਵੇ, ਓੜਕ ਫੋਕੇ ਗੁਣਾਂ ਅਰਥਾਤ ਅਵਗੁਣਾਂ ਦਾ ਹੀ ਥੈਲਾ ਹੈ। ਸੰਸਾਰ ਦੀ ਬੜੀ ਅਸਚਰਜ ਗਤੀ ਹੈ ਕਿ ਗੁਣ ਬਿਹੂਣ ਫੋਕਟ ਹੱਡ ਚੰਮ ਮਾਸ ਦੇ ਪੰਜ ਭੂਤਕ ਪੁਤਲਿਆਂ ਅੱਗੇ ਸਿਰੋਂ ਟੋਪੀਆਂ ਉਤਾਰਨ ਵਾਲੇ ਤੇ ਲੰਮੀਆਂ ਲੰਮੀਆਂ ਝੁਕਵੀਆਂ ਸਲਾਮਾਂ ਕਰਨ ਵਾਲੇ ਵਤੀਰੇ ਨੂੰ ਤਾਂ ਕੋਈ ਬੁਤ ਪ੍ਰਸਤੀ ਨਹੀਂ ਕਹਿੰਦਾ, ਹਾਲਾਂਕਿ ਇਹ ਐਨ ਬੁਤ ਪ੍ਰਸਤੀ (ਮੁਜੱਸਮ ਬੁਤ ਪ੍ਰਸਤੀ) ਹੈ, ਅਤੇ ਸਚਮੁੱਚ ਸਨਮਾਨ ਯੋਗ ਸੱਚੇ ਗੁਣਾਂ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਤਨ ਮਨ ਵਾਰਨ ਵਾਲੇ ਸਿੱਖਾਂ ਦੇ ਸੱਚੇ ਸਨਮਾਨਤ ਤਰੀਕੇ ਨੂੰ ਸਭ ਕੋਈ ਮੂੰਹ ਪਾੜ ਕੇ ਬੁਤ ਪ੍ਰਸਤੀ ਕਹਿ ਦਿੰਦਾ ਹੈ।

**ਵੱਡਾ ਡਾਕਟਰ** : ਪਰ ਸਿੱਖ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਕਰਨ ਲੱਗੇ ਧਰਤੀ ਉੱਤੇ

ਮੱਥਾ ਟੇਕਦੇ ਹਨ, ਉਹਨਾਂ ਦਾ ਐਸਾ ਕਰਨਾ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਕਰਨਾ ਕਹਾ ਸਕਦਾ ਹੈ। ਬਲਕਿ ਧਰਤੀ ਨੂੰ ਮੱਥਾ ਟੇਕਣਾ ਧਰਤੀ (ਮਾਤਾ) ਦੀ ਪੂਜਾ ਹੈ।

**ਸਿੰਘ** : ਇਹ ਭੀ ਖਾਸੀ ਕਹੀ ! ਬੜੀ ਹੀ ਡੂੰਘੀ ਖੋਜ ਇਹ ਤਾਂ ਆਪ ਨੇ ਕੀਤੀ, ਆਪ ਲੋਗ ਪਰਸਪਰ ਇਕ ਦੂਜੇ ਦੇ ਅਫ਼ਸਰ ਨੂੰ ਜਦ ਟੋਪੀ ਲਾਹ ਕੇ ਸਨਮਾਨ ਕਰਦੇ ਹੋ ਤਾਂ ਟੋਪੀ ਲਾਹ ਕੇ ਉਸ ਦੇ ਮੂੰਹ ਉੱਤੇ ਤਾਂ ਨਹੀਂ ਮਾਰਦੇ ਹੋਵੋਗੇ ?

**ਵੱਡਾ ਡਾਕਟਰ** : ਐਸਾ ਕਦੇ ਹੋ ਸਕਦਾ ਹੈ, ਐਸਾ ਕਰਨਾ ਤਾਂ ਗੁਸਤਾਖ਼ੀ ਅਤੇ ਬੇਅਦਬੀ ਵਿਚ ਦਾਖ਼ਲ ਹੈ।

**ਸਿੰਘ** : ਫੇਰ ਭਲਾ ਟੋਪੀ ਨੂੰ ਲਾਹ ਕੇ ਕਿਥੇ ਸਿਟ ਦਿੰਦੇ ਹੋ ?

**ਵੱਡਾ ਡਾਕਟਰ** : ਕਿਤੇ ਭੀ ਨਹੀਂ, ਹੱਥ ਵਿਚ ਹੀ ਰਹਿੰਦੀ ਹੈ।

**ਸਿੰਘ** : ਉਸ ਸਣਟੋਪੀਏ ਹੱਥ ਨੂੰ ਕਿਥੇ ਰੱਖਦੇ ਹੋ ?

**ਵੱਡਾ ਡਾਕਟਰ** : ਕੋਈ ਧਰਤੀ ਪਰ ਤੇ ਨਹੀਂ ਟੇਕ ਦਿੰਦੇ ਬਲਕਿ ਉਹ ਟੋਪੀ ਵਾਲਾ ਹੱਥ ਬੁਲੰਦ ਹਵਾ ਵਿਖੇ ਰਹਿੰਦਾ ਹੈ।

**ਸਿੰਘ** : ਫਿਰ ਕੀ ਆਪ ਲੋਗਾਂ ਦਾ ਐਸਾ ਕਰਨਾ ਹਵਾ ਪ੍ਰਸਤੀ ਨਹੀਂ ?

**ਵੱਡਾ ਡਾਕਟਰ** : ਏਹ ਕੈਸੇ ?

**ਸਿੰਘ** : ਤਾਂ ਓਹ ਕੈਸੇ ?

[ਇਸ ਦੇ ਉਪਰ ਛੋਟੇ ਡਾਕਟਰ ਨੇ ਹੱਸ-ਹੱਸ ਕੇ ਖਿੱਲੀ ਮਚਾ ਦਿੱਤੀ ਅਤੇ ਵੱਡੇ ਡਾਕਟਰ ਹੋਰੀਂ ਨਿੰਮੋਝਾਣੇ ਜਿਹੇ ਹੋ ਗਏ, ਕਿੰਨਾ ਚਿਰ ਤਾਂ ਬਿਤਰ ਬਿਤਰ ਝਾਕਦੇ ਰਹੇ। ਓੜਕ ਨੂੰ ਹੌਲੀ ਦੇ ਕੇ ਆਖਣ ਲੱਗੇ :]

**ਵੱਡਾ ਡਾਕਟਰ** : ਮਤਲਬ ਇਹ ਹੈ ਕਿ ਆਪਦਾ ਸਨਮਾਨ ਦਾ ਤਰੀਕਾ ਓਸੇ ਤਰ੍ਹਾਂ ਹੀ ਹੈ ਅਤੇ ਅਸਾਂ ਦਾ ਏਸੇ ਤਰ੍ਹਾਂ ਹੈ।

**ਸਿੰਘ** : ਸਨਮਾਨ ਹਰ ਹਾਲਤ ਵਿਚ ਸਨਮਾਨ ਯੋਗ ਸਰੂਪ ਦੇ ਸਨਮੁਖ ਹੁੰਦਾ ਹੈ ਪਰੰਤੂ ਪ੍ਰਗਟਾਇਆ ਕੇਵਲ ਪੰਜ ਭੂਤਕ ਮੰਡਲ ਵਿਖੇ ਹੀ ਜਾਂਦਾ ਹੈ, ਸਨਮੁਖ ਸਨਮਾਨ ਯੋਗ ਸਰੂਪ ਦਾ ਸਥੂਲ ਸਰੀਰ ਹੀ ਸਨਮੁਖ ਹੁੰਦਾ ਹੈ, ਅਤੇ ਸਨਮਾਨ ਕਰਨਹਾਰ ਸਰੂਪ ਤੋਂ ਭੀ ਸਥੂਲ ਸਰੀਰ ਦੁਆਰਾ ਹੀ ਸਨਮਾਨ ਬਣ ਆ ਸਕਦਾ ਹੈ (ਅਦਾ ਹੋ ਸਕਦਾ ਹੈ) ਅਤੇ ਸਨਮਾਨ ਪ੍ਰਗਟ ਭੀ ਸਥੂਲ ਮੰਡਲ ਵਿਖੇ ਹੀ ਹੋ ਸਕਦਾ ਹੈ, ਪਰੰਤੂ ਹਰ ਹਾਲਤ ਵਿਚ ਸਨਮਾਨ ਜੋ ਕੀਤਾ ਜਾਂਦਾ ਹੈ ਸੋ ਸੂਖਮ ਸਰੂਪ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਜੋ ਸਥੂਲ ਆਕਾਰ ਅੰਦਰ ਵਿਦਮਾਨ ਹੁੰਦਾ ਹੈ।

**ਛੋਟਾ ਡਾਕਟਰ** : ਏਥੇ ਮੈਨੂੰ ਹੋਰ ਸ਼ੰਕਾ ਚੇਤੇ ਆ ਗਿਆ ਜੋ ਮੈਂ ਕਰਨਾ ਤਾਂ ਪਹਿਲਾਂ ਭੀ ਸੀ, ਪਰ ਓਦੋਂ ਔਟਲ ਗਿਆ ਸੀ।

**ਸਿੰਘ** : ਓਹ ਕੀ ! ਨਿਸੰਗ ਕਰੋ, ਜਿੰਨੇ ਕਰਨੇ ਹਨ ਸੋ ਹੁਣ ਕਰ ਲਵੋ, ਕਸਰ ਕੋਈ ਨਾ ਰਹੇ।

**ਛੋਟਾ ਡਾਕਟਰ** : ਬਸ, ਮੇਰਾ ਤਾਂ ਏਹੋ ਬਾਕੀ ਰਹਿੰਦਾ ਹੈ, ਹੋਰ ਕੋਈ ਨਹੀਂ ਅਤੇ ਇਹ ਭੀ ਅਸਲ ਪ੍ਰਚਲਤ ਵਿਸ਼ੇ ਪ੍ਰਥਾਇ ਨਹੀਂ। ਪ੍ਰਚਲਤ ਵਿਸ਼ੇ ਪ੍ਰਥਾਇ ਤਾਂ ਮੇਰੀ ਤਿਸ਼ਾ ਹੋ ਚੁੱਕੀ

ਹੈ। ਇਹ ਤਾਂ ਐਵੇਂ ਨਾਲ ਲਗਦਾ ਹੀ (by the way) ਸ਼ੰਕਾ ਫੁਰ ਪਿਆ ਸੀ, ਯਾਨੀ ਓਹ ਸੂਖਮ ਅਰਥਾਤ ਅੰਤ੍ਰੀਵ ਅਸਲੀ ਗੁਣ ਅੰਸ ਮਾਤਰ ਤਾਂ ਆਦਮੀ ਦੇ ਅੰਦਰ ਭੀ ਮੌਜੂਦ ਹਨ, ਫੇਰ ਆਦਮੀ ਨੂੰ ਅਦਬ ਸਨਮਾਨ ਕਰਨਾ ਆਪ ਦੇ ਨਿਕਟ ਕਿਉਂ ਬੁਤ ਪ੍ਰਸਤੀ ਹੈ ?

**ਸਿੰਘ** : ਆਦਮੀ ਅੰਦਰ ਤਾਂ ਆਮ ਤੌਰ ਤੇ (generally) ਬਹਿਰੰਗ ਨਕਲੀ ਗੁਣ ਹੀ ਵਰਤਦੇ ਹਨ ਤੇ ਇਨ੍ਹਾਂ ਦ੍ਰਿਸ਼ਟਮਾਨ ਗੁਣਾਂ ਨੂੰ ਹੀ ਆਮ ਤੌਰ ਤੇ ਸਨਮਾਨ ਹੁੰਦਾ ਹੈ। ਅੰਤ੍ਰੀਵ ਅਸਲੀ ਗੁਣ ਤਾਂ ਆਮ ਤੌਰ ਤੇ ਆਦਮੀ ਅੰਦਰ ਲੁਪਤ ਅਤੇ ਗੁਪਤ ਹੀ ਰਹਿੰਦੇ ਹਨ, ਸੋ ਸੰਸਾਰ ਦੇ ਆਮ ਵਤੀਰੇ ਵਿਚ ਉਸ ਸੂਖਮ ਸਰੂਪ ਅਰਥਾਤ ਅੰਤ੍ਰੀਵ ਅਸਲੀ ਗੁਣ ਨੂੰ ਮੁੱਖ ਰੱਖ ਕੇ ਤਾਂ ਸਨਮਾਨ ਹੀ ਮੂਲੋਂ ਨਹੀਂ ਹੁੰਦਾ। ਬਸ, ਦ੍ਰਿਸ਼ਟਮਾਨ ਤ੍ਰੈਗੁਣਾਂ ਨੂੰ ਮੁੱਖ ਰੱਖ ਕੇ ਸਨਮਾਨ ਹੁੰਦਾ ਹੈ, ਜੋ ਨਿਰੀ ਉਕਤ ਨਕਲੀ ਅਤੇ ਸ਼ਕਤ ਹੀਣ ਤ੍ਰੈਗੁਣਾਂ ਦੀ ਪ੍ਰਸਤਿਸ਼ ਹੈ, ਜਿਸ ਨੂੰ ਸਾਫ਼ ਬੁਤ ਪ੍ਰਸਤੀ ਕਹਿਣਾ ਯੋਗ ਹੈ।

**ਛੋਟਾ ਡਾਕਟਰ** : ਤਦ ਤਾਂ ਆਪ ਭੀ ਬਹੁਤ ਬੁਤ ਪ੍ਰਸਤੀ ਕਰਦੇ ਹੋ ?

**ਸਿੰਘ** : ਓਹ ਕਿਸ ਤਰ੍ਹਾਂ ?

**ਛੋਟਾ ਡਾਕਟਰ** : ਤੁਸੀਂ ਮੇਰਾ ਸਨਮਾਨ ਜੋ ਕਰਦੇ ਹੋ।

**ਸਿੰਘ** : ਮੈਂ ਆਪ ਨੂੰ ਕੇਵਲ ਫ਼ਤਹਿ ਗਜਾਉਂਦਾ ਹਾਂ ਜੋ ਸਿਰਫ਼ ਓਸ ਖ਼ਾਲਸ ਸਰੂਪ ਦਾ ਹੀ ਸਨਮਾਨ ਹੈ।

**ਛੋਟਾ ਡਾਕਟਰ** : ਪਰ ਗਜਾਉਂਦੇ ਤਾਂ ਮੇਰੇ ਸਾਹਮਣੇ ਆ ਕੇ ਹੋ।

**ਸਿੰਘ** : ਆਪ ਦੇ ਅੰਦਰ ਓਸ ਖ਼ਾਲਸ ਸਰੂਪ ਦੀ ਅੰਸ ਦਾ ਨਿਵਾਸ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਦ੍ਰਿੜ੍ਹ ਕਰਾ ਕੇ ਜਣਾਇਆ ਹੈ, ਆਪ ਦੇ ਅੰਦਰ ਹੀ ਨਹੀਂ, ਓਹ ਖ਼ਾਲਸ ਜੋਤ ਘਟ ਘਟ ਵਿਖੇ ਬਿਰਾਜਮਾਨ ਹੈ।

**ਛੋਟਾ ਡਾਕਟਰ** : ਪਰ ਮੈਂ ਆਪ ਦੇ ਅਕੀਦੇ ਅਨੁਸਾਰ ਖ਼ਾਲਸ ਬੰਦਾ ਤਾਂ ਹਾਂ ਨਹੀਂ, ਜੈਸਾ ਕਿ ਆਪ ਨੇ ਇਕ ਵਾਰ ਫ਼ਤਹਿ ਦੀ ਵਿਆਖਿਆ ਸਮੇਂ ਵਰਣਨ ਕੀਤਾ ਸੀ।

**ਸਿੰਘ** : ਬੇਸ਼ਕ, ਚਾਹੇ ਆਪ ਦੇ ਅੰਦਰ ਉਹ ਖ਼ਾਲਸ ਜੋਤ ਜਗਦੀ ਨਹੀਂ, ਅਤੇ ਨਾ ਹੀ ਅਜੇ ਜਗਣ ਲੱਗੀ ਹੈ, ਅਤੇ ਇਸ ਕਰਕੇ ਆਪ ਅਜੇ ਖ਼ਾਲਸ ਬੰਦੇ ਸਦਾਉਣ ਦੇ ਹੱਕਦਾਰ ਨਹੀਂ ਬਣੇ, ਪਰ ਫੇਰ ਉਹ ਜੋਤ ਆਪਣੀ ਮੱਧਮ ਦਸ਼ਾ ਵਿਚ ਦਮਕਦੀ ਅਤੇ ਬਰਾਜਦੀ ਹੋਈ ਮੈਨੂੰ ਤਾਂ ਪ੍ਰਤੱਖ ਪ੍ਰਤੀਤ ਹੋ ਰਹੀ ਹੈ।

**ਛੋਟਾ ਡਾਕਟਰ** : ਪਰ ਇਹ ਫ਼ਤਹਿ ਆਪ ਜਣੇ ਕਣੇ ਮੇਰੇ ਵਰਗੇ ਅੰਗਰੇਜ਼ ਨੂੰ ਤਾਂ ਨਹੀਂ ਗਜਾਉਂਦੇ, ਜੈਸਾ ਕਿ ਆਪ ਅੱਗੇ ਮੈਨੂੰ ਵੰਗਾਰ ਕੇ ਦੱਸ ਚੁੱਕੇ ਹੋ। ਕੀ ਉਨ੍ਹਾਂ ਦੇ ਘਟ ਅੰਦਰ ਅਜਿਹੀ ਮੱਧਮ ਦਸ਼ਾ ਵਿਖੇ ਉਹ ਖ਼ਾਲਸ ਸਰੂਪ ਨਹੀਂ ਵਿਆਪ ਰਿਹਾ ?

**ਸਿੰਘ** : ਉਨ੍ਹਾਂ ਨਾਲ ਮੇਰਾ ਵਾਸਤਾ ਕੋਈ ਨਹੀਂ ਪੈਂਦਾ, ਜਿਸ ਬੰਦੇ ਨਾਲ ਵਾਹ ਪਵੇ ਓਸੇ ਸਹਿਤ ਹੀ ਫ਼ਤਹਿ ਗਜਾਉਣੀ ਬਣਦੀ ਹੈ, ਐਵੇਂ ਰਾਹ ਜਾਂਦੇ ਜਣੇ ਕਣੇ ਬੰਦੇ ਨੂੰ ਫ਼ਤਹਿ ਗਜਾਉਣੀ ਨਹੀਂ ਬਣਦੀ।

**ਛੋਟਾ ਡਾਕਟਰ** : ਪਰ ਆਪ ਮੈਨੂੰ ਦੱਸ ਚੁੱਕੇ ਹੋ ਕਿ ਇਕ ਸਿੱਖ ਦੂਜੇ ਸਿੱਖ ਨੂੰ ਰਾਹ ਜਾਂਦੇ ਨੂੰ ਭੀ ਫ਼ਤਹਿ ਗਜਾ ਦੇਂਦਾ ਹੈ, ਚਾਹੇ ਉਹ ਉਸਦਾ ਜਾਣੂ ਹੋਵੇ ਚਾਹੇ ਨਾ ਹੋਵੇ, ਕੀ ਇਸ ਹਾਲਤ ਵਿਚ ਵਾਹ ਦਾ ਨਾਤ੍ਹਾ ਵਧੇਰੇ ਹੁੰਦਾ ਹੈ ?

**ਸਿੰਘ** : ਸਿੱਖ ਦਾ ਸਿੱਖ ਨਾਲ ਖ਼ਾਸ ਵਾਹ ਹੈ। ਏਕ ਖਾਲਸ ਸਰੂਪ ਦੇ ਖਾਲਸ ਬੰਦੇ ਹੋਣ ਕਰਕੇ ਸਿੱਖਾਂ ਦਾ ਪਰਸਪਰ ਖ਼ਾਸ ਨਾਤਾ ਹੁੰਦਾ ਹੈ ਅਤੇ ਓਸੇ ਏਕ ਖਾਲਸ ਸਰੂਪ ਦੀ ਉਪਾਸਨਾ ਦੇ ਸਾਂਝੇ ਜਗਿਆਸੂ ਉਪਾਸ਼ਕ ਸਖੇ ਹੋਣ ਕਰਕੇ ਇਕ ਸਿੱਖ ਦਾ ਦੂਜੇ ਸਿੱਖ ਨਾਲ ਖ਼ਾਸ ਵਾਹ ਪੈਂਦਾ ਹੈ। ਏਸੇ ਖ਼ਾਸ ਵਾਹ ਦੇ ਕਾਰਨ ਸਿੱਖਾਂ ਦੀ ਫ਼ਤਹਿ ਭੀ ਪਰਸਪਰ ਖ਼ਾਸ ਸਨਮਾਨ ਵਾਲੀ ਹੁੰਦੀ ਹੈ। ਇਹ ਖ਼ਾਸ ਪ੍ਰਮਾਰਥੀ ਨਾਤਾ ਅਤੇ ਵਾਹ ਸਿੱਖ ਦਾ ਸਿੱਖ ਨਾਲ ਹੀ ਹੈ, ਜਿਸ ਬੰਦੇ ਨਾਲ ਸਿੱਖ ਦਾ ਇਹ ਖਾਸ ਵਾਹ ਨਹੀਂ ਪੈਂਦਾ, ਪਰੰਤੂ ਐਵੇਂ ਵਿਵਹਾਰ ਮਾਤਰ ਹੀ ਸੰਯੋਗ ਆ ਜੁੜਿਆ ਹੈ, ਉਸ ਨੂੰ ਸਿੱਖ ਫ਼ਤਹਿ ਜੋ ਗਜਾਉਂਦਾ ਹੈ, ਉਹ ਉਸ ਫ਼ਤਹਿ ਜੈਸੀ ਖ਼ਾਸ ਸਨਮਾਨ ਪੂਰਤ ਫ਼ਤਹਿ ਨਹੀਂ ਹੁੰਦੀ, ਵਾਹ ਪੂਰਬਿਕ ਹੀ ਫ਼ਤਹਿ ਹੁੰਦੀ ਹੈ ਅਤੇ ਜਿਨ੍ਹਾਂ ਕੁਦਰਤ ਦੇ ਬੰਦਿਆਂ ਨਾਲ ਸਿੱਖਾਂ ਦਾ ਵਿਵਹਾਰ ਕਰਕੇ ਭੀ ਕੋਈ ਵਾਹ ਨਹੀਂ ਪੈਂਦਾ, ਉਨ੍ਹਾਂ ਨਾਲ ਫ਼ਤਹਿ ਦਾ ਸੰਯੋਗ ਭੀ ਨਹੀਂ ਜੁੜਦਾ। ਏਤਨਾ ਜ਼ਰੂਰ ਹੈ, ਕੁਦਰਤ ਦੇ ਬੰਦੇ ਜਾਣ ਕੇ ਉਨ੍ਹਾਂ ਨੂੰ ਸਿੱਖ ਸਤਾਉਂਦਾ ਨਹੀਂ, ਉਨ੍ਹਾਂ ਦਾ ਬੁਰਾ ਨਹੀਂ ਚਿਤਵਦਾ। ਵਾਹ ਲਗਦੀ ਦੁਖੀ ਦੇਖ ਕੇ ਉਨ੍ਹਾਂ ਦੇ ਦੁਖ ਦੂਰ ਕਰਦਾ ਹੈ ਅਤੇ ਜੋ ਸ਼ਰਨ ਆਵੇ ਤਿਸ ਨੂੰ ਕੰਠ ਲਾਉਂਦਾ ਹੈ, ਤ੍ਰਿਸਕਾਰਦਾ ਨਹੀਂ, ਸਭ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦਾ ਹੈ।

**ਛੋਟਾ ਡਾਕਟਰ** : ਅੱਛਾ, ਤਾਂ ਮਲੂਮ ਹੋਇਆ ਕਿ ਆਪ ਮੈਨੂੰ ਅਸਲ ਸਨਮਾਨ ਸਹਿਤ ਫ਼ਤਹਿ ਨਹੀਂ ਗਜਾਉਂਦੇ, ਜੈਸਾ ਕਿ ਸਿੱਖਾਂ ਨੂੰ ਗਜਾਉਂਦੇ ਹੋ, ਉਹ ਅਸਲ ਸਨਮਾਨ ਵਾਲੀ ਫ਼ਤਹਿ ਭਲਾ ਕਿਵੇਂ ਹੁੰਦੀ ਹੈ ?

**ਸਿੰਘ** : ਬਸ, ਸਿੱਖ ਸਿੱਖ ਨੂੰ ਦੋਏ ਹੱਥ ਜੋੜ ਕੇ ਫ਼ਤਹਿ ਗਜਾਊ ਅਤੇ ਦੋਵੇਂ ਇਕ ਦੂਜੇ ਨੂੰ ਨਿਵ ਨਿਵ ਕੇ ਅਤੇ ਤ੍ਰੁਠ ਤ੍ਰੁਠ ਕੇ ਮਿਲਣਗੇ।

**ਛੋਟਾ ਡਾਕਟਰ** : ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਿਹਾ ਕਿ ਸਿੱਖ ਸਨਮਾਨ ਕਰਦੇ ਹਨ, ਤੇਹਾ ਸਿੱਖ ਪਰਸਪਰ ਇਕ ਦੂਜੇ ਦਾ ਭੀ ਨਹੀਂ ਕਰਦੇ ਹੋਣਗੇ ?

**ਸਿੰਘ** : ਬੇਸ਼ਕ, ਨਹੀਂ ਕਰਦੇ, ਸਿੱਖ ਨੂੰ ਸਿੱਖ ਦਾ ਸਨਮਾਨ ਸਿੱਖ ਦੀ ਹੈਸੀਅਤ ਵਿਚ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਦਾ ਸਨਮਾਨ ਗੁਰੂ ਦੀ ਹੈਸੀਅਤ ਵਿਚ ਹੈ।

**ਛੋਟਾ ਡਾਕਟਰ** : ਤਾਂ ਇਹ ਗੁਰੂ ਵਾਲੀ ਪਦਵੀ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਹਾਸਲ ਹੈ, ਹੋਰ ਕਿਸੇ ਨੂੰ ਨਹੀਂ ?

**ਸਿੰਘ** : ਹਰਗਿਜ਼ ਨਹੀਂ।

**ਛੋਟਾ ਡਾਕਟਰ** : ਸਿੱਖ ਨੂੰ ਭੀ ਨਹੀਂ ?

**ਸਿੰਘ** : ਬਸ, ਸਿੱਖ ਸਿੱਖ ਹੀ ਹੈ, ਗੁਰੂ ਨਹੀਂ ਬਣ ਸਕਦਾ।

**ਛੋਟਾ ਡਾਕਟਰ** : ਪਰ ਜਿਸ ਸਿੱਖ ਵਿਚ ਗੁਰੂ ਵਾਲੇ ਗੁਣ ਘਟ ਜਾਣ ਅਰਥਾਤ ਜੇ ਕੋਈ ਗੁਰੂ ਵਾਲੇ ਗੁਣਾਂ ਵਿਚ ਲੀਨ ਹੋ ਜਾਵੇ, ਕੀ ਉਹ ਵੀ ਗੁਰੂ ਨਹੀਂ ਬਣ ਸਕਦਾ ?



www.sikhbookclub.com

**ਸਿੰਘ** : ਗੁਰੂ ਬਣ ਬੈਠਣਾ ਕੋਈ ਆਪਣੀ ਉਛਲ ਦੀ ਗੱਲ ਥੋੜੇ ਹੈ, ਗੁਰੂ ਦੇ ਗੁਣਾਂ ਵਿਖੇ ਲੀਨ ਹੋ ਜਾਣਾ ਕੁਛ ਹੋਰ ਗੱਲ ਹੈ ਅਤੇ ਗੁਰੂ ਦੀ ਪਦਵੀ ਨੂੰ ਪ੍ਰਾਪਤ ਹੋਣਾ ਕੁਛ ਹੋਰ।

**ਛੋਟਾ ਡਾਕਟਰ** : ਇਹ ਕਿਵੇਂ ?

**ਸਿੰਘ** : ਕੀ ਡਾਕਟਰੀ ਦੇ ਅਸੂਲਾਂ ਦਾ ਜਾਣੂ ਹੋਣ ਕਰਕੇ ਅਤੇ ਡਾਕਟਰੀ ਵਿਦਿਆ ਵਿਚ ਮਾਹਰ ਹੋਣ ਕਰਕੇ ਹਰੇਕ ਪੁਰਸ਼ ਡਾਕਟਰ ਬਣ ਜਾਂਦਾ ਹੈ ?

**ਛੋਟਾ ਡਾਕਟਰ** : ਨਹੀਂ, ਜਿਸ ਨੂੰ ਸਰਕਾਰ ਵੱਲੋਂ ਡਾਕਟਰੀ ਦਾ ਲੈਸੰਸ (license) ਮਿਲਦਾ ਹੈ, ਓਹੀ ਡਾਕਟਰ ਬਣ ਸਕਦਾ ਹੈ।

**ਸਿੰਘ** : ਸੋ ਏਸੇ ਤਰ੍ਹਾਂ ਜਿਸ ਨੂੰ ਉਸ ਸੱਚੀ ਸਰਕਾਰ ਵੱਲੋਂ ਗੁਰਿਆਈ ਦਾ ਲੈਸੰਸ ਮਿਲਦਾ ਹੈ, ਕੇਵਲ ਓਹੋ ਗੁਰੂ ਦੀ ਪਦਵੀ ਨੂੰ ਪ੍ਰਾਪਤ ਹੋ ਸਕਦਾ ਹੈ, ਹੋਰ ਕੋਈ ਨਹੀਂ। ਸੋ ਅੱਜ ਕੱਲ ਅਰਥਾਤ ਕਲੀ ਕਾਲ ਵਿਖੇ ਸਦੀਵ ਲਈ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਦੀ ਪਦਵੀ ਪ੍ਰਾਪਤ ਹੈ ਅਤੇ ਗੁਰਮਤਿ ਦਾ ਇਹ ਅਟੱਲ ਨਿਯਮ ਹੈ ਕਿ ਇਕ ਸਮੇਂ ਅੰਦਰ (at one and the same time) ਬੱਸ, ਇੱਕਾ ਹੀ ਗੁਰੂ ਹੋ ਸਕਦਾ ਹੈ, ਦੂਤੀਆ ਨਹੀਂ, ਸੋ ਇਹਨਾਂ ਗੁਰਮਤਿ ਦੇ ਗੂੜ੍ਹ ਨਿਯਮਾਂ ਤੋਂ ਕੇਵਲ ਗੁਰਸਿੱਖ ਹੀ ਜਾਣੂ ਹਨ, ਆਪ ਦੀ ਸਮਝ ਅੰਦਰ ਇਸ ਭੇਦ ਦਾ ਗੂੜ੍ਹ ਪਰਮਾਰਥੀ ਆਂਸ਼ਾ ਆਉਣਾ ਅਤਯੰਤ ਔਖਾ ਹੈ।

**ਛੋਟਾ ਡਾਕਟਰ** : ਬੇਸ਼ਕ, ਇਹ ਠੀਕ ਹੈ ਅਤੇ ਸਾਡਾ ਪ੍ਰਕਰਣ ਭੀ ਇਹ ਨਹੀਂ। ਜੋ ਸਾਡਾ ਪ੍ਰਕਰਣ ਚਲਿਆ ਹੋਇਆ ਸੀ, ਮੇਰੇ ਖ਼ਿਆਲ ਅੰਦਰ ਉਸ ਦੇ ਉਪਰ ਪੂਰਨ ਵਿਚਾਰ ਹੋ ਚੁੱਕੀ ਹੈ, ਇਸ ਤੋਂ ਵਧ ਕੇ ਹੁਣ ਹੋਰ ਕੀ ਹੋਣੀ ਹੈ।

**ਸਿੰਘ** : ਆਪ ਨੂੰ ਕੋਈ ਹੋਰ ਸ਼ੰਕਾ ਨਹੀਂ ?

**ਛੋਟਾ ਡਾਕਟਰ** : ਮੈਨੂੰ ਤਾਂ ਹੋਰ ਕੋਈ ਨਹੀਂ, ਵੱਡੇ ਡਾਕਟਰ ਹੋਰਾਂ ਨੂੰ ਪੁੱਛ ਲਵੋ। ਕਿਉਂ ਡਾਕਟਰ ਜੀ, ਆਪ ਨੂੰ ਹੋਰ ਕੋਈ ਸ਼ੰਕਾ ਤਾਂ ਨਹੀਂ ?

**ਵੱਡਾ ਡਾਕਟਰ** : ਮੇਰੇ ਸ਼ੰਕੇ ਗੋਚਰੀ ਗੱਲ ਇਸ ਵਿਸ਼ੇ ਪ੍ਰਥਾਇ ਤਾਂ ਕੋਈ ਰਹੀ ਦਿਸਦੀ ਨਹੀਂ। ਗੁਰਮਤਿ ਸਬੰਧੀ ਹੋਰ ਕਈ ਗੱਲਾਂ ਉੱਤੇ ਵਿਚਾਰ ਪੂਰਬਕ ਪ੍ਰਸ਼ਨ ਦੀ ਤਾਂਘ ਹੈ, ਸੋ ਕਿਸੇ ਹੋਰ ਸਮੇਂ ਸਹੀ।

**ਛੋਟਾ ਡਾਕਟਰ** : ਉਹ ਤਾਂ ਮੈਂ ਭੀ ਕਈ ਗੱਲਾਂ ਉੱਤੇ ਏਹਨਾਂ (ਸਿੰਘ ਹੋਰਾਂ) ਨਾਲ ਵਿਚਾਰ ਕਰਨੀ ਹੈ, ਪਰ ਕਿਸੇ ਵੇਹਲ ਦੇ ਸਮੇਂ ਸਹੀ।

**ਸਿੰਘ** : ਆਪ ਕਿਤੇ ਸਮੇਂ ਦੀ ਥੁੜੋਂ ਕਰਕੇ ਅੱਕੇ ਅਕਾਏ ਤਾਂ ਨਹੀਂ ਜਾਂਦੇ ? ਜੇ ਕੁਛ ਹੋਰ ਸ਼ੰਕਾ ਕਰਨਾ ਹੋਵੇ ਤਾਂ ਕੋਈ ਹੋਰ ਦਿਨ ਇਸੇ ਵਿਸ਼ੇ ਦੀ ਵਿਚਾਰ ਪ੍ਰਥਾਇ ਨੀਯਤ ਕਰ ਲਵੋ।

**ਦੋਵੇਂ ਡਾਕਟਰ** : ਨਹੀਂ, ਨਹੀਂ, ਐਸਾ ਕੋਈ ਖ਼ਿਆਲ ਨਹੀਂ ਸਾਨੂੰ ਸਚਮੁੱਚ ਕੋਈ ਸ਼ੰਕਾ ਬਾਕੀ ਨਹੀਂ ਰਿਹਾ।

**ਛੋਟਾ ਡਾਕਟਰ** : ਅਜੀ! ਅੱਜ ਗੁਰਮਤਿ ਦੇ ਇਸ ਅਸੂਲ ਉੱਤੇ ਇਕ ਨਵੀਨ ਹੀ ਰੌਸ਼ਨੀ

**ਛੋਟਾ ਡਾਕਟਰ** : ਅਜੀ ! ਅੱਜ ਗੁਰਮਤਿ ਦੇ ਇਸ ਅਸੂਲ ਉੱਤੇ ਇਕ ਨਵੀਨ ਹੀ ਰੌਸ਼ਨੀ (light) ਪਈ ਹੈ !! ਸਾਨੂੰ ਤਾਂ ਸੁਪਨੇ ਮਾਤਰ ਭੀ ਐਸਾ ਖ਼ਿਆਲ ਨਹੀਂ ਸੀ ਕਿ ਸਿੱਖ ਮਤ ਦੇ ਅਜਿਹੇ ਅਧਿਭੁਤ ਅਸੂਲ ਹੋਣਗੇ !!!

**ਵੱਡਾ ਡਾਕਟਰ** : ਬੇਸ਼ਕ, ਆਮ ਲੋਕਾਂ ਦੇ ਚਿੱਤਾਂ ਵਿਚ ਬਹੁਤ ਸਾਰੀਆਂ ਗ਼ਲਤ ਫ਼ਹਿਮੀਆਂ ਬੈਠੀਆਂ ਹੋਈਆਂ ਹਨ, ਹੋਰ ਤਾਂ ਹੋਰ ਬਹੁਤ ਸਾਰੇ ਸਿੱਖਾਂ ਦੇ ਚਿੱਤਾਂ ਅੰਦਰ ਭੀ ਕੁਸਮਝੀਆਂ ਪਈਆਂ ਹੋਈਆਂ ਹਨ। ਮੇਰੇ ਨਾਲ ਕਈਆਂ ਸਿੱਖਾਂ ਦਾ ਵਾਹ ਪਿਆ ਹੈ, ਉਹ ਕਦੇ ਇਸ ਗੁੰਝਲ ਨੂੰ ਸੁਲਝਾ ਹੀ ਨਹੀਂ ਸਕੇ, ਅਤੇ ਕਦੇ ਭੀ ਇਹ ਸਾਬਤ ਨਹੀਂ ਕਰ ਸਕਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਾਸ਼ਨਾ ਬੁਤ ਪ੍ਰਸਤੀ ਨਹੀਂ, ਸਗੋਂ ਇਹੋ ਉੱਤਰ ਦੇ ਛੱਡਿਆ ਕਰਦੇ ਹਨ ਕਿ ਜੀ ! ਸਿੱਖਾਂ ਵਿਚ ਇਹ ਰਿਵਾਜ ਹੀ ਪਿਆ ਚਲਿਆ ਆਉਂਦਾ ਹੈ, ਦੇਖਾ ਦੇਖੀ ਅਸੀਂ ਭੀ ਮੱਥਾ ਟੇਕ ਛੱਡਦੇ ਹਾਂ।

**ਸਿੰਘ** : ਉਹ ਸਿੱਖ ਹੀ ਐਵੇਂ ਦੇਖਾ ਦੇਖੀ ਦੇ ਸਿੱਖ ਹੋਣੇ ਹਨ। ਸਿੱਖਾਂ ਨਾਲ ਅਜੇ ਤਾਈਂ ਆਪ ਦਾ ਵਾਹ ਨਹੀਂ ਪਿਆ।

**ਵੱਡਾ ਡਾਕਟਰ** : ਫਿਰ ਕਿਉਂ ਨਹੀਂ, ਐਸੇ ਅਯੋਗ ਹਮਲਿਆਂ (attacks) ਨੂੰ ਹਟਾਇਆ ਜਾਂਦਾ।

**ਛੋਟਾ ਡਾਕਟਰ** : (ਸਿੰਘ ਨੂੰ) ਮੇਰੇ ਖ਼ਿਆਲ ਵਿਚ ਆਪ ਸਰਦਾਰ ਜੀ, ਇਸ ਮਜ਼ਮੂਨ ਨੂੰ ਜ਼ਰੂਰ ਇਕ ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕਰੋ। ਹੋਰ ਨਹੀਂ ਤਾਂ ਜੋ ਗੋਸ਼ਟ ਅਸਾਡੇ ਦਰਮਿਆਨ ਹੋਈ ਹੈ, ਉਸ ਨੂੰ ਮੁੱਢ ਤੋਂ ਪ੍ਰਸ਼ਨੋਤਰੀ ਦੇ ਤੌਰ ਤੇ ਇਕ ਪੁਸਤਕ ਅੰਦਰ ਪਰੋ ਕੇ ਪ੍ਰਕਾਸ਼ਤ ਕਰ ਦਿਓ, ਇਸ ਵਿਚ ਬਿਲਕੁਲ ਘੌਲ ਨਹੀਂ ਕਰਨੀ ਲੋੜੀਂਦੀ।

**ਸਿੰਘ** : ਹੈ ਤਾਂ ਆਪ ਦਾ ਖ਼ਿਆਲ ਬੜਾ ਪਵਿੱਤਰ ਪਰ ਗੁਰੂ ਦੇ ਅਧੀਨ ਹੈ। ਦੇਖੀਏ ਕਦ ਪੁਰਸ਼ਾਰਥ ਬਖ਼ਸ਼ਦਾ ਹੈ, ਅੱਜ ਆਪ ਦੇ ਵਿਚ ਦੀ ਏਹ ਪਵਿੱਤਰ ਪ੍ਰੇਰਨਾ ਜੋ ਹੋਈ ਹੈ, ਗੁਰੂ ਇਸ ਨੂੰ ਕਦੇ ਤਾਂ ਫਲੀ-ਭੂਤ ਕਰੇਗਾ ਹੀ, ਮੈਂ ਪ੍ਰਕਾਸ਼ਤ ਕਰਨ ਵਾਲਾ ਕੌਣ ਹਾਂ, ਆਪਣੀ ਸੇਵਾ ਆਪ ਕਰਾਵਣਹਾਰ, ਕੇਵਲ ਸਮਰੱਥ ਗੁਰੂ ਹੀ ਹੈ, ਅਸਾਂ ਦੀ ਤਾਂ ਬੇਨਤੀ ਹੀ ਹੋ ਸਕਦੀ ਹੈ, ਸੇਵਕਾਂ ਤੋਂ ਸੇਵਾ ਤਦੇ ਹੀ ਬਣ ਆਉਂਦੀ ਹੈ ਜੇ ਗੁਰੂ ਕ੍ਰਿਪਾਲ ਹੋ ਕੇ ਆਪ ਕਰਾਵੇ :

"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥"

---

ਨੋਟ : ਪਹਿਲੀ ਪੁਸਤਕ ਏਥੇ ਤਕ ਹੀ ਸੀ। ਇਸ ਤੋਂ ਅਗਲਾ ਪ੍ਰਕਰਣ ਤੀਜੀ ਐਡੀਸ਼ਨ ਤੋਂ ਨਵਾਂ ਸ਼ਾਮਲ ਹੋਇਆ ਹੈ।

—ਨਾਹਰ ਸਿੰਘ ਗਯਾਨੀ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ !

ਸ. ਗੁਰਪਾਲ ਸਿੰਘ ਜੀ (ਲੰਡਨ) ਆਡੀਟਰ ਅੰਮ੍ਰਿਤਸਰ ਨੇ ਸ਼ੰਕਾ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਕਿਵੇਂ ਹਨ ? ਏਸ ਸ਼ੰਕੇ ਦੀ ਨਵਿਰਤੀ ਲਈ ਹੇਠ ਲਿਖੀ ਵਿਚਾਰ ਪ੍ਰਸ਼ਨੋਤਰੀ ਵਿਚ ਪ੍ਰਗਟ ਕੀਤੀ ਜਾਂਦੀ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹਨ, ਗੁਰੂ ਨਾਨਕ ਦਸਮੇਸ਼ ਜੀ ਗੋਬਿੰਦ ਰੂਪ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਹੀ ਗੁਰੂ ਪਾਤਸ਼ਾਹੀਆਂ ਦਾ ਸੱਚਾ ਸਰੂਪ ਹਨ, ਅਕਾਲ ਪੁਰਖ ਸੰਯੁਕਤ (ਸਣੇ) ਸਾਰੇ ਨਿਜ ਗੁਣਾਂ ਦੇ ਗੁਰੂ ਸਾਹਿਬਾਨ ਦੇ ਜਾਮਿਆਂ ਅੰਦਰ ਹਲੂਲ ਕਰਿ ਆਇਆ ਹੈ ਅਤੇ ਬਾਰੰਬਾਰੀ ਹਲੂਲ ਕਰ ਆਇਆ ਹੈ। ਅਕਾਲ ਪੁਰਖ ਦੇ ਗੁਰੂ ਜਾਮਿਆਂ ਅੰਦਰ ਹਲੂਲ[1] ਕਰ ਆਉਣ ਕਰਕੇ ਹੀ ਗੁਰੂ ਸਾਹਿਬਾਨ ਨੇ ਆਪਣੇ ਨਿਜ ਸਰੂਪਾਂ ਨੂੰ ਅਕਾਲ ਪੁਰਖ ਦੇ ਮਹਲ ਕਰਕੇ ਵਰਣਨ ਕੀਤਾ ਹੈ। ਏਸੇ ਕਰਕੇ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਆਦਿ ਨਾਵਾਂ ਨਾਲ ਗੁਰੂ ਪਾਤਸ਼ਾਹੀਆਂ ਸੰਕੇਤਤ ਹਨ। ਅਕਾਲ ਪੁਰਖ ਦੇ ਸਭ ਗੁਣ, ਸਮੁੱਚੇ ਗੁਣ ਹਰੇਕ ਗੁਰੂ ਜਾਮੇ ਅੰਦਰ ਆਣ ਉਤਰੇ ਹਨ, ਉਤਰਦੇ ਰਹੇ

---

੧. ਸਿੱਖਾਂ ਦਾ ਇਹ ਨਿਸਚਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ ਤੇ ਏਹੋ ਨਿਸਚਾ ਗੁਰਸਿੱਖੀ ਦਾ ਮੁੱਖ ਸਿਧਾਂਤ ਹੈ ਕਿ ਗੁਰੂ ਨਾਨਕ ਦੇਵ ਜੀ ਜੋਤਿ ਕਰਕੇ ਅਕਾਲ ਪੁਰਖ ਦਾ ਸਰੂਪ ਹਨ। ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਬਾਕੀ ਗੁਰੂਆਂ ਵਿਚ ਪ੍ਰਵੇਸ਼ ਕਰਦੀ, ਉਤਰਦੀ ਰਹੀ। ਜੈਸਾ ਕਿ ਵਾਕ ਹੈ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ' (ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ) ਇਸ ਕਰਕੇ ਦਸੇ ਗੁਰੂ ਇਕ ਸਰੂਪ ਹਨ। ਏਹੋ ਜੋਤਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸੇ ਕਰਕੇ ਦਸਾਂ ਗੁਰੂਆਂ ਦਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖਾਂ ਦੇ ਇਸ ਨਿਸਚੇ ਦੀ ਗਵਾਹੀ ਪੁਰਾਤਨ ਸਮੇਂ ਦਾ ਇਕ ਮੁਸਲਮਾਨ ਇਤਿਹਾਸਕਾਰ ਮੁਹਸਨ ਫਾਨੀ ਭੀ ਭਰਦਾ ਹੈ, ਜੋ ਛੇਵੇਂ ਤੇ ਸਤਵੇਂ ਗੁਰੂ ਸਾਹਿਬ ਦੇ ਨਾਲ ਭੀ ਰਿਹਾ ਸੀ। ਉਸ ਦੀ ਕਿਤਾਬ 'ਦਬਿਸਤਾਨ-ਮਜ਼ਾਹਬ' ਵਿਚੋਂ ਇਸ ਸਬੰਧ ਵਿਚ ਜੋ ਫ਼ਾਰਸੀ ਲਿਖਤ ਹੈ, ਉਸ ਦਾ ਤਰਜ਼ਮਾ ਪਾਠਕਾਂ ਦੀ ਗਯਾਤ ਲਈ ਇਤਿਹਾਸਕ ਗਵਾਹੀ ਵਜੋਂ ਹੇਠਾਂ ਦਿੱਤਾ ਜਾਂਦਾ ਹੈ : 'ਉਹ (ਸਿੱਖ) ਕਹਿੰਦੇ ਹਨ ਕਿ ਬਾਬਾ ਨਾਨਕ ਖੁਦਾ ਹੈ, ਦੁਨੀਆਂ ਉਸ ਦੀ ਪੈਦਾ ਕੀਤੀ ਹੋਈ ਹੈ। ਪਰ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਬੰਦਾ ਦੱਸਿਆ ਹੈ ਤੇ ਖ਼ੁਦਾ ਨੂੰ ਨਿਰੰਜਨ, ਪਾਰਬ੍ਰਹਮ, ਪਰਮੇਸ਼ਰ ਕਿਹਾ ਹੈ, ਜਿਸ ਦਾ ਕੋਈ ਅਕਾਰ ਨਹੀਂ ਤੇ ਨਾ ਹੀ ਜਿਸਮ ਵਿਚ ਆਉਂਦਾ ਹੈ। ਸਿੱਖ ਕਹਿੰਦੇ ਹਨ ਕਿ ਗੁਰੂ ਨਾਨਕ ਐਹੋ ਜਿਹਾ ਸੀ ਉਸ ਦਾ ਸਰੀਰ ਕੋਈ ਨਹੀਂ ਸੀ, ਕੇਵਲ ਆਪਣੀ ਕੁਦਰਤ ਕਰਕੇ ਜਾਣੀਦਾ ਸੀ। ਉਹ (ਸਿੱਖ) ਏਥੇ ਤਕ ਜਾਂਦੇ ਹਨ (ਭਾਵ ਏਥੇ ਤਕ ਨਿਸਚਾ ਰੱਖਦੇ ਹਨ) ਕਿ ਗੁਰੂ ਨਾਨਕ ਦੀ ਰੂਹ ਉਨ੍ਹਾਂ ਪਿਛੋਂ ਉਨ੍ਹਾਂ ਦੇ ਖ਼ਾਸ ਸੇਵਕ ਗੁਰ ਅੰਗਦ ਵਿਚ ('ਹਲੂਲ ਕਰਦ' —ਹਲੂਲ ਕਰ ਗਈ) ਪ੍ਰਵੇਸ਼ ਕਰ ਗਈ, ਉਤਰ ਗਈ ਤੇ ਗੁਰੂ ਅੰਗਦ ਗੁਰੂ ਨਾਨਕ ਹੈ। ਇਸੇ ਤਰ੍ਹਾਂ ਮੌਤ ਵੇਲੇ ਗੁਰੂ ਅੰਗਦ ਜੀ ਗੁਰੂ ਅਮਰਦਾਸ ਦੇ ਸਰੀਰ ਵਿਚ ਪ੍ਰਵੇਸ਼ ਹੋਏ, ਉਹ ਭੀ ਇਸੇ ਤਰ੍ਹਾਂ ਰਾਮਦਾਸ ਦੇ ਸਰੀਰ ਵਿਚ ਜਾ ਬਿਰਾਜਮਾਨ ਹੋਏ। ਰਾਮਦਾਸ ਏਸੇ ਤਰ੍ਹਾਂ ਗੁਰੂ ਅਰਜਨ ਦੇਵ ਨਾਲ ਇਕ-ਮਿਕ ਹੋ ਗਏ। ਇਨ੍ਹਾਂ ਹਰ ਇਕ ਨੂੰ ਮਹਲ ਆਖਦੇ ਹਨ। ਮਹਲ

ਹਨ। ਅਕਾਲ ਪੁਰਖ ਸਮੁੱਚਾ ਹੀ ਜਦ ਗੁਰੂ ਜਾਮੇ ਅੰਦਰ ਆਣ ਵਰਤਦਾ ਹੈ, ਤਦ ਅਕਾਲ ਪੁਰਖ ਦੇ ਸਮੁੱਚੇ ਗੁਣ ਆਣ ਅਵਤਰਨੇ ਕੀ ਪਿਛੇ ਰਹਿ ਗਏ ? ਹਰਗਿਜ਼ ਨਹੀਂ, ਉਹ ਭੀ ਵਿਚੇ ਹੀ ਆਣ ਅਵਤਰੇ, ਅਕਾਲ ਪੁਰਖ ਦੇ ਨਾਲ ਹੀ ਆਣ ਅਵਤਰੇ। ਜਦ ਹਰੇਕ ਗੁਰੂ ਜਾਮੇ ਅੰਦਰ ਅਕਾਲ ਪੁਰਖ ਸਮੇਤ ਆਪਣੇ ਗੁਣਾਂ ਦੇ ਆਣ ਉਤਰਿਆ ਤਾਂ ਦਸਾਂ ਗੁਰੂ ਸਾਹਿਬਾਨ ਦੇ ਸੱਚੇ ਸ਼ਾਖ਼ਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਸਮੁੱਚਾ ਹੀ ਆਪਣੇ ਸਮੁੱਚੇ ਗੁਣਾਂ

---

ਪਹਿਲਾ ਨਾਨਕ, ਮਹਲ ਦੂਸਰਾ ਅੰਗਦ, ਇਸੇ ਹਿਸਾਬ ਨਾਲ ਮਹਲ ਪੰਜਵੇਂ ਤਕ ਜੋ ਅਰਜਨ ਮਲ ਹਨ, ਉਹ ਕਹਿੰਦੇ ਹਨ ਕਿ ਜਿਹੜੇ ਅਰਜਨ ਮਲ ਨੂੰ ਐਨ ਬਾਬਾ ਨਾਨਕ ਨਹੀਂ ਸਮਝਦੇ, ਉਹ ਮਨਮੁਖ ਅਰਥਾਤ ਕਾਫ਼ਰ ਹਨ।'

*—ਦਬਿਸਤਾਨ ਮਜ਼ਾਹਬ ਸਫ਼ਾ ੨੨੫*

*[ਨਵਲ ਕਸ਼ੋਰ ਪ੍ਰੈੱਸ, ਕਾਨਪੁਰ ਐਡੀਸ਼ਨ]*

ਮੁਹਸਨ ਫਾਨੀ ਨੇ ਇਸੇ ਤਰ੍ਹਾਂ ਛੇਵੇਂ ਸਤਵੇਂ ਗੁਰੂ ਨੂੰ ਆਪਣੀ ਕਿਤਾਬ ਵਿਚ ਹੋਰ ਥਾਂ ਮਹਲ ਛੇਵਾਂ ਤੇ ਮਹਲ ਸਤਵਾਂ ਲਿਖਿਆ ਹੈ। ਮੁਹਸਨ ਫਾਨੀ ਦੀ ਲਿਖਤ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਵਿਚ ਸਿੱਖ ਗੁਰੂ ਨਾਨਕ ਦੇਵ ਜੀ ਨੂੰ ਪਾਰਬ੍ਰਹਮ ਦੀ ਜੋਤ ਕਰਕੇ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਜਾਣਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਨਿਰੰਕਾਰ ਦੀ ਜੋਤ ਗੁਰੂ ਨਾਨਕ ਸਾਹਿਬ ਵਿਚ ਪ੍ਰਵੇਸ਼ ਕੀਤੀ ਹੋਈ ਹੈ ਅਤੇ ਏਹੋ ਜੋਤ ਹਰ ਗੁਰੂ ਜਾਮੇ ਵਿਚ ਪ੍ਰਵੇਸ਼ (ਹਲੂਲ) ਕਰਦੀ ਆਈ। ਇਸੇ ਕਰਕੇ ਹਰ ਪਾਤਸ਼ਾਹੀ ਨੂੰ ਗੁਰਬਾਣੀ ਵਿਚ 'ਮਹਲ' ਕਰ ਕੇ ਲਿਖਿਆ ਹੈ। 'ਮਹਲ' ਅਰਬੀ ਦਾ ਲਫ਼ਜ਼ ਹੈ, ਇਸ ਦਾ ਉਚਾਰਣ 'ਮਹੱਲ' ਹੈ। ਇਸ ਦੇ ਅਰਥ ਹਨ—'ਜਾਏ ਹਲੂਲ' ਪ੍ਰਵੇਸ਼ ਕਰਨ, ਉਤਰਨ ਦੀ ਥਾਂ। ਏਥੋਂ ਹੀ ਲਫ਼ਜ਼ 'ਮਹਲਾ' ਬਣਿਆ ਹੈ। ਹੁਣ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਹੈ, ਤਦੇ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂ ਸਾਹਿਬਾਨ ਦਾ ਸਰੂਪ ਕਿਹਾ ਜਾਂਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਦਸਾਂ ਗੁਰੂਆਂ ਦੀ ਪੂਜਾ ਤੇ ਜੋਤੀ ਸਰੂਪ ਅਕਾਲ ਪੁਰਖ ਦੀ ਪੂਜਾ ਹੀ ਹੈ।

ਭਾਈ ਸਾਹਿਬ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਜੋਤਿ ਕਰ ਕੇ ਨਿਰੰਕਾਰ ਦਾ ਰੂਪ ਹੋਣ, ਫੇਰ ਸਾਰੇ ਗੁਰੂਆਂ ਦਾ ਪਰਸਪਰ ਇਕੋ ਸਰੂਪ ਹੋਣ ਤੇ ਗੁਰ ਸ਼ਬਦ (ਗੁਰਬਾਣੀ ਤੇ ਗੁਰਮੰਤ੍ਰ) ਨੂੰ ਗੁਰੂ ਮੂਰਤ ਕਰਕੇ ਦੱਸਣ ਸਬੰਧੀ ਇਉਂ ਲਿਖਿਆ ਹੈ :

ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਆਪੇ ਆਪ ਉਪਾਯਾ॥
ਗੁਰੁ ਗੋਬਿੰਦ ਗੋਵਿੰਦ ਗੁਰੁ ਜੋਤਿ ਇਕ ਦੁਇ ਨਾਂਵ ਧਰਾਯਾ॥

*(ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੪)*

ਨਿਰੰਕਾਰ ਨਾਨਕ ਦੇਉ ਨਿਰੰਕਾਰ ਆਕਾਰ ਬਣਾਯਾ॥
ਗੁਰੁ ਅੰਗਦ ਗੁਰ ਅੰਗ ਤੇ ਗੰਗਹੁ ਜਾਣ ਤਰੰਗ ਉਠਾਯਾ॥
ਅਮਰਦਾਸ ਗੁਰੁ ਅੰਗਦਹੁ ਜੋਤਿ ਸਰੂਪ ਚਲਤ ਵਰਤਾਯਾ॥
ਗੁਰੁ ਅਮਰਹੁ ਗੁਰ ਰਾਮਦਾਸ ਅਨਹਦ ਨਾਦਹੁ ਸਬਦ ਸੁਣਾਯਾ॥
ਰਾਮਦਾਸਹੁ ਅਰਜਨ ਗੁਰੂ ਦਰਸਨ ਦਰਪਨ ਵਿਚ ਦਿਖਾਯਾ॥
ਹਰਿ ਗੋਬਿੰਦ ਗੁਰੂ ਅਰਜਨਹੁ ਗੁਰੂ ਗੋਬਿੰਦ ਨਾਉਂ ਸਦਵਾਯਾ॥
ਗੁਰੂ ਮੂਰਤਿ ਗੁਰ ਸਬਦ ਹੈ ਸਾਧ ਸੰਗਤ ਵਿਚ ਪ੍ਰਗਟੀ ਆਯਾ॥
ਪੈਰੀਂ ਪਾਇ ਸਭ ਜਗਤ ਤਰਾਯਾ॥

*(ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੨੫)*

ਭਾਈ ਗੁਰਦਾਸ ਜੀ ਦੇ ਪ੍ਰਮਾਣ ਮੁਹਸਨ ਫਾਨੀ ਦੀ ਇਤਿਹਾਸਕ ਲਿਖਤ ਦੀ ਤਸਦੀਕ ਕਰਦੇ ਹਨ ਕਿ ਗੁਰੂ ਘਰ ਵਿਚ ਗੁਰੂ, ਅਕਾਲ ਪੁਰਖ ਤੇ ਗੁਰਬਾਣੀ ਦੀ ਅਭੇਦਤਾ ਮੰਨੀ ਹੈ, ਅਰਥਾਤ ਦਸੇ ਗੁਰੂ ਇਕ ਰੂਪ ਸਨ ਤੇ ਉਨ੍ਹਾਂ ਨੂੰ ਅਕਾਲ ਪੁਰਖ ਦੀ ਜੋਤਿ ਕਰਕੇ ਹੀ ਗੁਰਤਾ ਪ੍ਰਾਪਤ ਸੀ। ਉਹੋ ਜੋਤਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤ ਰਹੀ ਹੈ।

*(ਨਾਹਰ ਸਿੰਘ ਗਜਾਨੀ)*

ਸੰਯੁਕਤ ਨਿਰਸੰਦੇਹ ਆਣ ਅਵਤਰਿਆ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨਾ ਮੰਨਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰੂ ਪਾਤਸ਼ਾਹੀਆਂ ਦੇ ਸਰੂਪ ਮੰਨਣ ਵਾਲੀ ਗੱਲ ਤੋਂ ਮੁਨਕਰ ਹੋਣਾ ਹੈ। ਧੁਰ ਕੀ ਬਾਣੀ, ਅੰਮ੍ਰਿਤ ਸਰੂਪ ਪਾਰਸ ਗੁਰਬਾਣੀ, ਵਾਹਿਗੁਰੂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦਾ ਸਰੂਪ ਹੈ। ਅਰਥਾਤ ਅਕਾਲ ਪੁਰਖ ਦੇ ਅੰਤ੍ਰੀਵੀ ਤਤ ਗੁਣ ਇਹ ਧੁਰ ਕੀ ਬਾਣੀ ਹੈ, ਨਾ ਕਿ ਗੁਣਾਂ ਦਾ ਬਿਆਨ (ਡੈਸਕ੍ਰਿਪਸ਼ਨ-description)! ਅਕਾਲ ਪੁਰਖ ਦੇ ਇਹ ਗੁਰਬਾਣੀ ਰੂਪੀ ਅਕਾਲੀ ਗੁਣ ਧੁਰੋਂ ਬਣੇ ਬਣਾਤੇ ਗੁਰੂ ਸਾਹਿਬਾਨ ਦੇ ਪਵਿੱਤਰ ਪਾਰਸ ਜਾਮਿਆਂ ਅੰਦਰ ਉਤਰੇ। ਸੋਈ ਗੁਣ ਬਣੇ ਬਣਾਤੇ ਗੁਰੂ ਜਾਮਿਆਂ ਤੋਂ ਹਲੂਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਜਾਮੇ ਅੰਦਰ ਆਣ ਪ੍ਰਵੇਸ਼ ਹੋਏ ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਨਾ ਮੰਨਣਾ ਅਤੇ ਗੁਣਾਂ ਦਾ ਮਹਿਜ਼ ਬਿਆਨ ਯਾ ਅਨੁਵਾਦ (description) ਆਖਣਾ ਸਖ਼ਤ ਗ਼ਲਤ ਫ਼ਹਿਮੀ ਵਾਲਾ ਅਗਿਆਨ ਹੈ।

ਪਾਰਸ ਰੂਪ ਗੁਰਬਾਣੀ ਗੁਰਾਂ ਦੇ ਮੁਖਾਰਬਿੰਦ ਤੋਂ ਉਚਰੀ ਹੋਈ ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਅੰਦਰ ਉਕਰੀ ਹੋਈ ਸ਼ਰਧਾ ਪੁੰਜ ਨਾਮ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਤਾਂ ਐਨ (ਪ੍ਰਤੱਖ) ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਹੀ ਪ੍ਰਤੀਤ ਹੁੰਦੀ ਹੈ। ਨਾਮ ਕਮਾਈ ਤੋਂ ਘੁਥੇ ਅਤੇ ਗੁਰਮੁਖਾਂ ਵਾਲੀ ਅਨਿੰਨ ਸ਼ਰਧਾ ਤੋਂ ਊਣੇ ਖ਼ੁਸ਼ਕ ਫ਼ਲਾਸਫ਼ਰਾਂ ਨੂੰ ਇਹ ਗੁਰਬਾਣੀ ਰੂਪੀ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਾਮੇ ਅੰਦਰ ਉਕਰੇ (ਲਿਖੇ) ਹੋਏ ਹੋਣ ਕਰਕੇ ਗੁਣਾਂ ਦਾ ਬਿਆਨ (description) ਹੀ ਭਾਸਦੇ ਹਨ। ਧੁਰ ਕੀ ਬਾਣੀ ਬਾਣ ਰੂਪ ਹੈ, ਨਾ ਕਿ ਬਿਆਨ ਰੂਪ। ਇਹ ਅੰਮ੍ਰਿਤ ਰੂਪ ਪਾਰਸ ਕਲਾਇਣੀ ਪਾਰਸ ਰਸਾਇਣੀ ਗੁਰਬਾਣੀ ਅਕਾਲ ਪੁਰਖ ਜੋਤੀ ਸਰੂਪ ਦੀ ਤੇਜ ਪੁੰਜ ਦਿੱਬਤਾ ਦਾ ਜੋਤ ਕ੍ਰਿਸ਼ਮੀ ਉਤਾਰਾ ਹੈ ਪਰ ਇਸ ਪਾਰਸ ਨੂੰ ਪਰਸਿਆਂ ਹੀ ਇਸ ਜੋਤਿ ਕ੍ਰਿਸ਼ਮਤਾ ਦਾ ਨੂਰ ਕਿਰਨੀ ਦਿੱਬ ਦਰਸਾਰਾ ਹੁੰਦਾ ਹੈ।

**ਪ੍ਰਸ਼ਨ :** ਅਕਾਲ ਪੁਰਖ ਦੇ ਗੁਣਾਂ ਵਿਚੋਂ ਇਕ ਗੁਣ ਅਕਾਲ ਪੁਰਖ ਦਾ ਜੋਤ ਪੁੰਜ ਹੋਣਾ ਹੈ ?

**ਉੱਤਰ :** ਗੁਰਬਾਣੀ ਭੀ ਜੋਤ ਪੁੰਜ ਹੈ।

**ਪ੍ਰਸ਼ਨ :** ਪਰ ਸਾਨੂੰ ਪ੍ਰਤੀਤ ਨਹੀਂ, ਗੁਰਬਾਣੀ ਵਿਚ ਜੋਤ ਸਾਨੂੰ ਦਿਸਦੀ ਨਹੀਂ ?

**ਉੱਤਰ :** ਕੀ ਆਮ ਅਲਪਗ ਦ੍ਰਿਸ਼ਟੀ ਨੂੰ ਅਕਾਲ ਪੁਰਖ ਦੀ ਜੋਤਿ ਦਿਸਦੀ ਹੈ ? ਤਾਂ ਤੇ ਆਪ ਦਾ ਅਕਾਲ ਪੁਰਖ ਨੂੰ ਜੋਤ ਪੁੰਜ ਆਖ ਦੇਣਾ ਕੀ ਅਧਿਕ ਵਿਸ਼ੇਸ਼ਤਾ ਰੱਖਦਾ ਹੈ ? ਅਕਾਲ ਪੁਰਖ ਨੂੰ ਵਾਸਤਵ ਵਿਚ ਜੋਤਿ-ਪੁੰਜ ਸਰੂਪ ਵਿਚ ਪ੍ਰਤੱਖ ਦੇਖਣਾ ਗੁਰਬਾਣੀ ਦੀ ਕ੍ਰਿਸ਼ਮ ਕਮਾਈ ਉੱਤੇ ਹੀ ਨਿਰਭਰ ਰੱਖਦਾ ਹੈ। ਗੁਰਬਾਣੀ ਦੀ ਕ੍ਰਿਸ਼ਮ ਕਮਾਈ ਕੀਤਿਆਂ ਨਾ ਕੇਵਲ ਗੁਰਬਾਣੀ ਹੀ ਜੋਤਿ ਸਰੂਪ ਵਿਕਾਸ ਵਿਚ ਪ੍ਰਤਿਬਿੰਬਤ ਹੋਇ ਆਉਂਦੀ ਹੈ ਬਲਕਿ ਅਕਾਲ ਪੁਰਖ ਦਾ ਲੁਪਤ ਗੁਪਤ ਜੋਤੀ ਸਰੂਪ ਭੀ ਨਭ ਘਟ ਅੰਤ੍ਰ ਹੀ ਤੇਜਸ੍ਵੀ ਜੋਤਿ ਪ੍ਰਤਿਬਿੰਬਤਾ ਪ੍ਰਜੁਲਤ ਕਰਿ ਆਉਂਦਾ ਹੈ। ਅਕਾਲ ਪੁਰਖ ਦੇ ਜੋਤਿ ਸਰੂਪ ਹੋਣ ਦੀ ਤਤ ਪ੍ਰਤੀਤ ਗੁਰਬਾਣੀ ਰੂਪੀ ਗੁਣਾਂ ਦੇ ਪ੍ਰਤਾਪ ਕਰਕੇ ਹੀ ਜ਼ਹੂਰ ਵਿਚ ਆਉਂਦੀ ਹੈ। ਅਕਾਲ ਪੁਰਖ ਦੀ ਜੋਤੀ ਸਰੂਪ ਹੋਣ ਦਾ ਜ਼ਹੂਰ ਗੁਰਬਾਣੀ ਰੂਪੀ ਗੁਣਾਂ ਦੇ ਨੂਰ ਪੁੰਜ ਪ੍ਰਗਟੀਆਉਣ ਪਰ ਪ੍ਰਗਟ ਪਹਾਰੇ ਜਾਪਦਾ ਹੈ। ਤਾਂ ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਬਾਣੀ ਦੇ ਕੇਵਲ ਬੋਹਿਥ ਹੀ ਨਹੀਂ ਬਲਕਿ ਅਕਾਲ ਪੁਰਖ ਦੇ ਤੱਤ ਗੁਣਾਂ ਦਾ ਪੁੰਜ ਹਨ। ਗੁਰਬਾਣੀ ਮਹਿਜ਼ ਉਪਦੇਸ਼ ਰੂਪ ਕਥਾ ਕਹਾਣੀ ਮਈ ਅਕਾਲ ਪੁਰਖ ਦੇ ਗੁਣਾਂ ਦਾ ਫੋਕਟ ਬਿਆਨ ਬਿਰਤਾਂਤ ਨਹੀਂ, ਬਲਕਿ ਇਹ ਗੁਰਬਾਣੀ ਅਕਾਲ ਪੁਰਖ ਦਾ ਤੱਤ ਗਿਆਨ ਹੈ। ਅਕਾਲ ਪੁਰਖ ਦੇ ਤੱਤ ਅੰਮ੍ਰਿਤ ਗੁਣ ਗੁਰਬਾਣੀ ਦੁਆਰਾ ਹੀ ਤੱਤ ਗਿਆਨ ਤੇ ਤੱਤ ਧਿਆਨ ਅੰਦਰ ਆਉਂਦੇ ਹਨ (ਜ਼ਹੂਰ ਪਜ਼ੀਰ ਹੁੰਦੇ ਹਨ)।

**ਪ੍ਰਸ਼ਨ :** ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਦੇ ਅੰਦਰ ਹਨ, ਜੈਸਾ ਕਿ ਪਾਣੀ ਦਾ ਠੰਡਾ-ਪਣ ਵਾਲਾ ਗੁਣ ਪਾਣੀ ਦੇ ਅੰਦਰ ਹੈ। ਪਾਣੀ ਨੂੰ ਠੰਡਾ ਆਖਣਾ ਪਾਣੀ ਦੇ ਠੰਡਾ ਹੋਣ ਵਾਲੇ ਗੁਣ ਦਾ ਬਿਆਨ ਵਖਿਆਨ (description) ਹੈ। ਪਾਣੀ ਦੇ ਠੰਡਾ ਆਖਣ ਮਾਤਰ ਵਿਚ ਪਾਣੀ ਦੀ ਠੰਢਕ ਨਹੀਂ, ਠੰਡਕ ਤਾਂ ਪਾਣੀ ਵਿਚ ਹੈ ?

**ਉੱਤਰ :** ਭਾਵੇਂ ਦ੍ਰਿਸ਼ਟਾਂਤ ਉਦਾਹਰਣ ਦੇ ਸਾਰੇ ਅੰਗ ਦ੍ਰਿਸ਼ਟਾਂਤ ਵਿਚ ਨਹੀਂ ਘਟ ਸਕਦੇ, ਪਰ ਫੇਰ ਵੀ ਅਸੀਂ ਆਪ ਦੀ ਨਿਸ਼ਾ ਕਰ ਦਿੰਦੇ ਹਾਂ। ਅਕਾਲ ਪੁਰਖ ਠੰਡਾ ਹੈ ਤਾਂ ਗੁਰਬਾਣੀ ਭੀ ਠੰਡੀ ਹੈ। ਅਜੇ ਅਕਾਲ ਪੁਰਖ ਦੇ ਠੰਡਾ ਹੋਣ ਦਾ ਗੁਣ ਤਾਂ ਆਪ ਦਾ ਸੁਣਿਆ ਸੁਣਾਇਆ ਹੀ ਹੈ ਪਰੰਤੂ ਗੁਰਬਾਣੀ ਦੀ ਠੰਡਕ ਠੰਡਿਆਂ ਦੀ ਅਜ਼ਮਾਈ ਹੋਈ ਹੈ।

ਆਪ ਦੇ ਪਾਸ ਕੀ ਸਬੂਤ ਹੈ ਕਿ ਪਾਣੀ ਠੰਡਾ ਹੈ ? ਜਿਨ੍ਹਾਂ ਨੇ ਪਾਣੀ ਪੀਤਾ ਹੈ ਤੇ ਪੀ ਕੇ ਆਖਿਆ ਹੈ ਕਿ ਇਹ ਠੰਡਾ ਹੈ, ਤਾਂ ਹੀ ਆਪ ਨੇ ਆਖਿਆ ਹੈ ਕਿ ਪਾਣੀ ਠੰਡਾ ਹੈ ਯਾ ਆਪ ਨੇ ਖ਼ੁਦ ਪੀ ਕੇ ਅਜ਼ਮਾਇਆ ਹੈ ਕਿ ਪਾਣੀ ਠੰਡਾ ਹੈ, ਤਦੇ ਆਪ ਨੂੰ ਪ੍ਰਤੀਤ ਹੋਇਆ ਕਿ ਪਾਣੀ ਠੰਡਾ ਹੈ ਯਾ ਪਾਣੀ ਅੰਦਰ ਠੰਡਾ ਹੋਣ ਦੇ ਗੁਣ ਹਨ। ਸਚਮੁਚ ਪਾਣੀ ਨੂੰ ਠੰਡਾ ਠੰਡਾ ਆਖਣ ਵਿਚ ਆਪ ਨੂੰ ਪਾਣੀ ਦੀ ਠੰਡਕ ਨਹੀਂ ਵਿਆਪੀ ਤੇ ਨਾ ਹੀ ਪ੍ਰਤੀਤ ਹੋਈ, ਜਦ ਤਾਈਂ ਕਿ ਆਪ ਨੇ ਪਾਣੀ ਪੀ ਨਹੀਂ ਲਿਆ। ਪਾਣੀ ਦੇ ਗੁਣਾਂ ਨੂੰ ਆਖੀ ਜਾਣਾ ਠੰਢਕ ਨਹੀਂ ਪਚਾ ਸਕਦਾ ਪਰੰਤੂ ਗੁਰਬਾਣੀ ਰੂਪੀ ਗੁਣਾਂ ਦੇ ਆਖੀ ਜਾਣ ਵਿਚ ਭੀ ਠੰਢਕ ਹੈ। ਅੰਮ੍ਰਿਤ ਰੂਪੀ ਬਾਣੀ ਦਾ ਆਖੀ ਭਾਖੀ ਜਾਣਾ ਅੰਮ੍ਰਿਤ ਪੀਣਾ ਛਕੀਣਾ ਹੈ, ਕਿਉਂਕਿ ਇਹ ਅੰਮ੍ਰਿਤ ਬਾਣੀ ਅੰਮ੍ਰਿਤ ਕਲਾ ਵਰਤਾਉਂਦੀ ਹੈ। ਏਹੋ ਤਾਂ ਤੱਤ ਪ੍ਰਮਾਰਥੀ ਅਕਾਲੀ ਗੁਣਾਂ ਦੀ ਤੱਤ ਵਿਲੱਖਣਤਾ ਹੈ, ਤ੍ਰੈਗੁਣੀ ਪਦਾਰਥਾਂ ਦੀ ਮਿਸਾਲ ਤਿਥੇ ਲਵੇ ਨਹੀਂ ਲੱਗ ਸਕਦੀ ਹੈ। ਪਾਣੀ ਦੇ ਠੰਡਾ ਹੋਣ ਦੇ ਗੁਣ ਪਾਣੀ ਵਿਚ ਹਨ, ਪਾਣੀ ਦੇ ਠੰਡਾ-ਠੰਡਾ ਆਖਣ ਦੇ ਵਿਚ ਨਹੀਂ ਪਰੰਤੂ ਅਕਾਲ ਪੁਰਖ ਦੇ ਗੁਣਾਂ ਨੂੰ ਅਰਥਾਤ ਗੁਰਬਾਣੀ ਦੇ ਆਖਣ, ਭਾਖਣ, ਰਟਣ ਮਾਤਰ ਵਿਚ ਹੀ ਸੱਚੀ ਸ਼ੀਤਲਤਾ (ਠੰਢਕ) ਹੈ। ਅਕਾਲ ਪੁਰਖ ਦੀ ਸ਼ੀਤਲਤਾ ਗੁਰਬਾਣੀ ਰੂਪੀ ਗੁਣਾਂ ਦੀ ਸ਼ੀਤਲਤਾ ਨੂੰ ਪੇਖਿਆਂ ਪਰਖਿਆਂ ਹੀ ਸ਼ੀਤਲਤਾ ਹੁੰਦੀ ਹੈ ਅਰਥਾਤ ਸ਼ੀਤਲਤਾ ਦੀ ਸੱਤਤਾ ਨਿਸਚੇ ਕਰਾਉਂਦੀ ਹੈ।

**ਪ੍ਰਸ਼ਨ :** ਏਹ ਤਾਂ ਸਿੱਧ ਹੋ ਗਿਆ ਮੰਨਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਸਰੂਪ ਹੈ ਪਰ ਆਪ ਦੇ ਹੀ ਕਥਨ ਅਨੁਸਾਰ ਏਹ

ਭੀ ਸਿੱਧ ਹੈ ਕਿ ਗੁਰਬਾਣੀ ਦੀ ਕਮਾਈ ਕੀਤੇ ਬਿਨਾਂ ਅਕਾਲ ਪੁਰਖ ਦੇ ਤੱਤ ਗੁਣਾਂ ਦੀ ਲਖਤਾ ਨਹੀਂ ਹੁੰਦੀ। ਗੁਣਾਂ ਦੇ ਪ੍ਰਗਟੀਆਉਣ ਵਾਲਾ ਫਿਕਰਾ ਹੀ ਦੱਸਦਾ ਹੈ ਕਿ ਗੁਣ ਅਕਾਲ ਪੁਰਖ ਵਿਚ ਹਨ, ਜਿਥੋਂ ਕਿ ਏਹ ਪ੍ਰਗਟੀਆਏ ਹਨ ?

**ਉੱਤਰ :** ਅਕਾਲ ਪੁਰਖ ਦੇ ਪ੍ਰਗਟੀਆਏ ਗੁਣਾਂ ਦਾ ਗੁਲਦਸਤਾ ਹੀ ਏਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਆਈ, ਪ੍ਰਗਟੀਆਈ, ਅਵਤਰਆਈ ਗੁਰਬਾਣੀ ਹੈ। ਹੋਰ ਆਪ ਹੀ ਦੱਸੋ ਕਿ ਇਹਨਾਂ ਗੁਰਬਾਣੀ ਅੰਦਰ ਆਏ ਅਵਤਰੇ ਗੁਣਾਂ ਤੋਂ ਭਿੰਨ ਹੋਰ ਕੇਹੜੇ ਗੁਣ ਹਨ, ਜਿਨ੍ਹਾਂ ਨੂੰ ਕਿ ਆਪ ਦੱਸਦੇ ਹੋ ਕਿ ਓਹ ਅਕਾਲ ਪੁਰਖ ਵਿਚ ਹਨ ?

**ਪ੍ਰਸ਼ਨ ਕਰਤਾ :** ਉਹ ਗੁਣ ਅਕਾਲ ਪੁਰਖ ਦੇ ਵਿਚ ਹੀ ਹਨ, ਉਨ੍ਹਾਂ ਦਾ ਵਰਣਨ ਨਹੀਂ ਹੋ ਸਕਦਾ।

**ਉੱਤਰ ਦਾਤਾ :** ਤਾਂ ਆਪ ਹੁਣ ਏਸ ਗੱਲ ਤੋਂ ਭੀ ਮੁਨਕਿਰ ਹੁੰਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦਾ ਵਰਣਨ ਹੈ।

**ਪ੍ਰਸ਼ਨ ਕਰਤਾ :** ਵਰਣਨ (ਬਿਆਨ) ਤਾਂ ਹੈ।

**ਉੱਤਰ ਦਾਤਾ :** ਤਦ ਆਪ ਦਾ ਏਹ ਕਥਨ ਗਲਤ ਸਿੱਧ ਹੋ ਗਿਆ ਕਿ ਅਕਾਲ ਪੁਰਖ ਦੇ ਗੁਣਾਂ ਦਾ ਵਰਣਨ ਨਹੀਂ ਹੋ ਸਕਦਾ।

**ਪ੍ਰਸ਼ਨ ਕਰਤਾ :** ਹੋ ਤਾਂ ਸਕਦਾ ਹੈ ਪਰ ਮੇਰੇ ਵਰਗੇ ਅਲਪੱਗ ਬੁੱਧੀ ਵਾਲੇ ਜੰਤ ਉਹਨਾਂ ਗੁਣਾਂ ਨੂੰ ਵਰਣਨ ਨਹੀਂ ਕਰ ਸਕਦੇ।

**ਉੱਤਰ ਦਾਤਾ :** ਸਤਿਗੁਰਾਂ ਦੀ ਸਰਬੱਗ੍ਯ ਬੁੱਧੀ ਤਾਂ ਵਰਣਨ ਕਰ ਸਕਦੀ ਹੈ ਕਿ ਨਹੀਂ ?

**ਪ੍ਰਸ਼ਨ ਕਰਤਾ :** ਹਾਂ, ਸਤਿਗੁਰੂ ਸਾਹਿਬਾਨ ਦੀ ਸਰਬੱਗਤਾ ਅੰਦਰ ਤਾਂ ਏਹ ਸਮਰੱਥਾ ਹੈ।

**ਉੱਤਰ ਦਾਤਾ :** ਸਤਿਗੁਰਾਂ ਦੀ ਸਰਬੱਗਤਾ ਤੇ ਸਮਰੱਥਤਾ ਇਸ ਗੱਲ ਦੀ ਲਖਾਇਕ ਹੈ ਕਿ ਸਤਿਗੁਰਾਂ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਪ੍ਰਤੱਖ ਵੇਖ ਕੇ ਹੀ ਉਨ੍ਹਾਂ ਗੁਣਾਂ ਦਾ ਪ੍ਰਤੱਖ ਉਤਾਰਾ ਗੁਰਬਾਣੀ ਦੇ ਸਰੂਪ ਵਿਚ ਉਤਾਰਿਆ ਹੈ। ਚਾਹੇ ਅਲਪੱਗ ਬੁੱਧੀ ਦੇ ਬੁੱਧੀਵਾਨਾਂ ਨੂੰ ਇਹ ਗੁਰਬਾਣੀ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਣਨ ਹੀ ਭਾਸੇ, ਪਰ ਵਾਸਤਵ ਵਿਚ ਤਾਂ ਏਹ ਗੁਰਬਾਣੀ ਰੂਪ ਗੁਣ ਅਕਾਲ ਪੁਰਖ ਦੇ ਤੱਤ ਅੰਤ੍ਰੀਵ ਗੁਣ ਹੀ ਹਨ, ਜੋ ਸਰਬੱਗਯ, ਸਮਰੱਥਵਾਨ ਮਹਾਂ ਪੁਰਖ ਸਰਬੱਗ ਬੁੱਧੀ ਦੇ ਬੁੱਧੀਸ਼ਰਾਂ ਨੇ ਪ੍ਰਤੱਖ ਪੇਖੇ ਪਰਖੇ ਹਨ। ਤਿਨ੍ਹਾਂ ਦੇ ਨਿਕਟ ਅਕਾਲ ਪੁਰਖ ਦੇ ਗੁਪਤ ਲੁਪਤ ਗੁਣ (ਅਲਪੱਗ ਬੁੱਧੀਓਂ ਅਗੋਚਰ ਅਕਾਲੀ ਗੁਣ) ਸਾਖਸ਼ਾਤਕਾਰਤਾ ਦੀ ਸੱਤਤਾ ਜਨਕ ਹਨ। ਜੇਹੇ ਅਕਾਲ ਪੁਰਖ ਵਿਚ ਹਨ ਤੇਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। ਅਲਪੱਗ ਬੁੱਧੀ ਵਾਲਿਆਂ ਨੂੰ ਏਹ ਗੁਣ ਨਿਰਾ ਵਰਣਨ ਰੂਪ ਹੀ ਪ੍ਰਤੀਤ ਹੁੰਦੇ ਹਨ। ਏਹਨਾਂ ਸਰਬੱਗ ਅਕਾਲੀ ਗੁਣਾਂ ਦੀ ਸਪਰਸ਼ਤਾ ਨਾਲ ਬੁੱਧੀ ਅਲਪੱਗ ਤੋਂ ਸਰਬੱਗ ਹੋਇ ਆਵੰਦੀ ਹੈ ਅਤੇ ਸਰਬੱਗਤਾ ਪ੍ਰਾਪਤ ਕਰਕੇ ਇੰਨ-ਬਿੰਨ ਸਾਖਸ਼ਾਤ ਹੀ ਤਿੰਨਾਂ ਅਕਾਲੀ ਗੁਣਾਂ ਨੂੰ ਅਕਾਲ ਪੁਰਖ ਦੇ ਅੰਤਰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤ ਅਭੇਦ ਰੂਪ ਕਰਕੇ ਹੀ ਪੇਖਦੀ ਹੈ। ਜੈਸੇ ਕਿ ਪਾਣੀ ਜਿਨ੍ਹਾਂ ਨੇ ਪਰਸਿਆ ਹੈ ਤਿਨ੍ਹਾਂ ਨੂੰ ਠੰਡਾ ਪ੍ਰਤੀਤ ਹੋਇਆ ਹੈ। ਇਸੇ ਤਰ੍ਹਾਂ ਅਕਾਲ ਪੁਰਖ ਦੇ ਅਕਾਲੀ ਗੁਣਾਂ ਦੀ ਪਾਰਸਤਾ ਨੂੰ ਜਿਨ੍ਹਾਂ ਨੇ ਪਰਸਿਆ ਤੇ ਅਕਾਲ ਪੁਰਖ ਨੂੰ ਭੇਟਿਆ

ਹੈ, ਤਿਨ੍ਹਾਂ ਨੂੰ ਹੀ ਵਾਸਤਵ ਵਿਚ ਅਕਾਲ ਪੁਰਖ ਠੰਡਾ, ਮਿੱਠਾ ਅਤੇ ਜੋਤਿ ਜੋਤੰਨਾ ਕਰਕੇ ਸਾਖ਼ਸ਼ਾਤ ਹੋਇਆ ਹੈ। ਤ੍ਰੈਗੁਣੀ ਪਦਾਰਥਾਂ ਦੇ ਗੁਣਾਂ ਦੀ ਸਪਰਸ਼ਤਾ ਪਾਰਸ ਕਲਾ ਨਹੀਂ ਵਰਤਾ ਸਕਦੀ ਹੈ, ਜਿਸ ਕਰਕੇ ਉਹ ਗੁਣ ਨਿਰੇ ਵਰਣਨ ਰੂਪ ਹੀ ਹਨ। ਜਿਨ੍ਹਾਂ ਨੇ ਪਾਣੀ ਨੂੰ ਨਹੀਂ ਪੀਤਾ, ਉਨ੍ਹਾਂ ਨੂੰ 'ਪਾਣੀ ਠੰਡਾ ਹੈ' ਕਹਿਣ ਮਾਤਰ ਨਾਲ ਠੰਡਕ ਨਹੀਂ ਪਹੁੰਚ ਸਕਦੀ, ਪਰ ਦੂਜੇ ਪਾਸੇ ਪਰਮਾਰਥੀ ਗੁਣਾਂ ਅਰਥਾਤ ਗੁਰਬਾਣੀ ਰੂਪੀ ਅਕਾਲੀ ਗੁਣਾਂ ਦੇ ਸਪਰਸਨ (ਆਖਣ, ਭਾਖਣ ਰੂਪੀ ਵਰਣਨ ਕਰਨ) ਨਾਲ ਹੀ ਤਿਨ੍ਹਾਂ ਨੂੰ ਭੀ ਅਕਾਲ ਪੁਰਖ ਦੇ ਗੁਣਾਂ ਦਾ ਸਾਖ਼ਸ਼ਾਤਕਾਰ ਹੋਇ ਆਉਂਦਾ ਹੈ। ਜਿਨ੍ਹਾਂ ਨੇ ਕਦੇ ਅਕਾਲ ਪੁਰਖ ਨੂੰ ਦੇਖਿਆ ਭੀ ਨਹੀਂ, ਜਿਨ੍ਹਾਂ ਨੂੰ ਅਕਾਲ ਪੁਰਖ ਦੇ ਗੁਣ ਸਾਖ਼ਸ਼ਾਤ ਨਹੀਂ ਹੋਏ, ਓਹਨਾਂ ਦਾ ਏਹ ਆਖਣਾ ਕਿ ਇਹ ਗੁਣ ਅਕਾਲ ਪੁਰਖ ਵਿਚ ਹਨ, ਕੋਈ ਭੀ ਅਰਥ ਪਰਮਾਰਥ ਸਿੱਧ ਨਹੀਂ ਕਰਦਾ। ਉਹਨਾਂ ਨੂੰ ਏਹ ਗੁਣ ਨਿਰੇ ਵਰਣਨ ਰੂਪ ਹੀ ਭਾਸਦੇ ਹਨ।

**ਪ੍ਰਸ਼ਨ ਕਰਤਾ** : ਪਰੰਤੂ ਏਹ ਗੁਣ ਅਕਾਲ ਪੁਰਖ ਵਿਚ ਹੀ ਹਨ ਨਾ ?

**ਉੱਤਰ ਦਾਤਾ** : ਅਸੀਂ ਆਖਦੇ ਹਾਂ ਕਿ ਏਹੀ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭੀ ਹਨ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲੀ ਗੁਣਾਂ ਦਾ ਹੋਣਾ ਤੁਹਾਨੂੰ ਅਕਾਲ ਪੁਰਖ ਤੋਂ ਬਾਹਰ ਕਿਉਂ ਭਾਸਦਾ ਹੈ ? ਅਕਾਲ ਪੁਰਖ ਸਰਬ ਵਿਆਪਕ ਹੈ। ਇਸ ਸਰਬ ਵਿਆਪਕਤਾ ਅੰਦਰ ਤ੍ਰੈਗੁਣੀ ਤੁਰੀਆ ਗੁਣੀ ਗੁਣ ਸਭ ਆ ਗਏ। ਅਕਾਲ ਪੁਰਖ ਦੇ ਵੈਰਾਟ ਸਰੂਪ ਅੰਦਰ ਨਾ ਸਿਰਫ਼ ਕੋਟਾਨ ਕੋਟ ਬ੍ਰਹਮਾ, ਬਿਸ਼ਨ ਮਹੇਸ਼ ਸਾਰਖੇ ਤ੍ਰੈਗੁਣਾਂ ਦਾ ਪਸਾਰਾ ਹੀ ਹੈ, ਬਲਕਿ ਤੁਰੀਆ ਗੁਣੀ ਤਤ ਪਰਮਾਰਥੀ ਗੁਣਾਂ—ਅਕਾਲੀ ਗੁਣਾਂ— ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਅਕਾਲੀ ਗੁਣਾਂ ਸੰਯੁਕਤ ਅਕਾਲ ਪੁਰਖ ਦੇ ਸਰਬ ਵਿਆਪਕ ਵੈਰਾਟ ਸਰੂਪ ਅੰਦਰ ਭੀ ਹੈ, ਬਾਹਰ ਨਹੀਂ। ਪਤਾ ਨਹੀਂ ਲਗਦਾ ਕਿ ਗੁਣਾਂ ਦਾ ਅਕਾਲ ਪੁਰਖ ਵਿਚ ਆਪ ਦਾ ਆਖੀ ਜਾਣਾ ਕੀ ਅਰਥ ਰੱਖਦਾ ਹੈ ? ਅਤੇ ਅਕਾਲੀ ਗੁਣਾਂ ਦਾ ਸਰਬਗਤਾ ਮਈ ਪ੍ਰਗਟ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਸਰੂਪ ਅਤੇ ਅਕਾਲ ਪੁਰਖ ਦੇ ਵੈਰਾਟ ਸਰੂਪ ਤੋਂ ਆਪ ਨੂੰ ਬਾਹਰ ਕਿਉਂ ਭਾਸਦਾ ਹੈ ? ਏਹ ਕੇਵਲ ਬੁੱਧੀ ਦਾ ਕੁਫੇਰ ਹੀ ਹੈ ਯਾ ਐਵੇਂ ਲਫ਼ਜ਼ਾ ਲਫ਼ਜ਼ੀ ਦਾ ਹੇਰ ਫੇਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਅਕਾਲ ਪੁਰਖ ਦੇ ਗੁਣਾਂ ਦਾ ਮਹਿਜ਼ ਵਰਣਨ ਸਰੂਪ ਆਖਣ ਵਾਲੀ ਲਾਜਿਕ (ਮੰਤਕ-ਦਲੀਲ ਬਾਜ਼ੀ) ਏਥੇ ਆਇਦ ਨਹੀਂ ਹੋ ਸਕਦੀ ਅਰਥਾਤ ਘੱਟ ਨਹੀਂ ਸਕਦੀ। ਇਸ ਤਰ੍ਹਾਂ ਤਾਂ ਤੁਹਾਡਾ ਇਹ ਆਖੀ ਜਾਣਾ ਕਿ ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਦੇ ਵਿਚ ਹਨ, ਏਹ ਭੀ ਇਕ ਵਰਣਨ ਹੀ ਹੈ। ਇਸ ਵਰਣਨ ਵਿਚ ਭੀ ਗੁਣਾਂ ਦੀ ਸੱਤਤਾ ਨਹੀਂ ਨਿਰਖੀ ਜਾ ਸਕਦੀ। ਤੁਸਾਡਾ ਆਖੀ ਜਾਣਾ ਕਿ ਅਕਾਲ ਪੁਰਖ ਦੇ ਗੁਣ ਅਕਾਲ ਪੁਰਖ ਵਿਚ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ, ਏਹ ਮਹਿਜ਼ ਤੁਸਾਡਾ ਇਕ ਲਾਜੀਕਲ (ਮੰਤਕੀ) ਵਰਣਨ ਹੈ। ਇਸ ਵਿਚ ਵਾਸਤਵੀ ਸੱਤਤਾ ਕੋਈ ਨਹੀਂ। ਤੁਹਾਡੇ ਨਿਕਟ ਤਾਂ ਦਰਅਸਲ ਅਕਾਲ ਪੁਰਖ ਵਿਚ ਭੀ ਕੋਈ ਗੁਣ ਨਹੀਂ। ਜੇ


www.sikhbookclub.com

ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਗੁਣ ਨਹੀਂ ਦਿਸਦੇ ਤਾਂ ਅਕਾਲ ਪੁਰਖ ਵਿਚ ਕੇਹੜੇ ਦਿਸਦੇ ਹਨ, ਕਿਉਂਕਿ ਤੁਸੀਂ ਪੇਖੇ, ਪਰਖੇ, ਚਾਖੇ ਦੋਹਾਂ ਵਿਚ ਹੀ ਨਹੀਂ, ਨਾ ਹੀ ਅਕਾਲ ਪੁਰਖ ਵਿਚ, ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ। ਸਗੋਂ ਅਕਾਲ ਪੁਰਖ ਨੂੰ ਤਾਂ ਤੁਸੀਂ ਉੱਕਾ ਹੀ ਨਹੀਂ ਦੇਖਿਆ, ਉਸ ਦੇ ਗੁਣਾਂ ਨੂੰ ਤਾਂ ਤੁਸੀਂ ਕੀ ਪੇਖਣਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੁਸੀਂ ਪੇਖ ਤਾਂ ਲਿਆ ਹੈ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰਲੇ ਗੁਣਾਂ ਨੂੰ ਭੀ ਪੇਖ ਪਠ ਲਿਆ ਹੈ, ਭਾਵੇਂ ਪਰਖਿਆ ਚਾਖਿਆ ਨਹੀਂ। ਪੇਖੇ ਪਠੇ ਗੁਣਾਂ ਤੋਂ ਮੁਨਕਿਰ ਹੋਣ ਵਾਲਿਆਂ ਦਾ ਅਣਪੇਖੇ ਅਤੇ ਅਣ ਪਠੇ ਅਕਾਲ ਪੁਰਖ ਦੇ ਗੁਣਾਂ ਨੂੰ ਗੁਣ ਆਖੀ ਜਾਣਾ ਹੀ ਨਿਰੋਲ ਸੁਣੀ ਸੁਣਾਈ ਅੰਧਾ ਧੁੰਦ ਵਰਣਤਾ ਹੈ। ਆਤਮਗਤ ਸੁਫੁਰਨਤਾ ਵਾਲੀ ਸੱਤਤਾ (reality realization) ਨਹੀਂ। ਅਕਾਲ ਪੁਰਖ ਦੇ ਸਰੂਪ ਨੂੰ ਤੁਸੀਂ ਇਕ ਫ਼ਰਜ਼ੀ ਮਹਿਦੂਦ ਘੁਰਨਾ ਕਲਪੀ ਬੈਠੇ ਹੋ ਜਿਸ ਦੇ ਅੰਦਰੋਂ ਗੁਣ ਬਾਹਰ ਨਹੀਂ ਪ੍ਰਗਟ ਹੋ ਸਕਦੇ। ਅਤੇ ਗੁਣਾਂ ਦੇ ਪ੍ਰਗਟ ਸਰੂਪ ਨੂੰ ਤੁਸੀਂ ਮਹਿਜ਼ ਵਰਣਨ ਆਖ ਕੇ ਤੱਤ ਗੁਣਾਂ ਤੋਂ ਗਿਆਤ ਹੋਣ ਵਾਲਾ ਦਾਇਰਾ ਹੋਰ ਭੀ ਤੰਗ ਕਰ ਰਹੇ ਹੋ। ਤੱਤ ਗੁਣਾਂ ਅਤੇ ਗੁਣੀ ਅਕਾਲ ਪੁਰਖ ਦੀ ਸਰਬ ਵਿਆਪਕਤਾ ਅਭੇਦਤਾ ਸਰੂਪ ਹੈ ਜੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪ੍ਰਗਟੀਆਏ ਗੁਣਾਂ ਦੀ ਗੁਰਮਤਿ ਕਮਾਈ ਦੁਆਰਾ ਹੀ ਤੱਤ ਲਖਤਾ ਵਿਚ ਆਉਂਦੀ ਹੈ। ਐਵੇਂ ਫੋਕੇ ਗਿਆਨ ਫ਼ਲਸਫ਼ੇ ਦੁਆਰਾ ਇਸ ਭੇਦ ਦਾ ਨਿਰਣਾ ਹੋਣਾ ਅਤੀ ਅਸੰਭਵ ਹੈ।

**ਪ੍ਰਸ਼ਨ :** ਕੀ ਸਿਮ੍ਰਿਤ ਸ਼ਾਸਤ੍ਰ ਬੇਦ ਕਤੇਬ ਆਦਿਕ ਫੋਕਟ ਗਿਆਨ ਫ਼ਲਸਫ਼ੇ ਹੀ ਹਨ ? ਕੀ ਬੇਦ ਕਤੇਬ ਆਦਿਕ ਆਨਮਤ ਪੁਸਤਕ ਅਕਾਲ ਪੁਰਖ ਦੇ ਗੁਣਾਂ ਦੇ ਗਿਆਨ ਦਾ ਭੰਡਾਰ ਨਹੀਂ ?

**ਉੱਤਰ :** ਬਿਲਕੁਲ ਨਹੀਂ, ਪ੍ਰੋੜ੍ਹਤਾ ਲਈ ਬਚਿੱਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚੋਂ ਹੇਠ ਲਿਖੇ ਸ੍ਰੀ ਦਸਮੇਸ਼ ਮੁਖਵਾਕ ਪ੍ਰਮਾਣ ਵਜੋਂ ਦੇਣੇ ਕਾਫੀ ਹੋਣਗੇ :

**"ਤਬ ਜੇ ਜੇ ਰਿਖਰਾਜ ਬਨਾਏ ॥ ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥"**

"ਤਿਨ ਆਪਨ ਪੁਨ ਸਿੰਮ੍ਰਿਤ ਚਲਾਏ" ਵਾਲੀ ਪੰਗਤੀ ਦੱਸਦੀ ਹੈ ਕਿ ਸਿਮ੍ਰਿਤੀਆਂ ਆਦਿਕ ਪੁਸਤਕਾਂ ਰਿਸ਼ੀਆਂ ਦੀਆਂ ਆਪ ਬਣਾਈਆਂ ਤੇ ਆਪ ਚਲਾਈਆਂ (ਪ੍ਰਚੁਰ ਕੀਤੀਆਂ) ਹੋਈਆਂ ਹਨ, ਇਲਾਹੀ ਪੁਸਤਕਾਂ ਧੁਰੋਂ ਆਈ ਰੱਬੀ ਬਾਣੀ ਵਾਲੀਆਂ ਪੁਸਤਕਾਂ ਨਹੀਂ। ਤਾਂਹੀ ਤਾਂ ਸ੍ਰੀ ਦਸਮੇਸ਼ ਜੀ ਅਗਲੀਆਂ ਸਿਰੀ ਮੁਖਵਾਕ ਉਚਰੀਆਂ ਤੁਕਾਂ ਅੰਦਰ ਇਉਂ ਨਿਰੂਪਨ ਕਰਦੇ ਹਨ :

**ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ ॥**
**ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥**

ਏਹ ਸ੍ਰੀ ਮੁਖਵਾਕ ਸਾਫ਼ ਫੈਸਲਾ ਕਰਦੇ ਹਨ ਕਿ ਸਿਮ੍ਰਿਤੀਆਂ ਨਾਲ ਪਰਚਾ ਪਾਉਣ ਵਾਲੇ ਪਾਰਬ੍ਰਹਮ ਪ੍ਰਮੇਸ਼ਰ ਤੋਂ ਬੇ-ਮੁੱਖ ਹੋ ਜਾਂਦੇ ਹਨ। ਅਕਾਲ ਪੁਰਖ ਦੇ ਚਰਨਾਂ ਨਾਲ ਸੱਚੀ ਪ੍ਰੇਮ ਲਿਵ ਜੋੜਨ ਵਾਲੇ ਏਹਨਾਂ ਸਿਮ੍ਰਿਤੀਆਂ ਦੇ ਰਾਹ ਨਹੀਂ ਜਾਂਦੇ। ਜਾਣ ਤਾਂ, ਜੇ ਇਹਨਾਂ ਵਿਚ ਗੁਰ

ਗਿਆਨ ਪਦਾਰਥ ਨਾਮ ਹੋਵੇ। ਤਾਂਤੇ ਇਹ ਸਿਮ੍ਰਤੀਆਂ ਅਕਾਲ ਪੁਰਖ ਦੇ ਗੁਣਾਂ ਦੀਆਂ ਗਿਆਨ ਪ੍ਰਕਾਸ਼ਕ ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀਆਂ। ਬੇਦਾਂ ਦੀ ਬਾਬਤ ਸ੍ਰੀ ਦਸਮੇਸ਼ ਜੀ ਇਉਂ ਉਚਾਰਨ ਕਰਦੇ ਹਨ :

**ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥**
**ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥**

*(ਬਚਿਤ੍ਰ ਨਾਟਕ ਪਾ: ੧੦)*

ਏਹ ਸ੍ਰੀ ਦਸਮੇਸ਼ ਮੁਖਵਾਕ ਸਿੱਧ ਕਰਦੇ ਹਨ ਕਿ ਬੇਦ ਭੀ ਇਲਹਾਮੀ ਪੁਸਤਕ ਨਹੀਂ। ਚਾਰੇ ਹੀ ਬੇਦ ਬ੍ਰਹਮਾ ਦੇ ਬਣਾਏ ਹੋਏ ਹਨ ਅਤੇ ਲੋਕਾਚਾਰ ਕਰਮ ਇਸ ਬੇਦਾਚਾਰ ਤੋਂ ਹੀ ਚੱਲੇ ਹਨ। ਅਕਾਲ ਪੁਰਖ ਦੇ ਚਰਨਾਂ ਵਿਚ ਲਿਵਤਾਰ ਜੋੜਨ ਵਾਲੇ ਹਰਿ ਚਰਨਨ ਅਨੁਰਾਗੀ ਭਗਤ ਜਨ ਏਨ੍ਹਾਂ ਬੇਦਾਂ—ਗੁਰਮਤਿ ਬਿਵਰਜਤ ਵਿਦਿਆ—ਤੋਂ ਸਦਾ ਹੀ ਤਿਆਗੀ ਰਹੇ ਹਨ ਅਤੇ ਰਹਿਣਗੇ। ਬੇਦ ਅਤੇ ਕਤੇਬ (ਅੰਜੀਲ, ਤੌਰੇਤ, ਜ਼ਬੂਰ ਤੇ ਕੁਰਾਨ) ਮਤ ਦੇ ਤਿਆਗੀ ਜਨਾਂ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਫਤਵਾ ਹੈ :

**ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥**
**ਤਿਨ ਕੇ ਗੂੜ ਮੱਤ ਜੇ ਚਲਹੀ ॥ ਭਾਂਤਿ ਅਨੇਕ ਦੂਖਨ ਸੋ ਦਲਹੀ ॥**

*(ਬਚਿਤ੍ਰ ਨਾਟਕ ਪਾ: ੧੦)*

ਅਰਥਾਤ ਬੇਦ ਕਤੇਬੀ ਮਤ ਨੂੰ ਤਿਆਗ ਕੇ ਜੋ ਜਨ ਗੁਰਮਤਿ ਮਤਿ ਨੂੰ ਗ੍ਰਹਿਣ ਕਰਦੇ ਹਨ, ਤਿਨ੍ਹਾਂ ਦਾ ਹੀ ਪਾਰਬ੍ਰਹਮ ਪਰਮਾਤਮਾ ਨਾਲ ਪ੍ਰੇਮ ਪਰਚਾ ਪੈ ਸਕਦਾ ਹੈ। ਐਸੇ ਬੇਦ ਕਤੇਬ ਮਤਿ ਤਿਆਗੀ ਤੇ ਪਾਰਬ੍ਰਹਮ ਅਨੁਰਾਗੀ ਗੁਰਮੁਖ ਜਨਾਂ ਦੇ ਗੂੜ੍ਹ ਗੁਰਮਤਿ ਮਤਿ ਅਨੁਸਾਰ ਜੋ ਜਨ ਚਲਦੇ ਹਨ ਅਤੇ ਚਲਣਗੇ, ਉਨ੍ਹਾਂ ਦੇ ਅਨੇਕ ਪ੍ਰਕਾਰ ਦੇ ਦੁੱਖ ਦਾਲਦਰ ਦਲੇ ਮਲੇ ਜਾਣਗੇ ਅਰਥਾਤ ਦੂਰ ਹੋ ਜਾਣਗੇ। ਏਹਨਾਂ ਸ੍ਰੀ ਮੁਖਵਾਕਾਂ ਤੋਂ ਸਾਫ਼ ਸਿੱਧ ਹੋ ਗਿਆ ਕਿ ਆਨ ਮਤਾਂ ਦੀਆਂ ਪੁਸਤਕਾਂ ਅੰਦਰ ਪ੍ਰਤਿਪਾਦਨ ਕੀਤੇ ਗਿਆਨ ਫ਼ਲਸਫ਼ੇ ਸਭ ਫੋਕਟ ਹੀ ਹਨ। ਅਕਾਲ ਪੁਰਖ ਦੇ ਗਿਆਨ ਗੁਣਾਂ ਦਾ ਏਥੇ ਨਮੂਦ ਨਹੀਂ। ਏਹਨਾਂ ਪਿਛਲੀਆਂ ਗੁਰ ਪੰਗਤੀਆਂ ਤੋਂ ਇਹ ਭੀ ਸਿੱਧ ਹੋਇਆ ਕਿ ਅੰਜੀਲ, ਕੁਰਾਨ ਆਦਿ ਕਿਤਾਬਾਂ ਭੀ ਇਲਹਾਮੀ ਨਹੀਂ।

ਆਨ ਮਤਾਂ ਦੇ ਕਰਮ ਧਰਮ ਤੇ ਸਿਮ੍ਰਿਤਿ ਸ਼ਾਸਤ੍ਰਾਂ, ਬੇਦ ਕਤੇਬ ਆਦਿ ਧਰਮ ਪੁਸਤਕਾਂ ਦੇ ਪਠਨ ਪਾਠਨ ਸਭ ਨਿਸਫਲ ਹਨ, ਇਹਨਾਂ ਤੋਂ ਕਲਿਆਨ ਪ੍ਰਾਪਤ ਨਹੀਂ ਹੋ ਸਕਦੀ, ਇਸ ਪ੍ਰਥਾਇ ਹੇਠ ਲਿਖਿਆ ਗੁਰ ਵਾਕ ਇਸ ਤਰ੍ਹਾਂ ਨਿਰਣਾ ਕਰਦਾ ਹੈ :

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥**
**ਸੰਤਹੁ ਸਾਗਰੁ ਪਾਰਿ ਉਤਰੀਐ ॥**
**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥**
**ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥**
**ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥**
**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥**
**ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥**

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥**

*(ਸੂਹੀ ਮ: ੫, ਪੰਨਾ ੭੪੭)*

## ਵਿਆਖਿਆ :

ਆਨ ਮਤਾਂ ਦੇ ਪਰਚੁਰ ਕੀਤੇ ਹੋਏ ਜਿਤਨੇ ਭੀ ਅਨਮਤੀਆਂ ਦੇ ਕਰਮ ਧਰਮ ਹੈਨ, ਇਹ ਸਭ ਪਾਖੰਡ ਰੂਪ ਹਨ, ਏਹ ਫਲੀ ਭੂਤ ਨਹੀਂ ਹੋਣੇ ਪਾਉਣੇ, ਨਾ ਹੀ ਇਹ ਇਹਨਾਂ ਦੇ ਕਰਨ ਹਾਰੇ ਪ੍ਰਾਣੀਆਂ ਨੂੰ ਅੱਗੇ ਜਾ ਕੇ ਸਹਾਈ ਹੁੰਦੇ ਹਨ। ਇਹਨਾਂ ਨੂੰ ਤਾਂ ਉਰੇ ਉਰੇ ਹੀ ਜਮ ਜਾਗਾਤੀ ਲੁਟ ਲੈਂਦਾ ਹੈ। ਏਹਨਾਂ ਦਾ ਫਲ ਪ੍ਰਾਕਰਮ ਅੱਗੇ ਜਾਣਾ ਹੀ ਨਹੀਂ ਪਾਉਂਦਾ। ਜਮ ਜਾਗਾਤੀ ਤੋਂ ਏਹਨਾਂ ਦਾ ਛੁਟਕਾਰਾ ਹੋਣਾ ਹੀ ਨਹੀਂ ਪਾਉਂਦਾ। ਏਹਨਾਂ ਤੋਂ ਛੁਟਕਾਰਾ ਕਰਾਉਣਹਾਰਾ ਜੇ ਕੋਈ ਕਰਮ ਧਰਮ ਹੈ ਤਾਂ ਹਰਿ ਕੀਰਤਨ, ਗੁਰਬਾਣੀ ਦਾ ਨਿਰਬਾਣ ਕੀਰਤਨ ਗਾਵਣਾ ਹੀ ਹੈ ਜੋ ਸਿਰ ਕਰਮਨ ਕੇ ਸੱਚਾ ਕਰਮ ਤੇ ਸਿਰ ਧਰਮਨ ਕੇ ਸ੍ਰੇਸ਼ਟ ਧਰਮ ਹੈ। ਨਿਰਬਾਣ ਕੀਰਤਨ ਕਰਦਿਆਂ ਹੀ ਅਸਲ ਨਿਰਬਾਣ ਪਦ ਪ੍ਰਾਪਤ ਹੁੰਦਾ ਹੈ। ਕਰਤੇ ਪੁਰਖ ਦੇ ਨਿਰਬਾਣ ਕੀਰਤਨ, ਨਾਮ ਦੇ ਨਿਮਖ ਮਾਤਰ ਸਰਵਨ ਸਿਮਰਨ ਕੀਤਿਆਂ ਇਹਨਾਂ ਜਮ ਜਾਗਾਤੀਆਂ ਤੋਂ ਤੱਤ ਛਿਨ ਛੁਟ ਜਾਈਦਾ ਹੈ :

**ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥** *(ਰਾਮਕਲੀ ਵਾਰ ਮ: ੫, ਪੰਨਾ ੯੬੨)*

ਨਾਮ ਨੂੰ ਸੁਣਦੇ ਸਾਰ ਹੀ ਜਮ ਕੇ ਦੂਤ ਤੱਤ ਕਾਲ ਆਪੇ ਹੀ ਛੱਡ ਜਾਂਦੇ ਤੇ ਦੂਰ ਭੱਜ ਜਾਂਦੇ ਹਨ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**
**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥**

*(ਗਉੜੀ ਮ: ੫, ਪੰਨਾ ੨੫੬)*

ਐਸਾ ਪ੍ਰਤਾਪ ਹੈ, ਗੁਰਬਾਣੀ ਦੇ ਨਿਰਬਾਣ ਕੀਰਤਨ ਦਾ ਤੇ ਗੁਰਮਤਿ ਨਾਮ ਸਿਮਰਨ ਦਾ ਕਿ ਜਮ ਜਾਗਾਤੀਆਂ ਤੋਂ ਨਿਖਮ ਮਾਤਰ ਦੇ ਸਿਮਰਨ ਕੀਰਤਨ ਕਰਕੇ ਛੁਟਕਾਰਾ ਹੋ ਜਾਂਦਾ ਹੈ। ਹੋਰ ਜੋ ਨਿਰਬਾਣ ਕੀਰਤਨ ਸਿਮਰਨ ਦੇ ਅਪਾਰ ਅਮੋਘ ਫਲ ਪ੍ਰਾਪਤ ਹਨ, ਸੋ ਕੀਰਤਨ ਸਿਮਰਨ ਦੀ ਕਮਾਈ ਕਰਦਿਆਂ ਗੁਰਮਤਿ ਨਿਰਬਾਣ ਪਦ ਨੂੰ ਪ੍ਰਾਪਤ ਹੁੰਦਿਆਂ ਪਰਮਾਰਥਕਾਰ ਹੋਇ ਆਂਵਦੇ ਹਨ। ਭਵ ਸਾਗਰ ਤੋਂ ਪਾਰ ਉਤਰਨੇ ਨੂੰ ਕੇਵਲ ਇਹ ਨਿਰਬਾਣ ਕੀਰਤਨ, ਸਿਮਰਨ ਸਰਵਣ ਕਰਨਹਾਰੇ ਗੁਰਮੁਖ, ਸੰਤ, ਸਿੱਖ, ਸਾਧ ਜਨ ਹੀ ਸਮਰੱਥ ਹਨ। ਧੁਰ ਦਰਗਾਹੋਂ ਦਰਬਾਰੋਂ ਔਤਾਰੇ ਹੋਏ ਗੁਰੂ ਸੰਤ ਜਨਾਂ ਦਾ ਹੀ ਬਚਨ ਕਮਾਉਣ ਕਰਕੇ ਭਵਸਾਗਰ ਤੋਂ ਪਾਰ ਉਤਾਰਾ ਨਿਸਤਾਰਾ ਹੁੰਦਾ ਹੈ ਪਰ ਹੁੰਦਾ ਗੁਰ ਪ੍ਰਸਾਦਿ ਕਰਕੇ ਹੈ। ਅਰਥਾਤ ਧੁਰਾਂ ਤੋਂ ਆਂਦਾ ਗੁਰਾਂ ਦਾ ਪ੍ਰਸਾਦਿ ਗੁਰਮਤਿ ਨਾਮ ਭੁੰਚਨ, ਚੁੰਸਨ, ਸਿੰਚਨ ਕਮਾਵਨ ਕਰਕੇ ਹੀ। ਗੁਰ ਪ੍ਰਸਾਦਿ ਬਿਹੂਣ, ਗੁਰਮਤਿ ਮਾਰਗ, ਗੁਰਮਤਿ ਧਰਮ (ਏਕੋ ਸਚਾ ਧਰਮ) ਧਾਰਨ ਕੀਤੇ ਬਿਨਾਂ ਕਦੇ ਭੀ ਇਸ ਭਵਸਾਗਰੋਂ ਨਹੀਂ ਤਰ ਸਕੀਦਾ। ਆਨਮਤਾਂ ਦੇ ਕੋਟਾਨ ਕੋਟ ਤੀਰਥਾਂ ਦਾ ਮੱਜਨ ਇਸ਼ਨਾਨ ਕੀਤਿਆਂ ਇਸ ਕਲੀਕਾਲ ਵਿਖੇ ਨਿਸਤਾਰਾ ਨਹੀਂ ਹੁੰਦਾ। ਨਿਸਤਾਰਾ ਤਾਂ ਕੀ ਹੋਣਾ ਸੀ, ਸਗੋਂ

ਹੋਰ ਮੈਲ ਚੜ੍ਹ ਜਾਂਦੀ ਹੈ। ਹਉਮੈ ਹੰਕਾਰ ਦੀ ਦੁਰਮਤਿ ਮੈਲ ਨਾਲ ਹੋਰ ਭਰ ਜਾਈਦਾ ਹੈ। ਸਰਬ ਮੈਲਾਂ ਤੋਂ ਨਿਰਮਲ ਕਰਨਹਾਰੀ ਜੋ ਪਾਰਸ ਰਸਾਇਣ ਹੈ ਤਾਂ ਗੁਰੂ ਕੀ ਸਾਧ ਸੰਗਤਿ ਵਿਚ ਪਰਸਪਰ ਮਿਲ ਕੇ ਹਰਿ ਗੁਣ ਗਾਵਣਾ ਹੀ ਹੈ। ਗੁਰ ਸਾਧ ਸੰਗਿ ਸਮਾਗਮ ਵਿਚ ਹਰਿ ਗੁਣ ਗਾਵਣਹਾਰਿਆਂ ਨੂੰ ਗੁਰਬਾਣੀ ਦੇ ਕੀਰਤਨ ਦੀ ਪਾਰਸ ਕਲਾ ਤੱਤ ਛਿਨ ਹੀ ਨਿਰਮਲ ਕਰ ਦਿੰਦੀ ਹੈ। ਜੋ ਮੈਲ ਕਿ ਆਨਮਤਾਂ ਦੇ ਕੋਟ ਤੀਰਥ ਮੱਜਨ ਇਸ਼ਨਾਨ ਕੀਤਿਆਂ ਨਹੀਂ ਲਹਿੰਦੀ, ਉਹ ਗੁਰੂ ਕੀ ਸਾਧ ਸੰਗਤ ਦੁਆਰਾ ਹਰਿ ਗੁਣ ਗਾਵਨ ਕਰਿ ਸਹਿਜੇ ਹੀ ਲਹਿ ਜਾਂਦੀ ਹੈ। ਇਹ ਗੁਰਮਤਿ ਧਰਮ ਕਰਮ ਦੀ ਅਤਿ ਸ੍ਰੇਸ਼ਟ ਵਿਲੱਖਣਤਾ ਹੈ। ਬੇਦ, ਕਤੇਬ਼, ਸਿਮ੍ਰਿਤੀਆਂ ਤੇ ਸ਼ਾਸਤਰ ਜਿਤਨੀਆਂ ਭੀ ਆਨਮਤਾਂ ਦੀਆਂ ਧਰਮ ਪੁਸਤਕਾਂ ਹਨ, ਏਹਨਾਂ ਦੇ ਪੜ੍ਹਿਆਂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਘਰ ਦੀ ਦੀਖਿਆ ਦੇ ਇੱਕੋ ਅੱਖਰ[੧] (ਭਾਵ ਗੁਰਮਤਿ ਗੁਰਮੰਤ੍ਰ) ਦਾ ਜਾਪ ਕੀਤਿਆਂ ਹੀ ਜਪਣਹਾਰੇ ਗੁਰਮੁਖ ਜਨ ਦੀ ਅਤਿ ਅਪਾਰ ਨਿਰਮਲ ਸੋਭਾ ਸਦ ਗਤੀ ਹੋ ਜਾਂਦੀ ਹੈ।

ਇਸ ਗੁਰਮਤਿ ਦੀਖਿਆ ਦੇ ਅਧਿਕਾਰੀ ਸਭਨਾਂ ਹੀ ਬਰਨਾਂ, ਜਾਤਾਂ, ਆਸ਼ਰਮਾਂ ਦੇ ਇਸਤਰੀ ਪੁਰਸ਼ ਹਨ। ਕੀ ਬ੍ਰਾਹਮਣ, ਕੀ ਸੂਦ ਤੇ ਕੀ ਵੈਸ, ਸਭੇ ਹੀ ਗੁਰ ਦੀਖਿਆ ਦੇ ਸਾਂਝੀਵਾਲ ਹਨ। ਇਸ ਗੁਰ-ਦੀਖਯਤ ਗੁਰਮੁਖ ਨਾਮ ਨੂੰ ਜੋ ਜਪੇਗਾ, ਸੋ ਉਧਰੇਗਾ। ਇਸ ਕਲੀਕਾਲ ਵਿਖੇ ਗੁਰ-ਦੀਖਯਤ ਨਾਮ ਦੇ ਜਪਣ ਦੀ ਇਹ ਵਡਿਆਈ ਹੈ ਕਿ ਗੁਰਮਤਿ ਨਾਮ ਅਭਿਆਸ ਦੀ ਪਾਰਸ ਕਮਾਈ ਦੇ ਪ੍ਰਭਾਵ ਕਰਕੇ ਗੁਰਮੁਖ ਜਨਾਂ ਦੇ ਅੰਦਰ ਹੀ ਨਾਮੀ ਅਕਾਲ ਪੁਰਖ ਪ੍ਰਗਟ ਹੋ ਜਾਂਦਾ ਹੈ।

ਸੋ 'ਧੁਰ ਕੀ ਬਾਣੀ' ਤਾਂ ਕੇਵਲ ਗੁਰਬਾਣੀ ਹੀ ਹੈ। ਅਕਾਲ ਪੁਰਖ ਗੁਰ ਗਿਆਨ ਜੋਤਿ ਪ੍ਰਕਾਸ਼ਤ ਬਾਣੀ ਹੈ ਤਾਂ ਕੇਵਲ ਗੁਰਬਾਣੀ ਹੈ। ਅਕਾਲ ਪੁਰਖ ਦੇ ਤੱਤ ਜੋਤਿ ਗਿਆਨ ਦੇ ਪ੍ਰਕਾਸ਼ ਕਰਨਹਾਰੀ ਹੋਣ ਕਰ ਕੇਵਲ ਗੁਰਬਾਣੀ ਹੀ ਗੁਰੂ ਪਦ ਨਾਲ ਸੁਸ਼ੋਭਤ ਹੈ ਅਤੇ ਏਸੇ ਗੁਰ ਗਿਆਨ ਜੋਤਿ ਪ੍ਰਕਾਸ਼ਕ ਗੁਰਬਾਣੀ ਦੇ ਬੋਹਿਥ ਹੋਣ ਕਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਸ੍ਰੀ ਗੁਰੂ ਗ੍ਰੰਥ

---

੧. ਗੁਰਬਾਣੀ ਵਿਚ ਜਿਥੇ 'ਇਕ ਅੱਖਰ', 'ਦੁਇ ਅੱਖਰ', 'ਦੁਇ ਨਾਵਾ' ਦੇ ਜਪਣ ਦਾ ਇਸ਼ਾਰਾ ਹੈ, ਇਹ ਮੁਹਾਵਰੇ ਦੇ ਤੌਰ ਪਰ ਗੁਰਮਤਿ ਗੁਰਮੰਤਰ ਲਈ ਹੈ। 'ਰਾਮ' ਨਾਮ ਕ੍ਰਿਤਮ ਨਾਵਾਂ ਸਬੰਧੀ ਨਹੀਂ, ਜੈਸਾ ਕਿ ਟੀਕਾਕਾਰਾਂ ਨੇ ਲਿਖਿਆ ਹੈ। 'ਏਕੁ ਅਖਰੁ ਜੋ ਗੁਰਮੁਖਿ ਜਾਪੈ' ਤੋਂ ਭਾਵ ਸਤਿਨਾਮ ਗੁਰਮੰਤਰ ਦੇ ਜਪਣ ਦਾ ਹੈ। ਇਸੇ ਤਰ੍ਹਾਂ ਦੇ ਹੋਰ ਪਰਮਾਣ ਭੀ ਹਨ, ਜਿਹਾ ਕਿ :

ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥੩॥੩੩॥

*(ਗਉੜੀ ਕਬੀਰ ਜੀ, ਪੰਨਾ ੩੨੯)*

ਕਬੀਰ ਜੀ ਫ਼ੁਰਮਾਉਂਦੇ ਹਨ ਕਿ ਤੂੰ ਗੁਰਮੰਤਰ ਜਪੀ ਚੱਲ, ਹੋਰ ਵਿਸਵਸਿਆਂ ਵਿਚ ਨਾ ਪਉ, ਜੇ ਮਾਲਕ ਹੈ ਤਾਂ ਆਪੇ ਬਹੁੜ ਕੇ ਰੱਖਿਆ ਕਰੇਗਾ।

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥

*(ਮ: ੧ ਬਸੰਤੁ ਹਿੰਡੋਲ, ਪੰਨਾ ੧੧੭੧)*

ਜੇ ਤੂੰ ਦੁਇ ਅੱਖਰਾਂ ਵਾਲੇ ਦੁਇ ਨਾਵੇਂ (ਗੁਰਮਤਿ ਗੁਰਮੰਤ੍ਰ) ਪੜ੍ਹਿਆ ਹੈਂ, ਤਾਂ ਤੂੰ ਪੰਡਿਤ ਤੇ ਸਿਆਣਾ ਹੈਂ। ਕਹਿੰਦੇ ਹਨ ਗੁਰੂ ਨਾਨਕ ਸਾਹਿਬ, ਜੇਕਰ ਸੱਚ ਵਿਚ ਸਮਾਉਣਾ ਹੈ ਤਾਂ ਸੱਚ ਵਿਚ ਸਮਾਉਣ ਅਤੇ ਭਵ-ਸਾਗਰ ਤੋਂ ਪਾਰ ਲੰਘਾਉਣ ਲਈ ਇਕੋ ਗੁਰਮਤਿ ਗੁਰਮੰਤਰ ਹੀ ਸਮਰੱਥ ਹੈ।

ਸਾਹਿਬ ਜੀ ਦੀ ਬਾਣੀ ਨੂੰ ਗੁਰੂ ਪਦ ਪ੍ਰਾਪਤ ਹੈ। ਏਸੇ ਗੁਰਬਾਣੀ ਰੂਪੀ ਗੁਰੂ-ਮਤਿ ਗੁਣਾਂ ਦੇ ਗੁਰ ਗਿਆਨ ਧਿਆਨ ਨੂੰ ਅੰਮ੍ਰਿਤ ਭਰਪੁਰਿੰਨੀ ਪਾਰਸ ਕਲਾ ਪ੍ਰਾਪਤ ਹੈ। ਯਥਾ ਗੁਰਵਾਕ :

**ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥**
**ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥**
**ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥**
**ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥**
**ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥**
**ਗੁਰੁ ਮਿਲ੍ਯ੍ਯਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥**

*(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫)*

## ਵਿਆਖਿਆ :

ਗੁਰੂ ਕੀ ਬਾਣੀ ਬਾਣੀਆਂ ਸਿਰ ਬਾਣੀ ਹੈ। ਧੁਰੋਂ ਆਈ ਤੱਤ ਵਖਾਣੀ ਅੰਮ੍ਰਿਤ ਬਾਣੀ ਗੁਰ ਗਿਆਨ ਗੁਰ ਧਿਆਨ ਵਿਚ ਆਈ ਅੰਮ੍ਰਿਤ ਬਾਣੀ ਹੈ। ਵਾਸਤਵ ਵਿਚ ਇਹੋ ਗੁਰ ਗਿਆਨ ਧੁਰ ਧਿਆਨ ਹੈ। ਇਹੋ ਧੁਰ ਗੁਰ ਗਿਆਨ ਗੁਰ ਧਿਆਨ ਹੀ ਗੁਰਮਤਿ ਨਾਮ ਰੂਪੀ ਬੀਜ ਮੰਤਰ ਵਿਚ ਅਵਤਰ ਕੇ ਸਮਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰੂ ਜਾਮੇ ਅੰਦਰ ਪ੍ਰਵੇਸ਼ ਹੈ। ਇਹੀ ਅੰਮ੍ਰਿਤ ਨਾਮ ਤੱਤ ਬਾਣੀ ਮਈ ਗੁਰ ਗਿਆਨ ਅਰ ਧਿਆਨ ਤੱਤ ਸਿਉਂ ਤੱਤ ਮਿਲਾਉਣ ਨੂੰ ਸਮਰੱਥ ਹੈ।

ਆਤਮ ਮਈ ਪ੍ਰਮਾਤਮ-ਅੰਸੀ ਤੱਤ ਨੂੰ ਪ੍ਰਮਾਤਮ ਤੱਤ ਵਿਚ ਇਕ-ਮਿਕ ਕਰਕੇ ਮਿਲਾਵਨਹਾਰੀ ਜੋਤੀ ਜੋਤਿ ਸਮਾਵਨ ਹਾਰੀ ਹੈ। ਇਸ ਗੁਰ ਗਿਆਨ ਰੂਪੀ ਤੱਤ ਅੰਮ੍ਰਿਤ ਗੁਣਾਂ-ਮਈ ਸੱਚ ਪਦਾਰਥ ਦੁਆਰਾ ਉਸ ਸਤਿ ਪੁਰਖ ਸੱਚੇ ਅਕਾਲ ਪੁਰਖ ਨੂੰ ਜਾਂਣੀਦਾ ਅੰਤਰ ਆਤਮੇ ਪਛਾਣੀਦਾ ਹੈ। ਅਤੇ ਇਸ ਸੱਚੇ ਧਿਆਨ ਦੁਆਰਾ ਹੀ ਅਖੰਡਾਕਾਰ ਲਿਵਤਾਰ ਸਾਖ਼ਸ਼ਾਤਕਾਰ ਗਿਆਨ ਪ੍ਰਾਪਤ ਕਰਕੇ ਬੱਝਦੀ ਹੈ।

ਗੁਣੀ ਵਾਹਿਗੁਰੂ ਦਾ ਗੁਰ ਪ੍ਰਗਟਾਇਆ ਗੁਣ ਗਿਆਨ ਧਿਆਨ ਹੀ ਕਾਮ ਕ੍ਰੋਧ ਨੂੰ ਵੱਸ ਕਰਦਾ ਹੈ ਅਤੇ ਏਸੇ ਗੁਰ ਪ੍ਰਗਟਾਏ ਗੁਣ ਗਿਆਨ ਗੁਣ ਧਿਆਨ ਦੁਆਰਾ ਹੀ ਸੁਆਸ ਅਭਿਆਸੀ ਪਵਨ ਨਾਭੀ ਅੰਦਰ ਰਸ-ਜੋਤ-ਅੰਮ੍ਰਿਤ ਧਾਰ ਹੋ ਕੇ ਅਸਥਿਤ ਰਹਿੰਦੀ ਹੈ। ਜਿਸ ਕਰਕੇ ਉਡ-ਉਡ ਦਹਿਦਿਸ ਧਾਵਨਹਾਰਾ ਮਨੂਆ ਭੀ ਬਿਸਰਾਮ ਕਰਕੇ ਬੈਠ ਜਾਂਦਾ ਹੈ ਤੇ ਅਭਿਆਸੀ ਜਨ ਦਾ ਵਾਸਾ ਨਿਰੰਕਾਰ ਦੇ ਦੇਸ ਵਿਚ ਇਸ ਦੇਹ ਆਕਾਰ ਦੇ ਹੁੰਦਿਆਂ ਹੀ ਹੋ ਜਾਂਦਾ ਹੈ।

ਐਸਾ ਅਪ੍ਰੋਖਛ ਗਿਆਨ ਬੀਚਾਰੁ ਬਿਬੇਕ ਵਾਲਾ ਜੋਤੀ ਜੋਤਿ-ਰਸ-ਤੇਜਸਵੀ ਸਾਖ਼ਸ਼ਾਤਕਾਰ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਹੁਕਮ ਬੁੱਝ ਕੇ ਹੀ ਹਾਸਲ ਹੁੰਦਾ ਹੈ। ਇਸ ਕਲਿਜੁਗ ਵਿਖੇ ਗੁਰੂ ਨੂੰ ਸੋਈ ਮਿਲਦਾ ਹੈ ਅਤੇ ਸੋਈ ਗੁਰੂ ਨੂੰ ਜੋਤੀ ਸਰੂਪ ਅਕਾਲ ਪੁਰਖ ਕਰਕੇ ਜਾਣਦਾ ਹੈ, ਜਿਸ ਨੇ ਕੁਝ ਕਰਕੇ (ਗੁਰਮਤਿ-ਨਾਮ-ਅਭਿਆਸ ਨੂੰ ਕਮਾ ਕੇ) ਦੇਖਿਆ ਹੈ, ਉਸੇ ਨੂੰ ਅਕਾਲ ਪੁਰਖ ਨੇ ਸਹਜ ਰੰਗਾਂ ਵਿਚ ਦਰਸ਼ਨ ਦਿੱਤਾ ਹੈ।

* * *

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

੧. ਅਣਡਿੱਠੀ ਦੁਨੀਆ
੨. ਅਨਹਦ ਸ਼ਬਦ ਦਸਮ ਦੁਆਰ
੩. ਸੰਤ ਪਦ ਨਿਰਣੇ
੪. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ ?
੫. ਕਥਾ ਕੀਰਤਨ
੬. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
੭. ਗੁਰਮਤਿ ਗੌਰਵਤਾ
੮. ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ
੯. ਗੁਰਮਤਿ ਪ੍ਰਕਾਸ਼
੧੦. ਗੁਰਮਤਿ ਨਾਮ ਅਭਿਆਸ ਕਮਾਈ
੧੧. ਗੁਰਮਤਿ ਬਿਬੇਕ
੧੨. ਗੁਰਮਤਿ ਸਚ ਨਿਰਣੇ
੧੩. ਗੁਰਮਤਿ ਲੇਖ
੧੪. ਚਰਨ ਕਮਲ ਕੀ ਮਉਜ
੧੫. ਗੁਰਮਤਿ ਵਿਚਾਰ
੧੬. ਜੋਤਿ ਵਿਗਾਸ (ਮਹਾਂ ਕਾਵਿ)
੧੭. ਜੇਲ੍ਹ ਚਿੱਠੀਆਂ
੧੮. ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣੇ
੧੯. ਦਰਸ਼ਨ ਝਲਕਾਂ (ਕਾਵਿ)
੨੦. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ
੨੧. ਰੰਗਲੇ ਸੱਜਣ
੨੨. Autobiography of Bhai Sahib Randhir Singh (ਜੇਲ੍ਹ ਚਿੱਠੀਆਂ ਦਾ ਅੰਗ੍ਰੇਜ਼ੀ ਅਨੁਵਾਦ)

## ਟ੍ਰੈਕਟ

੧. ਉਮਰ ਕੈਦੀ ਦਾ ਸੁਪਨਾ
੨. ਆਸਤਕ ਤੇ ਨਾਸਤਕ
੩. ਅੰਮ੍ਰਿਤ ਕੀ ਹੈ ?
੪. ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ
੫. ਅੰਮ੍ਰਿਤ ਕਲਾ
੬. ਸਿੱਖੀ ਸਿਦਕ ਤੇ ਧਰਮ ਰਖਿਆ (ਕਵਿਤਾ)
੭. ਸਿੱਖ ਕੌਣ ਹੈ ?
੮. ਸਿੰਘਾਂ ਦਾ ਪੰਥ ਨਿਰਾਲਾ
੯. ਸ਼ੰਕਿਆਂ ਦੇ ਉੱਤਰ
੧੦. ਸੱਚੀਆਂ ਦਾੜ੍ਹੀਆਂ
੧੧. ਸਚਖੰਡ ਦਰਸ਼ਨ
੧੨. ਹਉਮੈ ਨਾਵੈ ਨਾਲਿ ਵਿਰੋਧੁ ਹੈ
੧੩. ਗੁਰਮਤਿ ਰਮਜ਼ਾਂ
੧੪. ਕੋ ਵਿਰਲਾ ਗੁਰਮਤਿ ਚਲੈ ਜੀਓ
੧੫. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ
੧੬. ਤਿਮਰ ਅਗਿਆਨ ਤੋਂ ਉਜਿਆਰਾ
੧੭. ਨਾਮ ਸਬੰਧੀ ਵਿਚਾਰ
੧੮. ਨਿ: ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ
੧੯. ਵਾਹਿਗੁਰੂ ਸਿਮਰਨ
੨੦. ਬਾਬਾ ਵੈਦ ਰੋਗੀਆਂ ਦਾ


www.sikhbookclub.com